ਸੰਪਾਦਕੀ

ਪਿਆਰੇ ਆਤਮ ਮਾਰਗ ਦੇ ਪਾਂਧੀਓ! ਤੁਹਾਡਾ ਸਭ ਦਾ ਧਿਆਨ ਇਸ ਸਮੇਂ ਰਤਵਾੜਾ ਸਾਹਿਬ ਵਿਖੇ ਹੋ ਰਹੇ 10ਵੇਂ ਮਹਾਨ ਗੁਰਮਤਿ ਸਮਾਗਮ ਵਲ ਕੇਂਦਰਤ ਹੈ, ਜਿਵੇਂ ਇਥੇ ਰਤਵਾੜਾ ਸਾਹਿਬ ਵਿਖੇ 12 ਅਗਸਤ ਨੂੰ ਇਸ ਸਬੰਧ ਵਿਚ ਹੋਈ ਮੀਟਿੰਗ ਦੀ ਕਾਰਵਾਈ ਤੋਂ ਪ੍ਰਗਟ ਸੀ, ਸੰਗਤਾਂ ਅੰਦਰ ਉਤਸ਼ਾਹ ਦੇ ਸਮੁੰਦਰ ਠਾਠਾਂ ਮਾਰ ਰਹੇ ਹਨ। ਦੂਰ ਦੂਰ ਤੋਂ ਪ੍ਰੇਮੀਆਂ ਨੇ ਇਸ ਮੀਟਿੰਗ ਵਿਚ ਹਾਜ਼ਰੀ ਭਰੀ ਅਤੇ ਇਕ ਤੋਂ ਇਕ ਵੱਧ ਕੇ ਸੇਵਾ ਲੈਣ ਲਈ ਉਤਸੁਕ ਹੋ ਰਹੇ ਸੀ। ਜੇ ਪ੍ਰਸ਼ਾਦੇ ਬਣਾਉਣ ਲਈ ਲੋਹਾਂ ਦੀ ਵੰਡ ਹੋਈ ਤਾਂ 2 ਮਿੰਟਾਂ ਵਿਚ 40 ਲੋਹਾਂ ਦੀ ਸੇਵਾ ਪ੍ਰਵਾਨ ਚੜ੍ਹ ਗਈ। ਪੰਡਾਲ, ਰਿਹਾਇਸ਼, ਲੰਗਰ, ਸੰਚਾਰ, ਡਾਕਟਰੀ ਸੇਵਾ, ਗੱਲ ਕੀ ਹਰ ਪੱਖ ਵਿਚ ਸੇਵਾ-ਨਿਪੁੰਨ ਪ੍ਰੇਮੀਆਂ ਨੇ ਵੱਧ ਚੜ੍ਹ ਕੇ ਉਤਸ਼ਾਹ ਵਿਖਾਇਆ। ਪਿਛਲੇ ਸਾਲ ਨੌਵਾਂ ਗੁਰਮਤਿ ਸਮਾਗਮ ਨਾ ਹੋਣ ਕਾਰਨ ਇਸ ਵਾਰੀ ਜਿਵੇਂ ਪਿਛਲਾ ਬਕਾਇਆ ਵੀ ਪੂਰਾ ਕਰਨਾ ਹੋਵੇ। ਮਹਾਂਪੁਰਸ਼ਾਂ ਨੇ ਦੱਸਿਆ ਕਿ ਹਰ ਪਾਸੇ ਤੋਂ ਦੇਸ਼ਾਂ ਵਿਦੇਸ਼ਾਂ ਤੋਂ ਪ੍ਰੇਮੀਆਂ ਦੇ ਸੁਨੇਹੜੇ ਆ ਰਹੇ ਹਨ। ਸੰਗਤ ਦੇ ਭਰਪੂਰ ਸੁਆਗਤ ਦੇ ਪ੍ਰਬੰਧਾਂ ਦਾ ਲੇਖਾ ਜੋਖਾ ਕੀਤਾ ਗਿਆ।

ਥੋੜ੍ਹੀ ਵਿਚਾਰਨ ਵਾਲੀ ਗੱਲ ਹੈ ਕਿ ਲੱਖਾਂ ਦੀ ਗਿਣਤੀ ਵਿਚ ਦੂਰ ਦੂਰ ਤੋਂ ਸੰਗਤਾਂ, ਐਨਾ ਪੈਂਡਾ ਤਹਿ ਕਰਕੇ, ਇਸ ਗੁਰਮਤਿ ਸਮਾਗਮ ਵਿਚ ਸ਼ਾਮਲ ਹੋਣ ਲਈ ਕਿਉਂ ਉਤਸ਼ਾਹਤ ਹੁੰਦੀਆਂ ਹਨ? ਇਸ ਦਾ ਇਕ ਕਾਰਨ ਇਹ ਜਾਪਦਾ ਹੈ ਕਿ ਇਹ ਸੰਗਤਾਂ ਕਾਫੀ ਅਰਸੇ ਤੋਂ ਆਤਮ ਮਾਰਗ ਨਾਲ ਜੁੜੀਆਂ ਹੋਈਆਂ ਹਨ, ਮਹਾਂਪੁਰਸ਼ਾਂ ਨੇ ਆਪਣੀਆਂ ਅਨੁਭਵੀ ਲਿਖਤਾਂ ਰਾਹੀਂ ਉਨ੍ਹਾਂ ਨੂੰ ਸੋਝੀ ਪ੍ਰਦਾਨ ਕੀਤੀ ਹੈ ਕਿ ***'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮੁ' (ਪੰਨਾ - 12)*** ਉਨ੍ਹਾਂ ਅੰਦਰ ਨਾਮ ਨਾਲ ਜੁੜਨ ਦੀ ਪ੍ਰੀਤ ਪੈਦਾ ਹੋ ਚੁੱਕੀ ਹੈ, ਉਹ ਨਾਮ ਦਾ ਰਸ ਮਾਣਨ ਲਈ ਬਿਹਬਲ ਹਨ, ਉਨ੍ਹਾਂ ਨੂੰ ਗੁਰਬਾਣੀ ਦੇ ਨੋਕੀਲੇ ਪ੍ਰੇਮ-ਤੀਰ ਵਿਨ੍ਹਦੇ ਹਨ ਕਿ ਜਿਥੇ ਸਾਧੂ ਸੰਤ ਨਾਮ ਅਭਿਆਸੀ ਸਤਿਸੰਗ ਕਰ ਰਹੇ ਹੋਣ, ਉਥੇ ਪੁੱਜ, ਤੇਰੇ ਅੰਦਰ ਵੀ ਨਾਮ ਦੀ ਰੌ ਚਲ ਪਏਗੀ। ਉਨ੍ਹਾਂ ਨੂੰ ਸਹੀ ਵਿਸ਼ਵਾਸ਼ ਹੈ ਕਿ ਇਸ ਮਹਾਨ ਗੁਰਮਤਿ ਸਮਾਗਮ ਵਿਚ ਸਾਹਿਬ ਚਿੱਤ ਆਉਂਦਾ ਹੈ, ***'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ' (ਪੰਨਾ - 520)*** ਅਤੇ ਮਨ ਦੀ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ, ***'ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ' (ਪੰਨਾ - 520)*** ਜਨਮ ਮਰਣ ਦਾ ਡਰ ਦੂਰ ਹੋ ਜਾਂਦਾ ਹੈ ਅਤੇ ਜੀਵਨ ਦੇ ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ -

ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥
ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ॥
ਪੰਨਾ - 520

ਉਨ੍ਹਾਂ ਨੂੰ ਗਿਆਨ ਹੈ ਕਿ ਐਸਾ ਦੁਰਲਭ ਸਤਿਸੰਗ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਉੱਚੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ -

ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥
ਪੰਨਾ - 520

ਫੇਰ ਅਜਿਹੀ ਉਚੀ ਸਿਮ੍ਰਿਤੀ ਬਖਸ਼ਿਸ਼ ਕਰਨ ਵਾਲੇ ਐਸੇ ਸਤਿਸੰਗ ਵਿਚ ਸੋਝੀਵਾਨ ਗੁਰੂ ਪਿਆਰੇ ਕਿਉਂ ਨਾ ਵਹੀਰਾਂ ਘੱਤ ਕੇ ਸ਼ਾਮਲ ਹੋਣ, ਜਿਥੇ ਅਕਥ ਦੀ ਕਥਾ ਹੋਣੀ ਹੈ, ਜਿਥੇ ਬਿਖਮ ਭਵਜਲ ਤਰਨ ਦਾ ਮਾਰਗ ਦਰਸ਼ਨ ਹੋਣਾ ਹੈ, ਜਿਥੇ ***'ਹਰਿ ਰਸੁ ਰਸਨਾ ਰਾਮ ਗੁਨ ਗਾਇ'*** ਦਾ ਅਭਿਆਸ ਹੋਣਾ ਹੈ, ਉਸ ਦੁਰਲੱਭ ਸਾਧਸੰਗ ਵਿਚ ਹਰੇਕ ਗੁਰਸਿੱਖ, ਹਰੇਕ ਮਨੁੱਖ, ਹਰੇਕ ਪ੍ਰਾਣੀ ਸ਼ਾਮਲ ਹੋਣਾ ਆਪਣਾ ਸੁਭਾਗ ਸਮਝਦਾ ਹੈ। ਐਸੀ ਸਤਸੰਗਤਿ ਸਬੰਧੀ ਹੀ ਗੁਰੂ ਮਹਾਰਾਜ ਦਾ ਫੁਰਮਾਨ ਹੈ -

ਨਿਰਗੁਣ ਕਥਾ ਕਥਾ ਹੈ ਹਰਿ ਕੀ॥
ਭਜੁ ਮਿਲਿ ਸਾਧੂ ਸੰਗਤਿ ਜਨ ਕੀ॥
ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ॥
ਗੋਬਿੰਦ! ਸਤਸੰਗਤਿ ਮੇਲਾਇ॥
ਹਰਿ ਰਸੁ ਰਸਨਾ ਰਾਮ ਗੁਨ ਗਾਇ॥
ਜੋ ਜਨ ਧਿਆਵਹਿ ਹਰਿ ਹਰਿ ਨਾਮਾ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥
ਜਨ ਕੀ ਸੇਵਾ ਊਤਮ ਕਾਮਾ॥
ਜੋ ਹਰਿ ਕੀ ਹਰਿ ਕਥਾ ਸੁਣਾਵੈ॥
ਸੋ ਜਨੁ ਹਮਰੈ ਮਨਿ ਚਿਤਿ ਭਾਵੈ॥
ਜਨ ਪਗ ਰੇਣੁ ਵਡਭਾਗੀ ਪਾਵੈ॥
ਸੰਤ ਜਨਾ ਸਿਉ ਪ੍ਰੀਤ ਬਨਿ ਆਈ॥
ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ॥
ਤੇ ਜਨ ਨਾਨਕ ਨਾਮਿ ਸਮਾਈ॥ ***ਪੰਨਾ - 164***

ਸੋਨੇ ਤੇ ਸੋਹਾਗਾ ਇਹ ਕਿ ਮਹਾਂਪੁਰਸ਼ਾਂ ਨੇ ਸਤਿਸੰਗੀਆਂ ਦੀ ਅੰਤਰ-ਪੀੜਾ ਨੂੰ ਮਹਿਸੂਸ ਕਰਦਿਆਂ ਪ੍ਰਭੂ ਪਿਆਰ ਨੂੰ ਹੀ ਇਸ ਸਮਾਗਮ ਦੀ ਪ੍ਰਧਾਨ ਸੁਰ ਨਿਸ਼ਚਿਤ ਕੀਤਾ ਹੈ। ***'ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ'*** ਨੂੰ ਸਨਮੁਖ ਰਖਦਿਆਂ ਹੀ ਸਾਰੇ ਵਿਖਿਆਨ ਹੋਣੇ ਹਨ; ਇਹ ਦਰਸਾਇਆ ਜਾਏਗਾ ਕਿ ਮਨੁ ਵਿਚ ਕਿਵੇਂ ਪ੍ਰਭੂ ਪਿਆਰ ਦੀਆਂ ਤਰੰਗਾਂ ਉਠਦੀਆਂ ਹਨ, ਜਿਨ੍ਹਾਂ ਵਿਚ ਭਿੱਜ ਕੇ ਪ੍ਰਭੂ ਨਾਮ ਗਾਇਨ ਕਰਨ ਤੇ ਸੁਣਨ ਨਾਲ ਸਾਰੇ ਦੁਖ ਨਸ਼ਟ ਹੋ ਜਾਂਦੇ ਹਨ ਅਤੇ ਅੰਤਰ-ਆਤਮੇ ਸੁਖਾਂ ਦਾ ਨਿਵਾਸ ਹੋ ਜਾਂਦਾ ਹੈ।

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ***ਪੰਨਾ - 2***

ਐਸੇ ਪ੍ਰਵਚਨ ਹੋਣਗੇ ਕਿ ਕਿਵੇਂ ਪ੍ਰਭੂ ਪਿਆਰ ਰੂਪ ਹੋ ਕੇ ਸਭ ਦਿਸ਼ਾਵਾਂ ਵਿਚ ਪਰੀਪੂਰਨ ਹੋ ਰਿਹਾ ਹੈ -

ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥
ਜਾਪੁ ਸਾਹਿਬ

ਐਸੇ ਐਸੇ ਸਾਧੂ, ਸੰਤ, ਮਹਾਤਮਾ ਇਸ ਸਮਾਗਮ ਦੀ ਸ਼ੋਭਾ ਹੋਣਗੇ ਜੋ ਪ੍ਰਭੂ ਪਿਆਰ ਭਿੰਨੇ ਗੁਰਬਾਣੀ ਦੇ ਅਣਿਆਲੇ ਤੀਰਾਂ ਨਾਲ ਸੰਗਤਾਂ ਦੀ ਪਿਰਮ-ਪੀੜਾ ਨੂੰ ਵਿਨ੍ਹਦੇ ਫਰਸ਼ੀ ਦੁਨੀਆਂ ਵਿਚ ਵਸਦਿਆਂ ਨੂੰ ਅਰਸ਼ੀ ਦੁਨੀਆਂ ਦੀ ਝਲਕ ਬਖਸ਼ਣ ਦੇ ਸਮਰੱਥ ਹੋਣਗੇ -

(ਬਾਕੀ ਪੰਨਾ 17 ਤੇ)

ਮਨ ਬੈਰਾਗੀ ਹੋਇ ਅਤੀਤਾ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 40)

ਸੋ ਇਸੇ ਤਰ੍ਹਾਂ ਧ੍ਰੂ ਦੀ ਮਾਤਾ ਦੀ ਛੋਟੀ ਭੈਣ ਨੇ ਚੁਗਲੀਆਂ ਕਰ ਕਰ ਕੇ ਵੱਡੀ ਭੈਣ ਨੂੰ ਘਰੋਂ, ਮਹਿਲਾਂ ਚੋਂ ਕਢਵਾ ਦਿਤਾ ਤੇ ਜੰਗਲ ਵਿਚ ਭੇਜ ਦਿਤਾ। ਰਾਜਾ ਭੁਲ ਗਿਆ। ਜੋਤਸ਼ੀਆਂ ਤੋਂ ਅਖਵਾ ਦਿਤਾ ਕਿ ਜੇ ਇਹ ਘਰ ਵਿਚ ਰਹੀ ਤਾਂ ਰਾਜ ਭਾਗ ਵੀ ਨਸ਼ਟ ਹੋ ਜਾਵੇਗਾ। ਉਸ ਨੇ ਜੰਗਲ ਵਿਚ ਜਾ ਕੇ ਰਹਿਣਾ ਸ਼ੁਰੂ ਕਰ ਦਿਤਾ। ਉਥੇ ਜਾ ਕੇ ਪੁੱਤਰ ਪੈਦਾ ਹੋਇਆ ਤੇ ਇਹ ਪੰਜ ਸਾਲ ਦਾ ਹੋ ਗਿਆ। ਇਕ ਵਾਰੀ ਬੱਚਿਆਂ ਦੇ ਨਾਲ ਇਹ ਰਾਜ ਭਵਨ ਵਿਚ ਆ ਗਿਆ, ਰਾਜ ਮਹਿਲਾਂ ਵਿਚ ਆ ਗਿਆ। ਰਾਜੇ ਨੇ ਦੇਖਿਆ ਕਿ ਰਿਸ਼ੀ ਬਾਲਕ ਆਏ ਹਨ ਤੇ ਸਾਰਿਆਂ ਨੂੰ ਪਾਸ ਬੁਲਾ ਲਿਆ ਤੇ ਚੋਬਦਾਰ ਨੂੰ ਕਹਿਣ ਲੱਗਿਆ ਕਿ ਜਾ ਕੇ ਮਠਿਆਈ ਦੇ ਡੱਬੇ ਲੈ ਕੇ ਆ ਤੇ ਸਾਰਿਆਂ ਨੂੰ ਲਾਇਨ ਲਗਵਾ ਕੇ ਖੜ੍ਹਾ ਕਰ ਲਿਆ। ਇਕੱਲੇ-ਇਕੱਲੇ ਨੂੰ ਪੁੱਛੀ ਜਾਂਦਾ ਹੈ ਕਿ ਤੇਰਾ ਨਾਓਂ ਕੀ ਹੈ, ਤੇਰੇ ਪਿਤਾ ਦਾ ਨਾਓਂ ਕੀ ਹੈ। ਸਭ ਦੱਸੀ ਜਾਂਦੇ ਹਨ ਤੇ ਇਕ-ਇਕ ਡੱਬਾ ਮਠਿਆਈ ਦਾ ਇਹ ਬੱਚੇ ਲਈ ਜਾਂਦੇ ਹਨ। ਇਸ ਤੋਂ ਬਾਅਦ ਧ੍ਰੂਅ ਦੀ ਵਾਰੀ ਆ ਗਈ, ਉਸ ਨੂੰ ਪੁੱਛਣ ਲੱਗਿਆ ਕਿ ਬੇਟਾ ਤੇਰੇ ਪਿਤਾ ਦਾ ਨਾਮ ਕੀ ਹੈ? ਧ੍ਰੂ ਚੁਪ ਕੀਤਾ ਹੋਇਆ ਦੇਖੀ ਜਾ ਰਿਹਾ ਹੈ ਕਿਉਂਕਿ ਪਿਤਾ ਦਾ ਨਾਮ ਸੁਣਿਆ ਨਹੀਂ ਸੀ ਤੇ ਮਾਂ ਦਾ ਹੀ ਪਤਾ ਸੀ। ਫੇਰ ਉਸ ਨੇ ਦੂਜੇ ਬੱਚਿਆਂ ਨੂੰ ਪੁਛਿਆ ਕਿ ਇਹਦੇ ਪਿਤਾ ਦਾ ਨਾਓਂ ਕੀ ਹੈ? ਕਹਿਣ ਲੱਗੇ, ਸਾਡੇ ਮਾਂ ਬਾਪ ਇਹ ਦੱਸਿਆ ਕਰਦੇ ਹਨ ਕਿ ਇਹ ਕਿਸੇ ਰਾਜੇ ਦਾ ਪੁੱਤਰ ਹੈ। ਆਪਣੇ ਵੱਲ ਦੇਖਿਆ, ਬੱਚੇ ਵੱਲ ਦੇਖਿਆ, ਕਹਿਣ ਲੱਗਿਆ ਇਹ ਬੱਚਾ ਤਾਂ ਮੇਰਾ ਹੀ ਹੈ। ਪਿਆਰ ਜਾਗਿਆ, ਪਿਤਰੀ ਮਮਤਾ ਨੇ ਹੁਲਾਰਾ ਮਾਰਿਆ। ਕਹਿਣ ਲੱਗਿਆ, ਬੇਟਾ ਮੇਰੇ ਕੋਲ ਆ। ਮੋਢਿਆਂ ਹੇਠਾਂ ਹੱਥ ਪਾ ਕੇ ਚੁਕ ਕੇ ਗੋਦੀ 'ਚ ਬਿਠਾ ਲਿਆ। ਅੰਦਰ ਪੜਦੇ (ਚਿਕ) ਓਹਲੇ ਬੈਠੀ ਹੋਈ ਉਸ ਦੀ ਰਾਣੀ ਦੇਖ ਰਹੀ ਸੀ ਅਤੇ ਮਨ ਵਿਚ ਆਇਆ ਕਿ ਹਾਇ! ਮੇਰੀ ਸੌਕਣ ਦਾ ਬੱਚਾ ਇਥੇ ਮਹਿਲਾਂ ਵਿਚ ਆ ਗਿਆ? ਅੰਦਰੋਂ ਦੌੜੀ ਆਉਂਦੀ ਹੈ, ਕ੍ਰੋਧ ਦੇ ਨਾਲ ਅੱਖਾਂ ਲਾਲ ਹਨ ਤੇ ਚਿਹਰਾ ਲਾਲ ਸੁਰਖ ਡਰਾਉਣਾ ਹੋਇਆ ਪਿਆ ਹੈ। ਨੇਤਰ ਵੀ ਡਰਾਉਣੇ ਹੋਏ ਹੋਏ ਹਨ। ਉਸ ਨੇ ਆ ਕੇ ਧ੍ਰੂਅ ਨੂੰ ਜ਼ੋਰ ਦੇ ਨਾਲ ਬਾਂਹ ਤੋਂ ਫੜਿਆ ਤੇ ਧਰਤੀ ਤੇ ਪਟਕਾ ਕੇ ਮਾਰਿਆ। ਜਿਸ ਵਕਤ ਬੱਚਾ ਉਠਣ ਲੱਗਿਆ ਤੇ ਰੋ ਰਿਹਾ ਸੀ ਤਾਂ ਉਸ ਨੇ ਇਥੇ ਹੀ ਬੱਸ ਨਹੀਂ ਕੀਤੀ, ਜਾ ਕੇ ਬਾਂਹ ਫੜ ਲਈ ਤੇ ਸੱਜੇ ਹੱਥ ਨਾਲ ਖੱਬੀ ਗੱਲ੍ਹ ਤੇ ਅਤੇ ਖੱਬੇ ਹੱਥ ਨਾਲ ਸੱਜੀ ਗੱਲ੍ਹ ਤੇ ਇੰਨੀ ਜ਼ੋਰ ਦੀ ਚਪੇੜ ਮਾਰੀ ਕਿ ਨਾਲ ਦੀ ਨਾਲ ਪੰਜਾਂ ਉਂਗਲੀਆਂ ਦੇ ਨਿਸ਼ਾਨ ਉਭਰ ਆਏ ਅਤੇ ਕਹਿਣ ਲੱਗੀ ਕਿ ਜੇ ਇਸ ਗੋਦੀ ਵਿਚ ਬੈਠਣਾ ਸੀ ਤਾਂ ਉਸ ਔਤਰੀ ਦੇ ਪੇਟ ਤੋਂ ਕਿਉਂ ਜਨਮ ਲਿਆ? ਹੁਣ ਮਰ ਜਾ ਅਤੇ ਫੇਰ ਮੇਰੇ ਪੇਟ 'ਚੋਂ ਜਨਮ ਲਈਂ, ਫੇਰ ਤੂੰ ਇਸ ਰਾਜੇ ਦੀ ਗੋਦ ਦਾ ਅਧਿਕਾਰੀ ਬਣੇਂਗਾ।

ਮਤਰੇਈ ਮਾਂ ਦਾ ਇੰਨਾ ਕਰੂਰਤਾ ਭਰਿਆ ਵਰਤਾਅ ਦੇਖ ਕੇ ਧ੍ਰੂਅ ਦੇ ਹਿਰਦੇ ਤੇ ਗਹਿਰੀ ਚੋਟ ਲੱਗੀ ਤੇ ਭਾਈ ਗੁਰਦਾਸ ਜੀ ਇਸ ਬਾਰੇ ਇਸ ਤਰ੍ਹਾਂ ਲਿਖਦੇ ਹਨ ਕਿ -

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ॥
ਭਾਈ ਗੁਰਦਾਸ ਜੀ ਵਾਰ 10/1

ਮਤਰੇਈ ਮਾਂ ਨੇ ਬੜਾ ਜਬਰਦਸਤ ਰੋਸ ਕੀਤਾ ਤੇ ਇਸ ਤਰ੍ਹਾਂ ਕਹਿੰਦੇ ਹਨ -

ਧਾਰਨਾ - ਬਾਹੋਂ ਪਕੜ ਉਠਾਲਿਆ -2, 2.
ਮਨ ਵਿਚ ਰੋਸ ਮਤਰੇਈ ਕੀਤਾ -2, 2.

ਮਤਰੇਈ ਮਾਤਾ ਨੇ ਬੜਾ ਰੋਸ ਕੀਤਾ ਤੇ ਬੜੀਆਂ ਕੌੜੀਆਂ ਤੇ ਰੁਖੀਆਂ ਗੱਲਾਂ ਆਖੀਆਂ ਕਿਉਂਕਿ ਬੱਚਾ ਨਾਜ਼ੁਕ ਸੁਭਾਅ ਦਾ ਸੀ ਤੇ ਬਹੁਤ ਹੀ ਬੁੱਧੀਮਾਨ ਸੀ। ਸਿਆਣੇ ਬੰਦੇ ਬੱਚੇ ਤੇ ਬਜ਼ੁਰਗ ਵਿਚ ਫਰਕ ਸਮਝਦੇ ਹਨ ਲੇਕਿਨ ਕਈ ਵਾਰੀ ਬੱਚਾ ਬਜ਼ੁਰਗ ਤੋਂ ਜ਼ਿਆਦਾ ਸਿਆਣਾ ਹੋਇਆ ਕਰਦਾ ਹੈ ਅਤੇ ਬਜ਼ੁਰਗ ਬੱਚੇ ਤੋਂ ਘੱਟ ਸਿਆਣਾ ਹੁੰਦਾ ਹੈ। ਇਸ ਕਰਕੇ ਕਹਿ ਦਿੰਦੇ ਹਨ ਕਿ ਦੇਖੋ ਜੀ, ਸੱਤਰਵੇਂ ਸਾਲ 'ਚ ਹੋ ਗਿਆ, ਲੇਕਿਨ ਅਜੇ ਬੱਚਿਆਂ ਵਾਲੀਆਂ ਆਦਤਾਂ ਨਹੀਂ ਛੱਡ ਸਕਿਆ। ਇਕ ਬੱਚੇ ਐਸੇ ਹਨ ਜਿਹੜੇ ਬਜ਼ੁਰਗ ਹੋਇਆ ਕਰਦੇ ਹਨ। ਜਿਹੜਾ ਬੱਚਾ ਪ੍ਰਮੇਸ਼ਰ ਦਾ ਭਜਨ ਕਰਦਾ ਹੈ ਉਹ ਬਜ਼ੁਰਗ ਨਾਲੋਂ ਹਜ਼ਾਰਾਂ ਦਰਜੇ ਚੰਗਾ ਹੈ ਕਿਉਂਕਿ ਬਜ਼ੁਰਗ ਨੇ ਸਾਰੀ ਜ਼ਿੰਦਗੀ ਦੇ ਅੰਦਰ ਇਹ ਗੱਲ ਨਹੀਂ ਸਮਝੀ ਕਿ ਭਜਨ ਬੰਦਗੀ ਕਰਨੀ ਚਾਹੀਦੀ ਹੈ। ਸਾਰੀ ਜ਼ਿੰਦਗੀ ਵਿਅਰਥ ਗਵਾ ਦਿਤੀ ਤੇ ਉਸ ਵਿਚ ਇਕ ਬੱਚੇ ਜਿੰਨੀ ਅਕਲ ਵੀ ਨਹੀਂ ਆ ਸਕੀ। ਇਸ ਕਰਕੇ ਅਕਲ ਦੇ ਨਾਲ ਬਜ਼ੁਰਗ ਹੋਇਆ ਕਰਦਾ ਹੈ। ਸਫੇਦ ਵਾਲਾਂ ਤੇ ਸਫੇਦ ਦਾੜ੍ਹੀ ਨਾਲ ਬਜ਼ੁਰਗ ਨਹੀਂ ਹੋਇਆ ਕਰਦਾ। ਧ੍ਰੂਅ ਦੇ ਮਨ ਦੇ ਅੰਦਰ ਇਹ ਮੂੜ੍ਹ ਵਰਤਾਰੇ ਦੀ ਘਟਨਾ ਗਹਿਰਾ ਅਸਰ ਕਰ ਗਈ, ਬਹੁਤ ਰੋਂਦਾ ਹੈ, ਵੈਰਾਗ ਕਰਦਾ ਹੈ ਤੇ ਨਾਲ ਦੇ ਬੱਚਿਆਂ ਨੇ ਚੁਪ ਕਰਾਇਆ। ਸਾਰੇ ਬੱਚੇ ਰਾਜ ਦੁਆਰ ਨੂੰ ਛੱਡ ਕੇ ਜੰਗਲ ਨੂੰ ਚਲ ਪਏ ਤੇ ਉਧਰ ਧ੍ਰੂਅ ਦੀ ਮਾਤਾ ਉਸ ਨੂੰ ਟੋਲ੍ਹ ਰਹੀ ਹੈ ਕਿ ਮੇਰਾ ਬੱਚਾ ਕਿਥੇ ਗਿਆ? ਕਦੇ ਅੱਖਾਂ ਤੋਂ ਓਹਲੇ ਨਹੀਂ ਸੀ ਹੋਇਆ। ਪੁਛ ਗਿਛ ਕਰਦੀ ਨੂੰ ਪਤਾ ਲੱਗ ਗਿਆ ਕਿ ਉਹ ਤਾਂ ਦੂਜੇ ਬੱਚਿਆਂ ਨਾਲ ਸ਼ਹਿਰ ਗਿਆ ਹੈ। ਮਨ ਦੇ ਵਿਚ ਸ਼ੰਕਾ ਪੈਦਾ ਹੋ ਗਿਆ ਤੇ ਮੱਥਾ ਠਣਕ ਗਿਆ ਕਿ ਅੱਜ ਸੁਖ ਰਹਿ ਜਾਏ ਤਾਂ ਚੰਗੈ, ਕਿਤੇ ਮੇਰੀ ਭੈਣ ਨੂੰ ਪਤਾ ਨਾ ਲੱਗ ਜਾਵੇ ਤੇ ਉਸ ਨੂੰ ਮਰਵਾ ਨਾ ਦੇਵੇ, ਅਸੀਂ ਬੜੀ

ਗੁਪਤ ਜ਼ਿੰਦਗੀ ਬਤੀਤ ਕਰ ਰਹੇ ਸੀ ਅਤੇ ਬਹੁਤ ਅਣਜਾਣੇ ਜਿਹੇ ਰਹਿੰਦੇ ਸੀ ਤੇ ਹੁਣ ਉਸ ਨੂੰ ਪਤਾ ਲੱਗ ਗਿਆ ਕਿ ਇਹ ਮੇਰਾ ਬੱਚਾ ਹੈ; ਹਜ਼ਾਰਾਂ ਕਿਸਮ ਦੇ ਸ਼ੰਕੇ ਮਨ ਵਿਚ ਆ ਰਹੇ ਹਨ। ਉਸ ਵੇਲੇ ਇਕੱਲੀ ਹੋਣ ਕਰਕੇ ਮਨ ਦੀ ਐਸੀ ਹਾਲਤ ਹੋ ਗਈ। ਕੋਈ ਵੀ ਦਿਲਾਸਾ ਦੇਣ ਵਾਲਾ ਨਹੀਂ ਸੀ ਸੰਸਾਰ ਦੇ ਅੰਦਰ, ਕੇਵਲ ਦੋਵੇਂ ਮਾਂ ਪੁੱਤ ਸਨ। ਅੱਗੇ ਹੋ ਕੇ ਕੀ ਦੇਖਦੀ ਹੈ ਕਿ ਬੱਚੇ ਆ ਰਹੇ ਹਨ ਤੇ ਜਦੋਂ ਧ੍ਰੂਅ ਨੇ ਮਾਂ ਨੂੰ ਦੇਖਿਆ ਤਾਂ ਡਾਡਾਂ ਮਾਰ ਕੇ ਉਚੀ ਉਚੀ ਰੋਣ ਲੱਗ ਪਿਆ। ਦੌੜ ਕੇ ਗਈ ਤੇ ਚਿਹਰੇ ਵੱਲ ਦੇਖਿਆ। ਕਹਿਣ ਲੱਗੀ ਕਿ ਹਾਇ! ਕਿਸੇ ਨਿਰਦਈ ਨੇ ਮੇਰੇ ਪੁੱਤਰ ਨੂੰ ਐਨਾ ਕੁਟਿਆ ਕਿ ਪੰਜੇ ਉਂਗਲਾਂ ਦੇ ਨਿਸ਼ਾਨ ਹਾਲੇ ਤੱਕ ਗੱਲ੍ਹਾਂ ਤੇ ਪਏ ਹੋਏ ਹਨ। ਜੋ ਕਹਿਣਾ ਸੀ ਮੈਨੂੰ ਕਹਿ ਲੈਂਦੀ, ਮੇਰੇ ਮਾਰ ਲੈਂਦੀ, ਇਸ ਫੁਲ ਵਰਗੇ ਬੱਚੇ ਨੂੰ ਕਿਉਂ ਮਾਰਨਾ ਸੀ। ਉਸ ਵੇਲੇ ਉਦਾਸ ਹੋਈ ਹੋਈ ਮਨ ਦੇ ਅੰਦਰ ਸੋਚਦੀ ਹੈ ਕਿ ਮੈਂ ਕਿਸ ਨੂੰ ਕਹਾਂ, ਇਸ ਵੇਲੇ ਤਾਂ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਧਾਰਨਾ – ਢੋਈ ਕੋਈ ਦੇਵੇ ਨਾ,
ਮੁਸ਼ਕਲ ਹੁਣ ਬਹੁਤੀ ਬਣ ਗਈ –2, 2.
ਮੁਸ਼ਕਲ ਹੁਣ ਬਹੁਤੀ ਬਣ ਗਈ –2, 2.
ਢੋਈ ਕੋਈ ਦੇਵੇ ਨਾ, ... –2.

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥
ਪੰਨਾ – 70

ਸਾਧ ਸੰਗਤ ਜੀ! ਜਦੋਂ ਕਿਧਰੇ ਵੀ ਆਦਮੀ ਦਾ ਹੱਥ ਨਾ ਪੈਂਦਾ ਹੋਵੇ ਤਾਂ ਇਕੋ ਹੀ ਆਸਰਾ ਰਹਿ ਜਾਂਦਾ ਹੈ। ਦਰੋਪਤੀ ਨੂੰ ਭਰੀ ਸਭਾ ਵਿਚ ਨਗਨ ਕੀਤਾ ਜਾ ਰਿਹਾ ਹੈ ਤੇ ਅੱਧੀ ਧੋਤੀ ਲਾਹ ਦਿਤੀ –

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਪੰਨਾ – 1008

ਉਸ ਵੇਲੇ ਉਸ ਨੂੰ ਧਿਆਨ ਆ ਗਿਆ ਪ੍ਰਭੂ ਦਾ, ਅਰਦਾਸ ਨਹੀਂ ਕਰ ਸਕੀ, ਹੱਥ ਨਹੀਂ ਜੋੜ ਸਕੀ। ਇਕੋ ਗੱਲ ਕਹਿ ਦਿਤੀ ਕਿ –

ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।
ਭਾਈ ਗੁਰਦਾਸ ਜੀ ਵਾਰ 10/8

'ਹੇ ਵਾਹਿਗੁਰੂ! ਹੇ ਪ੍ਰਭੂ! ਹੁਣ ਕੋਈ ਨਹੀਂ ਮੇਰਾ ਤੇਰੇ ਬਗੈਰ। ਦਿਲ ਤੋਂ ਆਵਾਜ਼ ਨਿਕਲੀ ਤੇ ਫੇਰ ਕੀ ਹੋਇਆ, ਕੀ ਵਾਪਰਿਆ –

ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਭਾਈ ਗੁਰਦਾਸ ਜੀ ਵਾਰ 10/8

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥
ਪੰਨਾ – 1008

ਵਾਹਿਗੁਰੂ ਦਾ ਇਹ ਬਿਰਦ ਹੈ ਕਿ ਜਦੋਂ ਸਾਰੇ ਆਸਰੇ ਟੁਟ ਜਾਣ ਤੇ ਦੁਨੀਆਂ ਦਾ ਕੋਈ ਵੀ ਆਸਰਾ ਨਾ ਰਹੇ, ਉਸ ਵੇਲੇ ਜੇ ਉਹ ਚਿੱਤ ਆ ਜਾਵੇ ਤਾਂ ਉਹ ਰਾਖੀ ਕਰਿਆ ਕਰਦਾ ਹੈ। ਸੋ ਇਸ ਤਰ੍ਹਾਂ ਮਨ ਵਿਚ ਸੋਚਦੀ ਹੈ ਕਿ ਜਿਸ ਦਾ ਕੋਈ ਨਾ ਹੋਵੇ, ਤਾਂ ਉਸ ਦਾ ਪ੍ਰਭੂ ਹੋ ਜਾਇਆ ਕਰਦਾ ਹੈ।

ਸਾਹਿਬੁ ਨਿਤਾਣਿਆ ਕਾ ਤਾਣੁ॥ ਪੰਨਾ – 70

ਜਿਸ ਦੇ ਵਿਚ ਤਾਣ ਹੀ ਨਾ ਹੋਵੇ ਤੇ ਜਿਸ ਦੀ ਕੋਈ ਓਟ ਨਾ ਹੋਵੇ ਜਿਸ ਦਾ ਕੋਈ ਆਸਰਾ ਹੀ ਨਾ ਹੋਵੇ, ਉਸ ਦਾ ਤਾਣ ਪ੍ਰਮੇਸ਼ਰ ਬਣ ਜਾਇਆ ਕਰਦਾ ਹੈ।

ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥
ਪੰਨਾ – 70

ਉਦਾਸ ਹੋਈ ਬੈਠੀ ਹੈ ਤੇ ਕਹਿਣ ਲੱਗੀ ਬੇਟਾ! ਕੀ ਗੱਲ ਹੋਈ ਮੈਨੂੰ ਦੱਸ ਤਾਂ ਸਹੀ ਤੇ ਹਟਕੋਰੇ ਲੈਂਦਾ ਮਾਂ ਨੂੰ ਦੱਸਦਾ ਹੈ ਕਿ ਮਾਂ, ਮੈਂ ਬੱਚਿਆਂ ਦੇ ਨਾਲ ਚਲਿਆ ਗਿਆ, ਉਥੇ ਇਕ ਭਲਾ ਪੁਰਸ਼ ਸੀ, ਉਹ ਸਾਰਿਆਂ ਨੂੰ ਮਠਿਆਈ ਵੰਡਦਾ ਸੀ ਤੇ ਨਾਲ ਪੁਛਦਾ ਸੀ ਕਿ ਤੇਰਾ ਪਿਤਾ ਕੌਣ ਹੈ, ਤੇਰੇ ਪਿਤਾ ਦਾ ਨਾਉਂ ਕੀ ਹੈ? ਸਾਰੇ ਬੱਚਿਆਂ ਨੇ ਆਪੋ ਆਪਣਾ ਦੱਸਿਆ ਤੇ ਜਦੋਂ ਮੇਰੀ ਵਾਰੀ ਆਈ ਤਾਂ ਬੱਚਿਆਂ ਨੇ ਦੱਸਿਆ ਕਿ ਇਹ ਕਿਸੇ ਰਾਜੇ ਦਾ ਪੁੱਤਰ ਹੈ। ਉਸ ਨੇ ਮੈਨੂੰ ਗੋਦੀ ਚੁਕਿਆ ਤੇ ਪਿਆਰ ਕਰਨ ਲੱਗ ਪਿਆ। ਐਨੇ ਨੂੰ ਇਕ ਮਾਤਾ ਆਈ ਜੋ ਮੇਰੇ ਵੱਲ ਗੁੱਸੇ ਨਾਲ ਦੇਖ ਰਹੀ ਸੀ ਤੇ ਮੈਂ ਬਹੁਤ ਡਰ ਗਿਆ ਤੇ ਉਸ ਨੇ ਮੈਨੂੰ ਮੋਢੇ ਤੋਂ ਫੜ ਕੇ ਹੇਠਾਂ ਪਟਕਾ ਕੇ ਮਾਰਿਆ ਤੇ ਜਦੋਂ ਮੈਂ ਉਠਣ ਲੱਗਿਆ, ਮੇਰੇ ਬੜੇ ਜੋਰ ਨਾਲ ਚਪੇੜਾਂ ਮਾਰੀਆਂ, ਮੈਂ ਰੋਣ ਲੱਗ ਪਿਆ ਤੇ ਨਾਲ ਮੈਨੂੰ ਇਹ ਗੱਲ ਆਖੀ ਕਿ ਜੇ ਤੂੰ ਇਸ ਗੋਦੀ ਵਿਚ ਬੈਠਣਾ ਸੀ ਤਾਂ ਤੂੰ ਮੇਰੀ ਕੁਖ ਤੋਂ ਜਨਮ ਲੈਣਾ ਸੀ, ਉਸ ਔਤਰੀ ਦੀ ਕੁਖੋਂ ਕਿਉਂ ਜਨਮਿਆ? ਜੇ ਤੇਰੇ ਅੰਦਰ ਚਾਉ ਹੈ ਤਾਂ ਹੁਣ ਜਾ ਕੇ ਮਰ ਜਾ ਤੇ ਮੇਰੇ ਆ ਕੇ ਜਨਮ ਲਈਂ, ਫੇਰ ਤੂੰ ਇਸ ਗੋਦ ਵਿਚ ਬੈਠ ਸਕੇਂਗਾ। ਐਨਾ ਕਹਿ ਕੇ ਉਚੀ ਉਚੀ ਰੋਣ ਲੱਗ ਪਿਆ ਤੇ ਮਾਂ ਵੀ ਨਾਲ ਹੀ ਰੋਣ ਲੱਗ ਪਈ। ਮਾਂ ਨੂੰ ਰੋਂਦੀ ਨੂੰ ਦੇਖ ਕੇ ਕਹਿਣ ਲੱਗਾ ਮਾਂ! ਤੈਨੂੰ ਤਾਂ ਕਿਸੇ ਨੇ ਮਾਰਿਆ ਨਹੀਂ ਤੂੰ ਕਿਉਂ ਰੋਂਦੀ ਹੈ? ਕਹਿਣ ਲੱਗੀ, ਬੇਟਾ! ਮੈਂ ਕੀ ਦੱਸਾਂ, ਇਹ ਮੇਰੇ ਹੀ ਕਰਮਾਂ ਦਾ ਕਸੂਰ ਹੈ ਕਿਉਂਕਿ ਮੈਂ ਵੀ ਉਸ ਦੀ ਵੱਡੀ ਭੈਣ ਹਾਂ, ਮੈਂ ਵੀ ਪਟਰਾਣੀ ਹਾਂ। ਮੈਂ ਭੀ ਰਾਜੇ ਦੀ ਲੜਕੀ ਹਾਂ।

ਡੁਡਹੋਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?
ਭਾਈ ਗੁਰਦਾਸ ਜੀ, ਵਾਰ 10/1

ਮਾਤਾ! ਤੂੰ ਗੋਲੀ ਹੈ ਕਿ ਰਾਣੀ ਹੈ? ਕਹਿਣ ਲੱਗੀ, "ਬੇਟਾ, ਮੈਂ ਜਨਮ ਤੋਂ ਤਾਂ ਰਾਣੀ ਹਾਂ ਬਲਕਿ ਪਟਰਾਣੀ ਹਾਂ।" "ਫੇਰ ਮਾਤਾ ਇਹ ਕੀ ਗੱਲ ਹੋਈ।" ਕਹਿਣ ਲੱਗੀ ਕਿ ਗੱਲ ਇਹ ਹੋਈ ਕਿ ਮੈਂ ਇਸ ਤਰ੍ਹਾਂ ਦੇ ਕਰਮ ਨਹੀਂ ਕੀਤੇ ਜਿਸ ਤੋਂ ਮੈਨੂੰ ਰਾਜ ਭਾਗ ਪ੍ਰਾਪਤ ਹੋ ਜਾਂਦਾ ਕਿਉਂਕਿ ਬੇਟਾ! ਮੈਂ ਪ੍ਰਭੂ ਦੀ ਭਗਤੀ ਨਹੀਂ ਕੀਤੀ ਤੇ ਇਸ ਤਰ੍ਹਾਂ ਕਹਿੰਦੀ ਹੈ –

ਧਾਰਨਾ - ਲਾਲ ਵੇ! ਭਗਤੀ ਨਾ ਕੀਤੀ ਰੱਬ ਦੀ - 2, 2
ਤਾਹੀਓਂ ਹੋਇਆ ਨਿਰਾਦਰ ਮੇਰਾ, -2, 2.
ਲਾਲ ਵੇ! ਭਗਤੀ ਨਾ ਕੀਤੀ ਰੱਬ ਦੀ,..-2.

ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
ਭਾਈ ਗੁਰਦਾਸ ਜੀ ਦੀ ਵਾਰ 10/1

ਕਹਿਣ ਲੱਗੀ, ਬੇਟਾ ਇਹਦੇ ਵਿਚ ਨਾ ਤੇਰੀ ਮਾਸੀ ਦਾ ਕਸੂਰ ਹੈ, ਨਾ ਹੀ ਤੇਰੇ ਪਿਤਾ ਦਾ ਕਸੂਰ ਹੈ, ਇਸ ਦੇ ਵਿਚ ਮੇਰਾ ਕਸੂਰ ਹੈ ਤੇ ਤੇਰਾ ਵੀ ਕਸੂਰ ਹੈ ਕਿਉਂਕਿ ਤੂੰ ਵੀ ਨਾਮ ਨਹੀਂ ਜਪਿਆ ਅਤੇ ਮੈਂ ਵੀ ਨਾਮ ਤੋਂ ਹੀਣੀ ਹਾਂ। ਮੈਂ ਪ੍ਰਭੂ ਦੀ ਭਗਤੀ ਨਹੀਂ ਕੀਤੀ ਜਿਸਦੇ ਕਰਨ ਦੇ ਨਾਲ ਮੁਸ਼ਕਲਾਂ ਹੱਲ ਹੋ ਜਾਂਦੀਆਂ ਹਨ। ਰਾਜ ਭਾਗ ਮਿਲ ਜਾਇਆ ਕਰਦਾ ਹੈ। ਇਥੋਂ ਤੱਕ ਜਿਸ ਚੀਜ਼ ਦੀ ਵੀ ਆਸਾ ਹੋਵੇ ਪ੍ਰਾਪਤ ਹੋ ਜਾਇਆ ਕਰਦੀ ਹੈ।

ਧਾਰਨਾ - ਸੇਵ ਹਰਿ ਕੇ ਚਰਣ ਗਸਾਇਣ ਜੀ,
ਜੋ ਜੋ ਮਾਂਗੇ ਸੋਈ ਸੋਈ ਪਾਵੈ -2, 2.
ਜੋ ਜੋ ਮਾਂਗੈ ਸੋਈ ਸੋਈ ਪਾਵੈ, -2, 2.
ਸੇਵ ਹਰਿ ਕੇ ਚਰਣ ਗਸਾਇਣ ਜੀ, ... -2.

ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ॥ ਪੰਨਾ - 714

ਕਹਿਣ ਲੱਗੀ, ਬੇਟਾ! ਭਗਤੀ ਨਹੀਂ ਕੀਤੀ, ਨਾਮ ਨਹੀਂ ਜਪਿਆ ਇਸ ਕਰਕੇ ਕਿਸਮਤ ਬਣੀ ਤਾਂ ਸਹੀ ਪਰ ਪੂਰੀ ਨਹੀਂ ਬਣੀ, ਭਗਤੀ ਦੇ ਅੰਦਰ ਭੰਗਣਾ ਪੈ ਗਈ, ਫਰਕ ਰਹਿ ਗਿਆ। ਪਰਮੇਸ਼ਰ ਦਾ ਨਾਮ ਜਪ ਕੇ ਜਿਸ ਚੀਜ਼ ਦੀ ਵੀ ਅਰਾਧਨਾ ਕਰੀਏ ਉਹੀ ਚੀਜ਼ ਪ੍ਰਾਪਤ ਹੋ ਜਾਂਦੀ ਹੈ।

ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
ਪੰਨਾ - 714

ਬੇਟਾ ਆਪਾਂ ਦੋਹਾਂ ਨੇ ਭਗਤੀ ਨਹੀਂ ਕੀਤੀ ਇਸ ਕਰਕੇ ਸਾਡੀ ਇਹ ਦਸ਼ਾ ਹੋਈ ਹੈ। ਧ੍ਰੂ ਕਹਿਣ ਲੱਗਿਆ, ਮਾਂ! ਫੇਰ ਕੀ ਕਰਨਾ ਚਾਹੀਦਾ ਹੈ?

ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ।
ਭਾਈ ਗੁਰਦਾਸ ਜੀ ਦੀ ਵਾਰ 10/1

ਮਾਤਾ ਜੀ! ਜੇ ਪਹਿਲਾਂ ਨਹੀਂ ਹੋ ਸਕਿਆ ਤਾਂ ਕਿਰਪਾ ਕਰਕੇ ਹੁਣ ਦੱਸ ਦਿਓ ਕਿ ਕੀ ਕਰਨਾ ਚਾਹੀਦਾ ਹੈ। ਕਹਿਣ ਲੱਗੀ, ਬੇਟਾ! ਪ੍ਰਮੇਸ਼ਰ ਦਾ ਭਜਨ ਕਰਨਾ ਚਾਹੀਦਾ ਹੈ। ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਉਹ ਜੇ ਚੇਤੇ ਆ ਜਾਵੇ ਤਾਂ ਭਾਵੇਂ ਕਿੰਨੀ ਹੀ ਗਰੀਬੀ ਹੋਵੇ, ਰਾਜ ਭਾਗ ਦਾ ਮਾਲਕ ਹੋ ਜਾਣਾ ਤਾਂ ਕੋਈ ਮੁਸ਼ਕਲ ਗੱਲ ਨਹੀਂ। ਉਹ ਤਾਂ ਸਰੀਰ ਛੱਡਣ ਪਿਛੋਂ ਦਰਗਾਹ ਵਿਚ ਨਿਹਚਲ ਰਾਜ ਪ੍ਰਾਪਤ ਕਰ ਲੈਂਦਾ ਹੈ ਅਜਿਹਾ ਰਾਜ ਸਦਾ ਸਦਾ ਕਾਇਮ ਰਹਿੰਦਾ ਹੈ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥
ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਹਚਲੁ ਹੋਵੈ ਰਾਜੁ॥
ਪੰਨਾ - 70

ਇਸ ਵਿਚ ਸ਼ਰਤ ਇਹ ਹੈ ਕਿ ਪ੍ਰਮੇਸ਼ਰ ਚਿਤ ਆਉਣਾ ਚਾਹੀਦਾ ਹੈ। ਕਹਿਣ ਲਗਿਆ, ਮਾਂ! ਫੇਰ ਮੈਂ ਕਿਵੇਂ ਉਸ ਨੂੰ ਚੇਤੇ ਕਰਾਂ? ਕਹਿਣ ਲੱਗੀ, ਬੇਟਾ ਭਜਨ ਕਰ, ਵਾਹਿਗੁਰੂ ਦਾ ਭਜਨ ਕਰ, ਉਹ ਦਇਆਲ ਹੋਏਗਾ ਤੇ ਉਹ ਪ੍ਰਸੰਨ ਹੋਵੇਗਾ, ਉਸ ਤੋਂ ਜੋ ਚੀਜ਼ ਮੰਗੇਂਗਾ, ਪ੍ਰਾਪਤ ਹੋ ਜਾਵੇਗੀ। ਕਹਿਣ ਲੱਗਿਆ, ਮਾਂ ਜੀ! ਭਜਨ ਕਿਵੇਂ ਕਰੀਦਾ ਹੈ? ਮਾਤਾ ਵਿਚਾਰੀ ਜਿੰਨਾ ਕੁ ਜਾਣਦੀ ਸੀ, ਓਨਾ ਕੁ ਉਸ ਨੇ ਦੱਸ ਦਿਤਾ। ਮਾਵਾਂ ਦੀ ਗਿਣਤੀ ਪੁਰਾਣੇ ਸਿਆਣੇ ਬਜ਼ੁਰਗ ਕਰਿਆ ਕਰਦੇ ਸਨ ਕਿ ਸੰਸਾਰ ਵਿਚ ਢਾਈ ਮਾਵਾਂ ਹੋਈਆਂ ਹਨ ਤੇ ਕਈ ਸਾਢੇ ਤਿੰਨ ਕਹਿੰਦੇ ਹਨ, ਜਿਨ੍ਹਾਂ ਨੇ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਪ੍ਰਮੇਸ਼ਰ ਦੀ ਭਗਤੀ ਵੱਲ ਲਾਇਆ ਤੇ ਉਨ੍ਹਾਂ ਨੂੰ ਸਦਾ ਵਾਸਤੇ ਅਮਰ ਕਰ ਦਿਤਾ। ਬਾਬਾ ਫਰੀਦ ਜੀ ਦੀ ਮਾਤਾ ਨੇ ਬਚਪਨ ਤੋਂ ਹੀ ਲਾ ਦਿਤਾ। ਤਪੱਸਿਆ ਕਰਕੇ ਬਾਰਾਂ ਸਾਲ ਬਾਅਦ ਜਦੋਂ ਘਰ ਆਉਂਦੇ ਤਾਂ ਮਾਂ ਨੇ ਫੇਰ ਮੋੜ ਦਿਤਾ ਕਿ ਬੇਟਾ ਹਾਲੇ ਕੁਝ ਨਹੀਂ ਬਣਿਆ, ਕੇਵਲ ਰਿਧੀਆਂ ਸਿਧੀਆਂ ਪ੍ਰਾਪਤ ਹੋਈਆਂ ਹਨ। ਦੂਸਰੀ ਵਾਰ ਫੇਰ ਭੇਜ ਦਿਤਾ, ਜੰਗਲਾਂ ਦੇ ਅੰਦਰ ਤਪੱਸਿਆ ਕਰਦਾ ਹੋਇਆ ਸੁਕ ਗਿਆ ਤੇ ਸਰੀਰ ਦਾ ਪਿੰਜਰ ਬਣ ਗਿਆ, ਕਾਵਾਂ ਨੇ ਚੂੰਡ ਲਿਆ। ਮਾਂ ਨੇ ਕਿਹਾ, ਬੇਟਾ ਹਾਲੇ ਵੀ ਕੁਝ ਨਹੀਂ ਬਣਿਆ। ਤੀਸਰੀ ਵਾਰੀ ਅਜਮੇਰ ਸ਼ਰੀਫ ਦੇ ਅੰਦਰ ਮੁਰਸ਼ਦ-ਏ-ਕਾਮਿਲ ਦੀ ਸ਼ਰਨ ਵਿਚ ਜਾਂਦੈ ਤੇ ਉਥੇ ਜਾ ਕੇ ਸੇਵਾ ਕਰਦੈ ਤੇ ਪਰਮ ਪਦ ਦੀ ਪ੍ਰਾਪਤੀ ਕਰਕੇ ਵਾਪਸ ਆਇਆ ਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਦਾ ਲਈ ਅਮਰ ਹੋ ਗਏ ਤੇ ਉਨ੍ਹਾਂ ਦੀ ਬਾਣੀ ਗੁਰੂ ਰੂਪ ਦੇ ਅੰਦਰ ਸ਼ੁਸ਼ੋਭਿਤ ਹੋ ਰਹੀ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਇਹ ਫਰੀਦ ਜੀ ਦੀ ਬਾਣੀ ਹੈ, ਅਸੀਂ ਤਾਂ ਇਸ ਨੂੰ ਗੁਰੂ ਮਹਾਰਾਜ ਦੀ ਬਾਣੀ ਕਹਿੰਦੇ ਹਾਂ। ਜਿੰਨੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਇਹ ਸਾਰੀ ਬਾਣੀ ਗੁਰੂ ਸਾਹਿਬ ਦੀ ਹੈ। ਕਈ ਪ੍ਰੇਮੀਆਂ ਨੂੰ ਭੁਲੇਖਾ ਪੈ ਜਾਂਦਾ ਹੈ ਤੇ ਕਹਿੰਦੇ ਹਨ ਕਿ ਇਹ ਫਲਾਣੇ ਭਗਤ ਦੀ ਬਾਣੀ ਹੈ, ਇਹ ਗੁਰੂ ਨਾਨਕ ਜੀ ਦੀ ਹੈ ਆਦਿ, ਪਰੰਤੂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰ ਕੇ ਸਾਰੀ ਬਾਣੀ ਨੂੰ ਗੁਰੂ ਦੀ ਬਾਣੀ ਦਾ ਰੁਤਬਾ ਦਿਤਾ ਹੈ। ਸੋ ਇਸ ਤਰ੍ਹਾਂ ਫਰੀਦ ਸਾਹਿਬ ਨੂੰ ਅਮਰ ਕਰ ਦਿਤਾ। ਗੋਪੀ ਚੰਦ ਦੀ ਮਾਤਾ ਨੇ ਤਖਤ ਤੋਂ ਉਠਾਲ ਕੇ ਬੰਦਗੀ ਕਰਨ ਵਾਸਤੇ ਭੇਜਿਆ, ਧਰੂ ਦੀ ਮਾਤਾ ਨੇ ਪੰਜ ਸਾਲ ਦੇ ਛੋਟੇ ਜਿਹੇ ਬੱਚੇ ਨੂੰ ਉਪਦੇਸ਼ ਦਿਤਾ ਕਿ ਤੂੰ ਜਾ ਕੇ ਬੰਦਗੀ ਕਰ। ਬੰਦਗੀ ਤੋਂ ਬਿਨਾਂ, ਭਜਨ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੋਇਆ ਕਰਦਾ। ਮਨੁੱਖ ਸਰੀਰ ਦੀ ਪ੍ਰਾਪਤੀ ਕੇਵਲ ਨਾਮ ਜਪਣ ਵਾਸਤੇ ਹੋਈ ਹੈ ਤੇ ਹੋਰ ਕਿਸੇ ਸਰੀਰ ਵਿਚ, ਪਸ਼ੂਆਂ ਦੇ ਸਰੀਰ ਵਿਚ, ਜਾਨਵਰਾਂ ਦੇ ਸਰੀਰ ਵਿਚ, ਦੇਵਤਿਆਂ ਦੇ ਸਰੀਰ ਵਿਚ, ਇਨ੍ਹਾਂ ਵਿਚ ਨਾਮ ਨਹੀਂ ਜਪਿਆ ਜਾ ਸਕਦਾ। ਇਸੇ ਕਰਕੇ ਮਨੁੱਖਾ ਸਰੀਰ

ਨੂੰ ਉਤਮ ਕਿਹਾ ਜਾਂਦਾ ਹੈ, ਅਮੋਲ ਕਿਹਾ ਜਾਂਦਾ ਹੈ। ਇਹ ਪ੍ਰਭੂ ਦੀ ਭਗਤੀ ਤੇ ਨਾਮ ਦੀ ਕਮਾਈ ਵਾਸਤੇ ਪ੍ਰਾਪਤ ਹੋਇਆ ਹੈ ਤੇ ਇਸ ਨੂੰ ਪ੍ਰਕਿਰਤੀ ਦਾ ਸਭ ਤੋਂ ਉਤਮ ਫਲ ਵੀ ਕਹਿੰਦੇ ਹਨ। ਨਾਮ ਜਪ ਕੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਮੇਸ਼ਰ ਪ੍ਰਸੰਨ ਹੋ ਜਾਂਦਾ ਹੈ, ਜੋ ਵੀ ਮੰਗੋ ਉਹ ਮਿਲ ਜਾਂਦਾ ਹੈ ਤੇ ਮਾੜੇ ਕਰਮਾਂ ਵਾਲਾ ਪਤਿਤ ਸਰੀਰ ਵੀ ਪਵਿੱਤਰ ਹੋ ਜਾਂਦਾ ਹੈ, ਪੂਜਨ ਯੋਗ ਹੋ ਜਾਂਦਾ ਹੈ।

ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਭਾਈ ਗੁਰਦਾਸ ਜੀ, ਵਾਰ 10/1

ਸਾਧ ਸੰਗਤ ਜੀ, ਪ੍ਰਮੇਸ਼ਰ ਦੀ ਬੰਦਗੀ ਤੋਂ ਬਿਨਾਂ ਜਿਹੜੇ ਬੰਦੇ ਨੇ, ਉਹ ਜੰਗਲੀ ਹੋਇਆ ਕਰਦੇ ਹਨ। ਇਹ ਬੇਨਤੀ ਧਿਆਨ ਨਾਲ ਸਰਵਣ ਕਰਨੀ ਕਿ ਆਦਮੀ ਦੀ ਜੂਨੀ, ਜਿਸ ਨੂੰ ਮਾਨਸ ਦੇਹ ਕਹਿੰਦੇ ਹਨ, ਇਹ ਨਰ-ਨਰਾਇਣੀ ਦੇਹ ਹੈ ਅਤੇ ਇਹ ਸਭ ਤੋਂ ਉਤਮ ਹੈ। ਪਰੰਤੂ ਇਹ ਉਤਮ ਤਦੇ ਹੈ ਜੇਕਰ ਇਹ ਨਰ-ਨਰਾਇਣੀ ਬਣੇ। ਜੇਕਰ ਨਹੀਂ ਬਣਦਾ ਤਾਂ ਇਹ ਦੁਨੀਆਂ ਦੇ ਅੰਦਰ ਸਭ ਤੋਂ ਮਾੜੀ ਦੇਹ ਹੈ। ਇਕ ਤਾਂ ਸੱਪ ਹੈ ਜਿਹੜਾ ਆਪਣਿਆ ਨੂੰ ਮਾਰ ਦਿੰਦਾ ਹੈ, ਸੱਪਣੀ ਕੁੰਡਲ ਮਾਰ ਲੈਂਦੀ ਹੈ ਤੇ ਬੱਚੇ ਪੈਦਾ ਹੁੰਦੀ ਸਾਰ ਆਪੇ ਖਾਈ ਜਾਂਦੀ ਹੈ। ਇਕ ਮਨੁੱਖ ਹੈ ਜੇ ਇਹ ਚਾਹੇ ਤਾਂ ਸਾਰੀ ਸ੍ਰਿਸ਼ਟੀ ਨੂੰ ਇਕੱਲਾ ਹੀ ਮਾਰ ਸਕਦਾ ਹੈ। ਐਸੇ ਹਥਿਆਰ ਬਣੇ ਹੋਏ ਹਨ ਕਿ ਜੇ ਥੋੜ੍ਹੇ ਜਿੰਨੇ ਵੀ ਚਲਾ ਦੇਵੇ ਤਾਂ ਇਕ ਵੀ ਬੰਦਾ ਨਹੀਂ ਬਚ ਸਕੇਗਾ। ਆਪਣੇ ਆਪ ਨੂੰ ਪੜ੍ਹੇ ਲਿਖੇ ਸਿਆਣੇ ਦੱਸਦੇ ਹਨ, ਕੋਈ ਕਹਿੰਦੈ ਮੈਂ ਪੀ-ਐਚ.ਡੀ ਹਾਂ, ਕੋਈ ਕਹਿੰਦੈ ਮੈਂ ਵੱਡਾ ਪ੍ਰਬੰਧਕ ਹਾਂ, ਮੈਂ ਵੱਡਾ ਸਾਇੰਟਿਸਟ ਹਾਂ ਤੇ ਇਸ ਤੋਂ ਵੀ ਵੱਡੇ ਅਹੁਦਿਆਂ ਦਾ ਜ਼ਿਕਰ ਕਰਦੈ, ਪਰ ਹੁੰਦਾ ਕੀ ਹੈ, ਇਹ ਦਰਿੰਦਾ ਬਣ ਜਾਂਦੈ ਤੇ ਸ਼ੇਰ ਤੋਂ ਵੀ ਮਾੜਾ ਵਰਤਾਅ ਕਰਦਾ ਹੈ। ਸ਼ੇਰ ਦੇ ਵਿਚ ਇਹ ਖੂਬੀ ਹੈ ਕਿ ਜੇਕਰ ਇਸ ਨੂੰ ਭੁਖ ਨਾ ਲੱਗੀ ਹੋਵੇ ਤਾਂ ਕਿਸੇ ਨੂੰ ਨਹੀਂ ਮਾਰਦਾ, ਭੁੱਖ ਲੱਗੀ ਹੋਵੇ ਤਾਂ ਹਮਲਾ ਕਰਕੇ ਮਾਰ ਦਿੰਦਾ ਹੈ।

ਅਸੀਂ ਇਹ ਦੇਖਿਆ ਹੋਇਐ। ਯੂ.ਪੀ., ਫਾਰਮ ਵਿਚ ਅਸੀਂ ਜਦੋਂ ਰਹਿੰਦੇ ਸੀ ਤਾਂ ਸ਼ੇਰ ਸਾਡੇ ਕੋਲ ਦੀ ਲੰਘ ਜਾਂਦੇ ਸੀ। ਜੇ ਸੁੱਤੇ ਪਏ ਹੁੰਦੇ ਤਾਂ ਵੀ ਦੁਆਲੇ ਦੀ ਲੰਘ ਜਾਂਦੇ ਸੀ, ਲੇਕਿਨ ਉਹ ਇਸ ਤਰ੍ਹਾਂ ਮਾਰਦਾ ਨਹੀਂ ਭਾਵੇਂ ਉਸ ਦਾ ਡਰ ਬਹੁਤ ਹੈ। ਲੇਕਿਨ ਮਨੁੱਖ ਐਸੀ ਚੀਜ਼ ਹੈ ਕਿ ਜਦੋਂ ਇਹ ਦਰਿੰਦਾ ਬਣ ਜਾਵੇ, ਫੇਰ ਇਹ ਕਿਸੇ ਨੂੰ ਨਹੀਂ ਛੱਡਿਆ ਕਰਦਾ, ਇਹੋ ਜਿਹੀਆਂ ਗੱਲਾਂ ਕਰ ਦਿੰਦੈ ਕਿ ਹੈਰਾਨ ਹੋ ਜਾਈਦੈ ਕਿ ਕੀ ਇਹ ਮਨੁੱਖ ਹੈ? ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਭਾਈ ਤੂੰ ਮਨੁੱਖ ਬਣ ਜਾ, ਤੂੰ ਇਨਸਾਨ ਬਣ ਜਾ। ਹੋਰ ਜਾਨਵਰਾਂ, ਪਸ਼ੂਆਂ ਨੂੰ ਕੋਈ ਨਹੀਂ ਕਹਿੰਦਾ, ਮੱਝ ਨੂੰ ਕੋਈ ਨਹੀਂ ਕਹਿੰਦਾ ਕਿ ਤੂੰ ਮੱਝ ਬਣ ਜਾ, ਕਦੇ ਕਿਸੇ ਨੇ ਸੁਣਿਐ ਬਲਦ ਨੂੰ ਕਹਿੰਦਾ ਕਿ ਤੂੰ ਬਲਦ ਬਣ ਜਾ ਕਿਉਂਕਿ ਉਹ ਤਾਂ ਬਲਦ ਹੀ ਹੈ, ਲੇਕਿਨ ਇਨਸਾਨ, ਇਨਸਾਨ ਨਹੀਂ ਹੈ, ਇਸ ਨੂੰ ਇਨਸਾਨ ਬਨਾਉਣਾ ਪੈਂਦੈ। ਜੇ ਤਾਂ ਇਹ ਬੁੱਧੀ ਤੋਂ ਕੰਮ ਲੈ ਲਵੇ ਤੇ ਆਤਮ ਵਿਦਿਆ ਵੱਲ ਨੂੰ ਚਲ ਪਵੇ, ਰੂਹਾਨੀਅਤ ਦੇ ਮਾਰਗ ਤੇ ਚਲ ਪਵੇ, ਫੇਰ ਤਾਂ ਇਸ ਨੂੰ ਸੋਝੀ ਹੋ ਜਾਵੇਗੀ ਫੇਰ ਸਾਰੀ ਦੁਨੀਆਂ ਦਾ ਸੇਵਕ ਬਣ ਕੇ ਸਭ ਨੂੰ ਸੁਖ ਪ੍ਰਦਾਨ ਕਰ ਸਕਦਾ ਹੈ। ਜੇਕਰ ਇਸ ਦਾ ਦਿਮਾਗ ਉਲਟੇ ਪਾਸੇ ਚਲ ਜਾਵੇ ਤਾਂ ਇਹ ਸਾਰੀ ਦੁਨੀਆਂ ਨੂੰ ਦੁਖੀ ਕਰ ਦਿੰਦਾ ਹੈ। ਸੋ ਇਸ ਕਰਕੇ ਜਿਥੇ ਮਨੁੱਖ ਦੀ ਦੇਹ ਅਮੋਲ ਕਹੀ ਹੈ, ਉਥੇ ਇਹ ਬਿਲਕੁਲ ਕਿਸੇ ਕੰਮ ਦੀ ਨਹੀਂ। ਕਿਉਂਕਿ ਇਸ ਦੇ ਵਿਚ ਪੁੰਨ ਪਾਪ ਬੀਜਿਆ ਜਾਂਦਾ ਹੈ, ਇਸ ਦੇਹੀ ਨੂੰ ਕਰਮ ਭੂਮੀ ਕਹਿੰਦੇ ਹਨ। ਇਸ ਵਿਚ ਪਾਪ ਬੀਜੇਗਾ ਤਾਂ ਇਸ ਨੂੰ ਪਾਪ ਦਾ ਫਲ ਲੱਗੇਗਾ, ਪੁੰਨ ਬੀਜੇਗਾ ਤਾਂ ਪੁੰਨ ਦਾ ਫਲ ਲੱਗੇਗਾ। ਜੇ ਨਾਮ ਬੀਜੇਗਾ ਤਾਂ ਨਾਮ ਦਾ ਫਲ ਲਗੇਗਾ। ਸੋ ਨਾਮ ਬੀਜਣ ਵਾਲੀ ਜਿਹੜੀ ਦੇਹ ਹੈ, ਉਹ ਪੂਜਨੀਕ ਹੋ ਜਾਇਆ ਕਰਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਹੜਾ ਆਪ ਨਾਮ ਜਪਦੈ ਤੇ ਦੂਜਿਆਂ ਨੂੰ ਪ੍ਰੇਰਨਾ ਕਰਦੈ ਕਿ ਤੂੰ ਵੀ ਨਾਮ ਜਪ ਤਾਂ ਮਹਾਰਾਜ ਉਸ ਨੂੰ ਕਿੱਡੀ ਵਡਿਆਈ ਦਿੰਦੇ ਹਨ ਕਿ -

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306

ਜਿਹੜਾ ਆਪ ਵੀ ਨਾਮ ਜਪਦੈ ਤੇ ਦੂਸਰਿਆਂ ਨੂੰ ਵੀ ਜਪਾਉਂਦੈ ਤਾਂ ਮਹਾਰਾਜ ਉਸ ਦੇ ਚਰਨਾਂ ਦੀ ਧੂੜ ਮੰਗਦੇ ਹਨ-

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥
ਪੰਨਾ - 1424

ਦੂਸਰੇ ਪਾਸੇ ਇਸ ਤੋਂ ਉਲਟ ਇਹ ਹੈ ਕਿ ਉਸ ਵਾਸਤੇ ਇਹ ਮੰਗਦੇ ਹਨ ਕਿ ਹੇ ਵਾਹਿਗੁਰੂ ਇਹੋ ਜਿਹੇ ਬੰਦੇ ਦੇ ਮੱਥੇ ਨਾ ਲਾਵੀਂ ਜਿਹੜਾ ਦਰਿੰਦਾ ਹੈ। ਇਤਿਹਾਸ ਪੜ੍ਹ ਕੇ ਦੇਖ ਲਵੋ ਕਿ ਸੰਸਾਰ ਦੇ ਅੰਦਰ ਕਿੰਨੇ ਪਾਪ ਹੋਏ ਹਨ ਇਹੋ ਜਿਹੇ ਬੰਦਿਆਂ ਪਾਸੋਂ ਕਿਉਂਕਿ ਵਾਹਿਗੁਰੂ ਨੂੰ ਭੁਲਿਆ ਹੋਣ ਕਰਕੇ ਬੰਦਾ ਪਾਪ ਕਰਦਾ ਹੈ। ਸੋ ਜਿਹੜਾ ਪ੍ਰਮੇਸ਼ਰ ਦਾ ਭਜਨ ਕਰਦਾ ਹੈ ਉਸ ਦਾ ਸੰਸਾਰ ਤੇ ਆਉਣਾ ਸਫਲ ਹੋਇਆ ਕਰਦਾ ਹੈ। ਪ੍ਰਮੇਸ਼ਰ ਨੂੰ ਨਾ ਬੁੱਝਣ ਕਰਕੇ ਤਾਂ -

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥
ਪੰਨਾ - 251

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਸ਼ੂਆਂ ਵਿਚੋਂ ਵੀ ਢੋਰ ਪਸ਼ੂ ਕਹੋ, ਗਧੇ ਨਾਲੋਂ ਵੀ ਮਾੜਾ ਜਿਸ ਨੂੰ ਇਹ ਸਮਝ ਨਹੀਂ ਪਈ ਕਿ ਮੈਂ ਸੰਸਾਰ ਤੇ ਕਿਉਂ ਆਇਆ ਹਾਂ।

ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥
ਯਾ ਜੁਗ ਮਹਿ ਏਕਹਿ ਕਉ ਆਇਆ॥
ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ - 251

ਆਇਆ ਤਾਂ ਇਹ ਪ੍ਰਮੇਸ਼ਰ ਦੇ ਨਾਮ ਜਪਣ ਵਾਸਤੇ ਸੀ ਲੇਕਿਨ ਮਾਇਆ ਦਾ ਇਸ ਦੇ ਮਨ ਤੇ ਅਸਰ ਹੋਣ ਕਰਕੇ ਇਹ ਮੋਹਿਆ ਗਿਆ। ਇਸ ਦਾ ਸਾਰਾ ਹੀ ਸਮਾਂ ਆਸਾ ਵਿਚ, ਅੰਦੇਸ਼ੇ ਵਿਚ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਵੈਰ, ਵਿਰੋਧ, ਕਾਮ, ਕਰੋਧ ਆਦਿ ਇਨ੍ਹਾਂ ਗੱਲਾਂ ਵਿਚ ਲੰਘ ਜਾਂਦਾ ਹੈ।

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥

ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 268

ਧ੍ਰੂ ਨੇ ਮਾਤਾ ਦੀਆਂ ਇਹ ਗੱਲਾਂ ਸਮਝ ਲਈਆਂ ਤੇ ਮਨ ਦਾ ਭੇਤ ਨਹੀਂ ਦੱਸਿਆ। ਰਾਤ ਨੂੰ ਉਠਿਆ, ਦੇਖਿਆ ਮਾਤਾ ਨੀਂਦ ਵਿਚ ਸੁੱਤੀ ਪਈ ਹੈ ਤੇ ਪੰਜ ਪ੍ਰਕਰਮਾਂ ਕੀਤੀਆਂ ਤੇ ਚਰਨਾਂ ਵੱਲ ਮੱਥਾ ਟੇਕਿਆ। ਮਨ ਹੀ ਮਨ ਵਿਚ ਮਾਤਾ ਦਾ ਧੰਨਵਾਦ ਕਰਦੈ ਤੇ ਕਹਿਣ ਲੱਗਿਆ, ਮਾਤਾ ਜੀ! ਤੁਸੀਂ ਮੈਨੂੰ ਉਪਦੇਸ਼ ਦੇ ਕੇ ਮੇਰੇ ਨੇਤਰ ਖੋਲ੍ਹ ਦਿਤੇ, ਹੁਣ ਮੈਂ ਕੇਵਲ ਪ੍ਰਭੂ ਦੀ ਭਗਤੀ ਹੀ ਕਰਾਂਗਾ ਕਿਉਂਕਿ ਪਹਿਲਾਂ ਮੈਨੂੰ ਪਤਾ ਨਹੀਂ ਸੀ। ਉਸ ਵੇਲੇ ਘਰੋਂ ਬਾਹਰ ਨਿਕਲ ਗਿਆ ਤੇ ਮਨ ਵਿਚ ਵੈਰਾਗ ਧਾਰਨ ਕਰ ਲਿਆ।

ਧਾਰਨਾ - ਮਨ ਹੋਇਕੇ ਬੈਰਾਗੀ ਉਠ ਚਲਿਆ -2, 2.
ਮਨ ਹੋਇਕੈ ਬੈਰਾਗੀ ਉਠ ਚਲਿਆ -2, 4.

ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਭਾਈ ਗੁਰਦਾਸ ਜੀ ਦੀ ਵਾਰ 10/1

ਸਾਧ ਸੰਗਤ ਜੀ! ਉਸ ਬੱਚੇ ਦੀ ਦਲੇਰੀ ਵੱਲ ਤੱਕ ਕੇ ਹੈਰਾਨ ਹੋ ਜਾਈਦੈ ਤੇ ਉਸ ਛੋਟੇ ਜਿਹੇ ਬੱਚੇ ਦੀ ਉਮਰ ਤੱਕ ਕੇ ਭੀ ਕਿਉਂਕਿ ਸਾਡੀਆਂ ਬਾਣੀ ਪੜ੍ਹਦਿਆਂ, ਸੁਣਦਿਆਂ ਦੀਆਂ ਉਮਰਾਂ ਲੰਘ ਗਈਆਂ, ਦਿਲ ਵਿਚ ਝਾਤੀ ਮਾਰ ਕੇ ਦੇਖੀਏ, ਕੀ ਸਾਨੂੰ ਕਦੀ ਵੈਰਾਗ ਪੈਦਾ ਹੋਇਆ ਹੈ? ਕਦੇ ਮਨ ਦੇ ਅੰਦਰ ਵੈਰਾਗ ਪੈਦਾ ਹੀ ਨਹੀਂ ਹੋਇਆ। ਉਧਰ ਧ੍ਰੂ ਵੱਲ ਵੇਖੀਏ, ਉਸ ਬੱਚੇ ਦਾ ਮਨ ਵੈਰਾਗੀ ਹੋ ਗਿਆ, ਉਸ ਨੂੰ ਤੀਬਰ ਵੈਰਾਗ ਉਤਪੰਨ ਹੋ ਗਿਆ। ਉਸ ਦੇ ਮਨ ਵਿਚ ਕੋਈ ਖਿਆਲ ਨਹੀਂ ਆਇਆ ਕਿ ਜੰਗਲ ਵਿਚ ਮੈਨੂੰ ਕਿੰਨੀਆਂ ਤਕਲੀਫਾਂ ਆਉਣਗੀਆਂ, ਮੈਂ ਭਜਨ ਕਿਵੇਂ ਕਰਾਂਗਾ, ਮੈਂ ਰਸਤਾ ਨਹੀਂ ਜਾਣਦਾ, ਇਕ ਪ੍ਰਮੇਸ਼ਰ ਦੀ ਆਸ ਤੇ ਚਲਿਆ ਜਾ ਰਿਹਾ ਸੀ। ਮਨ ਵਿਚ ਪਰਪੱਕ ਵਿਚਾਰ ਸੀ ਕਿ ਵਾਹਿਗੁਰੂ ਮੈਨੂੰ ਆਪ ਹੀ ਰਸਤਾ ਵਿਖਾਏਗਾ। ਸਾਰੀ ਰਾਤ ਜੰਗਲ ਵਿਚੋਂ ਦੀ ਤੁਰਿਆ ਜਾ ਰਿਹੈ, ਦੂਸਰਾ ਦਿਨ ਆ ਗਿਆ। ਸਾਹਮਣੇ ਨਦੀ ਆ ਗਈ, ਲੰਘ ਨਹੀਂ ਸਕਦਾ, ਯਤਨ ਕਰਦੈ, ਜਦ ਗੋਡੇ ਗੋਡੇ ਪਾਣੀ ਤਕ ਜਾਂਦਾ ਹੈ। ਫੇਰ ਮੁੜ ਆਉਂਦਾ ਹੈ ਤੇ ਹੈਰਾਨ ਹੋ ਰਿਹਾ ਹੈ ਕਿ ਮੈਂ ਨਦੀ ਨੂੰ ਕਿਵੇਂ ਪਾਰ ਕਰਾਂ। ਨਾਰਦ ਮੁਨੀ ਜੀ ਜੋ ਵਿਸ਼ਵ ਭਰਮਣ ਕਰ ਰਹੇ ਸੀ, ਉਨ੍ਹਾਂ ਨੇ ਧ੍ਰੂ ਨੂੰ ਵੇਖ ਲਿਆ ਤੇ ਆਵਾਜ਼ ਦਿਤੀ ਕਾਕਾ ਕਿਧਰ ਨੂੰ ਜਾ ਰਿਹਾ ਹੈਂ, ਬੇਟਾ! ਇਧਰ ਮੇਰੇ ਕੋਲ ਆਓ। ਨੇੜੇ ਆ ਗਿਆ। ਨਾਰਦ ਜੀ ਕਹਿਣ ਲੱਗੇ ਬੇਟਾ, ਤੂੰ ਇਥੇ ਕੀ ਕਰਦਾ ਫਿਰਦੈਂ ਤੇ ਕਿਸ ਵਾਸਤੇ ਆਇਆ ਹੈਂ? ਕਹਿਣ ਲੱਗਿਆ ਮਹਾਰਾਜ! ਮੈਂ ਭਗਤੀ ਕਰਨੀ ਹੈ। ਕਹਿਣ ਲੱਗੇ ਬੇਟਾ! ਭਗਤੀ ਕਰਨ ਵਾਸਤੇ ਹਾਲੇ ਤੇਰੀ ਉਮਰ ਛੋਟੀ ਹੈ। ਹਾਲੇ ਤਾਂ ਤੈਨੂੰ ਇਸ ਰਸਤੇ ਦਾ ਪਤਾ ਨਹੀਂ ਕਿਉਂਕਿ ਤੂੰ ਆਪ ਇਸ਼ਨਾਨ ਨਹੀਂ ਕਰ ਸਕਦਾ, ਪ੍ਰਸ਼ਾਦਾ ਨਹੀਂ ਛਕ ਸਕਦਾ, ਕੇਸੀ ਇਸ਼ਨਾਨ ਨਹੀਂ ਕਰ ਸਕਦਾ ਤੇ ਭਗਤੀ ਤੂੰ ਕਿਸ ਤਰ੍ਹਾਂ ਕਰੇਂਗਾ ਤੇ ਤੈਨੂੰ ਭਗਤੀ ਬਾਰੇ ਕਿਸ ਨੇ ਦੱਸਿਆ ਹੈ? ਕਹਿਣ ਲੱਗਿਆ ਕਿ ਮੇਰੀ ਮਾਂ ਨੇ ਭਗਤੀ ਵਲ ਲਾਇਆ ਹੈ, ਮੈਂ ਰਾਜੇ ਦਾ ਲੜਕਾ ਹਾਂ ਪਰ ਮੇਰੀ ਮਤਰੇਈ ਮਾਂ ਨੇ ਮੈਨੂੰ ਮਾਰਿਆ ਹੈ। ਮੇਰੀ ਮਾਂ ਪਟਰਾਣੀ ਹੈ, ਉਸ ਨੇ ਮੈਨੂੰ ਦੱਸਿਆ ਕਿ ਆਪਾਂ ਦੋਨਾਂ ਨੇ ਪਿਛਲੇ ਜਨਮ ਵਿਚ ਭਗਤੀ ਨਹੀਂ ਕੀਤੀ, ਇਸ ਕਰਕੇ ਤੇਰੇ ਪਿਤਾ ਨੇ ਛੋਟੀ ਰਾਣੀ, ਜੋ ਮੇਰੀ ਮਾਸੀ ਲਗਦੀ ਹੈ, ਨੇ ਅਸਾਨੂੰ ਦੋਹਾਂ ਮਾਂ ਪੁੱਤ ਨੂੰ ਮਹਿਲਾਂ ਵਿਚੋਂ ਕਢਾ ਦਿਤਾ ਹੈ, ਮੇਰੀ ਮਾਂ ਨੇ ਦੱਸਿਆ ਕਿ ਭਗਤੀ ਤੋਂ ਹੀਣੇ ਰਹਿਣ ਕਰਕੇ ਆਪਣੀ ਇਹ ਹਾਲਤ ਹੋਈ ਹੈ। ਹੁਣ ਮੇਰੇ ਮਨ ਵਿਚ ਹੈ ਕਿ ਮੈਂ ਪਿਛਲੇ ਜਨਮ ਵਿਚ ਭਗਤੀ ਨਹੀਂ ਕੀਤੀ, ਇਸੇ ਕਰਕੇ ਮੇਰਾ ਇਹ ਹਾਲ ਹੋਇਐ ਹੈ ਤੇ ਮੈਨੂੰ ਇਸ ਦੁਖ ਦਾ ਸਾਮ੍ਹਣਾ ਕਰਨਾ ਪਿਆ ਤੇ ਹੁਣ ਮੈਂ ਭਗਤੀ ਕਰਾਂਗਾ, ਪ੍ਰਭੂ ਦੀ ਬੰਦਗੀ ਕਰਾਂਗਾ ਕਿਉਂਕਿ ਮੇਰੀ ਮਾਤਾ ਨੇ ਮੈਨੂੰ ਇਸ ਬਾਰੇ ਦੱਸਿਆ ਹੈ। ਨਾਰਦ ਜੀ ਕਹਿਣ ਲੱਗੇ ਬੇਟਾ! ਤੈਨੂੰ ਪਤਾ ਨਹੀਂ, ਜੰਗਲ ਵਿਚ ਸ਼ੇਰ ਦਹਾੜ ਰਹੇ ਹਨ, ਵੱਡੇ ਵੱਡੇ ਅਜਗਰ ਹਨ ਜੋ ਸਾਬਤੇ ਮਨੁੱਖ ਨੂੰ ਨਿਗਲ ਜਾਂਦੇ ਹਨ, ਤੈਨੂੰ ਇਨ੍ਹਾਂ ਬਾਰੇ ਪਤਾ ਹੈ? ਕਹਿਣ ਲੱਗਾ ਹਾਂ ਜੀ, ਪਤਾ ਹੈ ਪਰ ਮੈਂ ਵਾਹਿਗੁਰੂ ਦੀ ਭਗਤੀ ਕਰਨੀ ਹੈ ਤੇ ਮੇਰੇ ਮਾਤਾ ਨੇ ਦੱਸਿਐ ਕਿ ਵਾਹਿਗੁਰੂ ਸਰਬ ਕਲਾ ਸਮਰੱਥ ਹੈ ਜੇ ਉਸ ਦੀ ਸ਼ਰਨ ਲੈ ਲਈ ਜਾਵੇ ਤਾਂ -

ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥
ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥
(ਅਕਾਲ ਉਸਤਤਿ)

ਕਹਿਣ ਲੱਗਿਆ, ਬਾਬਾ ਜੀ! ਜਿਸ ਨੇ ਮੈਨੂੰ ਮਾਤਾ ਦੇ ਪੇਟ ਵਿਚ ਰੱਖਿਐ ਤੇ ਹੁਣ ਤੱਕ ਮੇਰੀ ਰਾਖੀ ਕਰਦਾ ਆ ਰਿਹਾ ਹੈ, ਉਹ ਮੇਰੀ ਰਾਖੀ ਕਰੇਗਾ। ਨਾਰਦ ਜੀ ਨੇ ਬਹੁਤ ਡਰਾਇਆ ਲੇਕਿਨ ਉਨ੍ਹਾਂ ਨੇ ਦੇਖਿਆ ਕਿ ਬੱਚੇ ਦਾ ਇਰਾਦਾ ਦ੍ਰਿੜ੍ਹ ਹੈ ਅਤੇ ਇਹੋ ਜਿਹੀ ਦ੍ਰਿੜ੍ਹਤਾ ਤਾਂ ਕੇਵਲ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ ਕਿ ਵੈਰਾਗ ਵੀ ਹੋਵੇ ਅਤੇ ਨਾਲ ਦ੍ਰਿੜ੍ਹਤਾ ਹੋਵੇ, ਫੇਰ ਉਸ ਦੀ ਸਫਲਤਾ ਬਾਰੇ ਕੋਈ ਸ਼ੱਕ ਨਹੀਂ ਰਿਹਾ ਕਰਦਾ। ਇਸ ਤਰ੍ਹਾਂ ਬੱਚੇ ਨਾਲ ਗੱਲਾਂ ਕਰਨ ਤੋਂ ਬਾਅਦ ਹੈਰਾਨ ਹੋ ਗਏ ਕਿ ਬੱਚਾ ਐਨਾ ਜ਼ਹੀਨ ਹੈ ਕਿ ਵੱਡੀਆਂ ਵੱਡੀਆਂ ਗੱਲਾਂ ਸਮਝਦੈ। ਉਸ ਵੇਲੇ ਨਾਰਦ ਜੀ ਕਹਿਣ ਲੱਗੇ ਬੇਟਾ! ਇਹ ਪ੍ਰਭੂ ਭਗਤੀ ਦਾ ਰਸਤਾ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਿਆ ਕਰਦਾ ਕਿਉਂਕਿ ਇਸ ਬਾਰੇ ਤੈਨੂੰ ਪਤਾ ਨਹੀਂ, ਇਹ ਬਾਹਰਲੀ ਵਿਦਿਆ ਨਹੀਂ, ਇਹ ਅੰਦਰਲੀ ਵਿਦਿਆ ਹੈ। ਜਿੰਨਾ ਚਿਰ ਅੰਦਰਲੀ ਵਿਦਿਆ ਦੀ ਸਮਝ ਨਾ ਆਵੇ ਓਨਾਂ ਚਿਰ ਰੂਹਾਨੀ ਮਾਰਗ ਵਿਚ ਤਰੱਕੀ ਨਹੀਂ ਹੋਇਆ ਕਰਦੀ। ਸੋ ਇਸ ਵਾਸਤੇ ਗੁਰੂ ਦੀ ਲੋੜ ਹੁੰਦੀ ਹੈ।

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥
ਪੰਨਾ - 1237

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਮਹਾਰਾਜ! ਗੁਰੂ ਕਿੰਨੇ ਕਿਸਮ ਦੇ ਹੁੰਦੇ ਹਨ ਤਾਂ ਮਹਾਰਾਜ ਜੀ ਨੇ ਦੱਸਿਆ, ਪ੍ਰੇਮੀਓ! ਚਾਰ ਕਿਸਮ ਦੇ ਗੁਰੂ ਹੁੰਦੇ ਹਨ। ਪਹਿਲੀ ਕਿਸਮ ਦਾ ਗੁਰੂ ਅੰਨ੍ਹਾ ਗੁਰੂ ਹੁੰਦਾ ਹੈ ਅਤੇ ਇਸ ਨੂੰ ਕੱਚਾ ਗੁਰੂ ਵੀ ਕਹਿੰਦੇ ਹਨ। ਇਹ ਆਪਣੇ ਚੇਲਿਆਂ ਨੂੰ ਕਰਮ-ਕਾਂਡ ਵਿਚ ਪਾ ਦਿੰਦਾ ਹੈ ਤੇ ਨਫਰਤ ਫੈਲਾਉਂਦਾ ਹੈ। ਉਸ ਦੀ ਤਾਲੀਮ ਨਫਰਤ ਦੀ ਭਰੀ ਹੋਇਆ ਕਰਦੀ ਹੈ, ਦੂਸਰਿਆਂ ਨੂੰ

ਹੇਚ ਸਮਝੇਗਾ ਅਤੇ ਆਪਣੇ ਆਪ ਨੂੰ ਵੱਡਾ ਸਮਝੇਗਾ, ਸੋ ਹਨ੍ਹੇਰੇ ਵਿਚ ਪਾ ਦੇਵੇਗਾ ਅਤੇ ਭੰਭਲ-ਭੂਸਿਆਂ ਵਿਚ ਪਾ ਦੇਵੇਗਾ ਅਤੇ ਉਸ ਦੇ ਪਿਛੇ ਲੱਗਣ ਵਾਲੇ ਸਭ ਡੁੱਬ ਜਾਣਗੇ। ਜੇਕਰ ਅੰਨ੍ਹੇ ਦਾ ਹੱਥ ਫੜ ਕੇ ਦਰਿਆ ਪਾਰ ਕਰਨਾ ਚਾਹਵੋ, ਜਿਸ ਬੇੜੀ ਦਾ ਮਲਾਹ ਅੰਨ੍ਹਾ ਬੰਦਾ ਹੋਵੇ, ਭਲਾ ਦੱਸੋ ਉਹ ਪਾਰ ਕਿਸ ਤਰ੍ਹਾਂ ਲੰਘਾ ਦੇਵੇਗਾ ਕਿਉਂਕਿ ਉਹ ਨੇਤਰਾਂ ਤੋਂ ਅੰਨ੍ਹਾ ਹੈ, ਉਸ ਦੀਆਂ ਅੱਖਾਂ ਹੀ ਨਹੀਂ ਹਨ। ਇਸ ਨੂੰ ਕੱਚਾ ਗੁਰੂ ਤੇ ਅੰਨ੍ਹਾ ਗੁਰੂ ਕਹਿੰਦੇ ਹਨ। ਦੂਸਰੀ ਕਿਸਮ ਦਾ ਗੁਰੂ ਅਵਧੂਤ ਗੁਰੂ ਹੁੰਦਾ ਹੈ। ਉਸ ਨੂੰ ਆਪ ਤਾਂ ਕਿਸੇ ਨਾ ਕਿਸੇ ਤਰ੍ਹਾਂ ਸਮਝ ਪੈ ਜਾਂਦੀ ਹੈ ਲੇਕਿਨ ਉਹ ਵਿਦਵਾਨ ਨਾ ਹੋਣ ਕਰਕੇ ਸੰਸਾ ਨਵਿਰਤੀ ਨਹੀਂ ਕਰ ਸਕਦਾ, ਕਿਸੇ ਦੇ ਸੰਸੇ ਨੂੰ ਦੂਰ ਨਹੀਂ ਕਰ ਸਕਦਾ, ਜਦ ਤੱਕ ਸੰਸਾ ਦੂਰ ਨਾ ਹੋਵੇ ਉਦੋਂ ਤੱਕ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਤੀਸਰਾ ਪੰਡਤ ਗੁਰੂ ਹੁੰਦਾ ਹੈ। ਪੰਡਤ ਗੁਰੂ ਜੋ ਹੁੰਦੈ ਉਹ ਅਣਤਾਰੂ ਗੁਰੂ ਹੁੰਦਾ ਹੈ, ਉਹ ਕੇਵਲ ਰਸਤਾ ਜਾਣਦਾ ਹੈ ਉਹ ਆਪ ਤਰਨ ਨਹੀਂ ਜਾਣਦਾ। ਜਗਿਆਸੂ ਨੂੰ ਸਮਝਾ ਕੇ ਦਿਖਾ ਦਿੰਦੈ ਕਿ ਕਿਨਾਰੇ ਦਾ ਉਹ ਪਰਲਾ ਪਾਸਾ ਹੈ ਲੇਕਿਨ ਨਾਲ ਜਾ ਕੇ ਲੰਘਾ ਨਹੀਂ ਸਕਦਾ ਕਿਉਂਕਿ ਉਸ ਨੂੰ ਤਰਨਾ ਨਹੀਂ ਆਉਂਦਾ। ਤਰਨਾ ਨਾ ਜਾਨਣ ਕਰਕੇ, ਕੇਵਲ ਵਿਦਿਆ ਦੇ ਬਲ ਨਾਲ ਜਾਣਦੈ ਪਰੰਤੂ ਅਭਿਆਸ ਦੇ ਨਾਲ ਨਹੀਂ ਜਾਣਦਾ। ਉਸ ਦਾ ਗਿਆਨ ਕਿਤਾਬਾਂ 'ਚੋਂ, ਗ੍ਰੰਥਾਂ 'ਚੋਂ ਪੜ੍ਹਿਆ ਹੋਇਆ ਹੁੰਦੈ, ਉਹ ਕੇਵਲ ਖਾਲੀ ਰਾਈਫਲ ਵਾਂਗ ਹੁੰਦੈ, ਖਾਲੀ ਫਾਇਰ ਹੁੰਦੈ, ਉਸ ਤੋਂ ਨਾ ਕੋਈ ਜਖਮੀ ਹੁੰਦੈ ਤੇ ਨਾ ਹੀ ਮਾਰਿਆ ਜਾਂਦਾ ਹੈ। ਅਜਿਹੇ ਪ੍ਰਾਪਤ ਕੀਤੇ ਗਿਆਨ ਨੂੰ ਮਿਥਿਆ ਗਿਆਨ ਕਿਹਾ ਜਾਂਦਾ ਹੈ। ਚੌਥੀ ਕਿਸਮ ਦਾ ਗੁਰੂ ਸਮਰੱਥ ਗੁਰੂ ਹੋਇਆ ਕਰਦਾ ਹੈ, ਉਸ ਨੇ ਬ੍ਰਹਮ ਨੂੰ ਪ੍ਰਤੱਖ (realise) ਕੀਤਾ ਹੁੰਦਾ ਹੈ, ਉਹ ਤੁਰੀਆ ਅਵਸਥਾ ਵਿਚ ਖੇਡਦਾ ਹੈ ਕਿਉਂਕਿ ਨਾਮ ਜਪਣ ਵਾਲਿਆਂ ਦੀਆਂ ਅੱਠ ਭੂਮਿਕਾ ਹੋਇਆ ਕਰਦੀਆਂ ਹਨ ਅਤੇ ਅੱਠਵੀਂ ਅਵਸਥਾ ਨੂੰ ਤੁਰੀਆ ਅਤੀਤ ਆਖਿਆ ਜਾਂਦਾ ਹੈ। ਇਹ ਅਵਸਥਾ ਜਿਸ ਨੂੰ ਤੁਰੀਆ ਅਤੀਤ ਕਹਿੰਦੇ ਹਨ ਸਮਰੱਥ ਗੁਰੂ ਦੀ ਹੋਇਆ ਕਰਦੀ ਹੈ। ਪ੍ਰਮੇਸ਼ਰ ਤੇ ਉਸ ਦੇ ਵਿਚ ਕੋਈ ਫਰਕ ਨਹੀਂ ਹੁੰਦਾ ਇਕੋ ਹੀ ਹੋਇਆ ਕਰਦੇ ਹਨ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥
ਪੰਨਾ - 442

ਜੇਕਰ ਐਸਾ ਗੁਰੂ ਮਿਲੇ ਤਾਂ ਰੂਹਾਨੀ ਰਸਤੇ ਦੀ ਪ੍ਰਾਪਤੀ ਹੋਇਆ ਕਰਦੀ ਹੈ ਅਤੇ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਐਸਾ ਗੁਰੂ ਹੀ ਗੁਰੂ ਧਾਰਨ ਕਰਨ ਦੇ ਕਾਬਲ ਹੋਇਆ ਕਰਦੈ ਤੇ ਬਾਕੀ ਕਿਸਮ ਦੇ ਗੁਰੂ ਡੋਬ ਦਿਆ ਕਰਦੇ ਹਨ ਅਤੇ ਆਪ ਵੀ ਡੁੱਬ ਜਾਂਦੇ ਹਨ। ਐਸੇ ਗੁਰੂ ਦੀਆਂ ਅਨੇਕਾਂ ਮਿਸਾਲਾਂ ਹਨ ਪਰ ਹੁਣ ਸਮਾਂ ਨਹੀਂ ਇਸ ਕਰਕੇ ਵਿਸਥਾਰ ਵਿਚ ਨਹੀਂ ਜਾਂਦੇ।

ਨਾਰਦ ਮੁਨੀ ਜੀ ਨੇ ਦੇਖਿਆ ਕਿ ਬੱਚੇ ਵਿਚ ਤਾਂ ਦ੍ਰਿੜ੍ਹਤਾ ਹੈ, ਇਹ ਤਾਂ ਨਾਮ ਦਾ ਗਾਹਕ ਮਿਲ ਗਿਆ ਕਿਉਂਕਿ ਜਿੰਨਾ ਚਿਰ ਨਾਮ ਦਾ ਗਾਹਕ ਨਾ ਮਿਲੇ ਉਨਾਂ ਚਿਰ ਨਾਮ ਦੀ ਬਾਤ ਕਰਨੀ ਫਜ਼ੂਲ ਹੋਇਆ ਕਰਦੀ ਹੈ।

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹੁ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥
ਪੰਨਾ - 1365

ਕਿਉਂਕਿ ਨਾਮ ਦਾ ਗਾਹਕ ਕੋਈ ਵਿਰਲਾ ਹੁੰਦੈ ਨਹੀਂ ਤਾਂ ਬੀਮਾਰੀਆਂ ਦੇ ਗਾਹਕ ਹੁੰਦੇ ਹਨ ਕਿ ਮੇਰੀ ਬੀਮਾਰੀ ਹੱਟ ਜਾਵੇ, ਕੋਈ ਕਹਿੰਦੈ ਮੇਰਾ ਕਾਰੋਬਾਰ ਠੀਕ ਹੋ ਜਾਵੇ, ਕੋਈ ਕਹਿੰਦੈ ਕਿ ਮੇਰਾ ਰੁਜ਼ਗਾਰ ਚੰਗਾ ਲੱਗ ਜਾਵੇ, ਕੋਈ ਕਹਿੰਦੈ ਕਿ ਮੇਰੇ ਦੁਸ਼ਮਣਾਂ ਤੇ ਮੇਰੀ ਫਤਹਿ ਹੋ ਜਾਵੇ, ਮੈਂ ਮੁਕਦਮੇ ਜਿੱਤ ਜਾਵਾਂ, ਇਹੋ ਜਿਹੇ ਬੰਦੇ ਅਧਿਕਾਰੀ ਨਹੀਂ ਹੋਇਆ ਕਰਦੇ। ਜੇ ਉਥੇ ਨਾਮ ਦੀ ਗੱਲ ਕਰੋ ਤਾਂ ਬੇਕਦਰੀ ਹੈ ਕਿਉਂਕਿ ਉਸ ਨੂੰ ਨਾਮ ਬਾਰੇ ਜਾਨਣ ਦੀ ਕੋਈ ਲੋੜ ਹੀ ਨਹੀਂ ਹੈ ਅਤੇ ਨਾ ਨਾਮ ਦੀ ਗੱਲ ਉਸ ਦੇ ਸਮਝ ਵਿਚ ਪੈਂਦੀ ਹੈ। ਇਸ ਕਰਕੇ ਚੁਪ ਹੀ ਰਹੋ -

ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥
ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥
ਪੰਨਾ - 1372

ਕਦਰਦਾਨ ਬਾਝੋਂ ਅਮੋਲਕ ਹੀਰਾ ਕੌਡੀ ਦੇ ਭਾਅ ਚਲਿਆ ਜਾਂਦਾ ਹੈ। ਨਾਰਦ ਜੀ ਨੇ ਦੇਖਿਆ ਕਿ ਪੂਰਾ ਵਪਾਰੀ ਆ ਗਿਆ, ਲੇਕਿਨ ਹੈਗਾ ਬੱਚਾ ਪਰੰਤੂ ਇਸ ਦੀ ਬੁੱਧੀ ਬਜ਼ੁਰਗਾਂ ਤੋਂ ਵੀ ਉੱਤੇ ਦੀ ਹੈ। ਸੋ ਉਸ ਨੇ ਧ੍ਰੂ ਨੂੰ ਉਪਦੇਸ਼ ਕਰ ਦਿਤਾ।

ਧਾਰਨਾ - ਨਾਰਦਮੁਨ ਉਪਦੇਸ਼ਿਆ,
ਨਾਮ ਨਿਧਾਨ ਅਮਿਓ ਰਸ ਪੀਤਾ -2, 2.
ਨਾਮ ਨਿਧਾਨ ਅਮਿਓਰਸ ਪੀਤਾ,
ਨਾਮ ਨਿਧਾਨ ਅਮਿਓ ਰਸ ਪੀਤਾ -2, 2.
ਨਾਰਦਮੁਨ ਉਪਦੇਸਿਆ, ... -2.

ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ ਅਮਿਓ ਰਸ ਪੀਤਾ।
ਭਾਈ ਗੁਰਦਾਸ ਜੀ, ਵਾਰ 10/1

ਉਪਦੇਸ਼ ਸਰਵਣ ਕਰਕੇ ਧਰੂ ਦੀ ਬਿਰਤੀ ਚੜ੍ਹ ਗਈ ਅੰਮ੍ਰਿਤ ਦਾ ਰਸ ਜਿਥੇ ਜਾ ਕੇ ਪੀਤਾ ਜਾਂਦੈ ਉਥੇ ਬਿਰਤੀ ਪੁਚਾ ਦਿਤੀ, ਜਿਥੇ ਆਤਮਾ ਦਾ ਰਸ ਪੀਤਾ ਜਾਂਦੈ ਉਥੇ ਬਿਰਤੀ ਪਹੁੰਚ ਗਈ ਤੇ ਇਸ ਦਾ ਦਰਜਾ ਕਿੱਡਾ ਹੁੰਦਾ ਹੈ?

ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

ਨਾਰਦ ਜੀ ਨੇ ਨਾਮ ਦਾ ਉਪਦੇਸ਼ ਦੇ ਕੇ ਦੱਸ ਦਿਤਾ ਕਿ ਜਾਪ ਕਿਸ ਤਰ੍ਹਾਂ ਕਰੀਦੈ ਕਿਉਂਕਿ ਦੋ-ਤਿੰਨ ਮਾਰਗ ਹਨ ਪਰ ਵੈਸੇ ਤਾਂ ਯੋਗ ਬਹੁਤ ਹਨ। ਸਾਡਾ ਰਸਤਾ 'ਨਾਮ ਮਾਰਗ' ਹੈ। ਨਾਮ ਮਾਰਗ ਦੇ ਵਿਚ ਪਹਿਲਾਂ ਜਾਪ ਕਰਨਾ ਪੈਂਦੈ ਅਤੇ ਜਾਪ ਦੋ ਕਿਸਮ ਦਾ ਹੁੰਦਾ ਹੈ - ਇਕ ਜਾਪ ਨੂੰ ਅਪਾਸੂ ਕਹਿੰਦੇ ਹਨ ਅਤੇ ਇਸ ਨੂੰ ਬੈਖਰੀ ਜਾਪ ਕਹਿੰਦੇ ਹਨ। ਅਪਾਸੂ ਜਾਪ ਵਿਚ ਰਸਨਾ ਤੇ ਬੁੱਲ ਹਿਲਦੇ ਹਨ ਤੇ ਦੂਸਰਾ ਬੈਖਰੀ

ਜਾਪ ਉਚਾ ਬੋਲ ਕੇ ਹੁੰਦਾ ਹੈ ਜਿਸ ਵਿਚ ਵਾਹਿਗੁਰੂ, ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ, ਉਚੀ ਬੋਲਿਆ ਜਾਂਦਾ ਹੈ। ਬੈਖਰੀ ਜੋ ਉਚੀ ਆਵਾਜ਼ ਵਿਚ ਬੋਲਿਆ ਜਾਂਦੈ ਇਸ ਨਾਲੋਂ ਅਪਾਸੂ ਜਾਪ ਦਾ ਫਲ ਦੱਸ ਗੁਣਾ ਵੱਧ ਹੁੰਦਾ ਹੈ। ਚਾਰ ਬਾਣੀਆਂ ਹੁੰਦੀਆਂ ਹਨ ਬੈਖਰੀ, ਮੱਧਮਾ, ਪਸੰਤੀ ਤੇ ਪਰ੍ਹਾ। ਇਨ੍ਹਾਂ ਚਾਰਾਂ ਦੇ ਵਿਚ ਜਾਪ ਕੀਤਾ ਜਾਂਦਾ ਹੈ। ਪਹਿਲਾ ਜਿਹੜਾ ਹੈ ਇਸ ਨੂੰ ਜਾਪ ਆਖਿਆ ਜਾਂਦਾ ਹੈ ਤੇ ਉਸ ਤੋਂ ਬਾਅਦ ਅਜਪਾ ਜਾਪ ਹੁੰਦਾ ਹੈ ਜਿਸ ਬਾਰੇ ਫੁਰਮਾਨ ਹੈ ਕਿ-

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥

ਪੰਨਾ - 1291

ਮੱਧਮਾ ਦੇ ਨਾਲ ਗਲ ਦੇ ਅੰਦਰ ਜਪਣਾ, ਪਸੰਤੀ ਦੇ ਨਾਲ ਹਿਰਦੇ ਅਸਥਾਨ ਤੇ ਨਾਮ ਜਪਣਾ ਤੇ ਪਰਾ ਦੇ ਨਾਲ, ਨਾਭੀ ਅਸਥਾਨ ਤੇ ਨਾਮ ਜਪਣਾ, ਇਸ ਦਾ ਫਲ ਦਸ-ਦੱਸ ਗੁਣਾ ਵਧਦਾ ਜਾਂਦਾ ਹੈ। ਬੈਖਰੀ ਬਾਣੀ ਨਾਲੋਂ ਪਰ੍ਹਾ ਬਾਣੀ ਦੇ ਨਾਮ ਦਾ ਫਲ ਇਕ ਹਜ਼ਾਰ ਗੁਣਾ ਹੋ ਜਾਇਆ ਕਰਦਾ ਹੈ। ਐਸਾ ਮਹਾਂਪੁਰਸ਼ (ਸੰਤ ਰਾੜੇ ਵਾਲੇ) ਦਸਿਆ ਕਰਦੇ ਸੀ। ਰਸਨਾ ਨਾਲ ਹਜ਼ਾਰ ਵੇਰਾਂ ਕਹਿ ਲਵੋ ਤੇ ਇਕ ਵਾਰੀ ਪਰਾ ਬਾਣੀ ਰਾਹੀਂ ਕਹਿ ਲਵੋ ਇਕੋ ਜੇਹਾ ਫਲ ਹੋ ਜਾਇਆ ਕਰਦਾ ਹੈ। ਜਾਪ ਦੇ ਨਾਲ ਧਿਆਨ ਹੋਇਆ ਕਰਦਾ ਹੈ, ਜਿੰਨਾ ਚਿਰ ਆਦਮੀ ਧਿਆਨ ਵਿਚ ਨਹੀਂ ਜਾਂਦਾ ਉਨੀ ਦੇਰ ਤੱਕ ਮਨ ਨਹੀਂ ਟਿਕਿਆ ਕਰਦਾ ਕਿਉਂਕਿ ਜਾਪ ਹੈ ਤੇ ਇਸ ਨਾਲ ਹੀ ਧਿਆਨ ਦਾ ਸੰਬੰਧ ਹੈ ਤੇ ਅੰਦਰ ਜਾਪ ਵੀ ਚਲਦਾ ਹੈ ਤੇ ਉਸ ਦੇ ਨਾਲ ਨਾਲ ਧਿਆਨ ਵੀ ਚਲਦਾ ਰਹਿੰਦਾ ਹੈ।

ਇਕ ਵਾਰੀ ਗੁਰੂ ਮਹਾਰਾਜ ਜੀ ਦੇ ਪਾਸ ਆ ਕੇ ਸਿੱਖਾਂ ਨੇ ਬੇਨਤੀ ਕੀਤੀ ਕਿ ਆਪ ਦੇ ਸਿੱਖ ਬਣਨ ਤੋਂ ਪਹਿਲਾਂ ਅਸੀਂ ਵਿਸ਼ਨੂੰ ਜੀ ਦਾ ਧਿਆਨ ਧਰਿਆ ਕਰਦੇ ਸਾਂ, ਕੋਈ ਕਹਿੰਦੈ ਕਿ ਮੈਂ ਦੇਵੀ ਦਾ ਧਿਆਨ ਧਰਦਾ ਸੀ, ਕੋਈ ਕਹਿੰਦੈ ਕਿ ਮੈਂ ਸ਼ਿਵ ਜੀ ਮਹਾਰਾਜ ਦਾ ਧਿਆਨ ਧਰਦਾ ਸੀ, ਕੀ ਗੁਰੂ ਘਰ ਦੇ ਅੰਦਰ ਵੀ ਕੋਈ ਧਿਆਨ ਹੈ? ਮਹਾਰਾਜ ਕਹਿਣ ਲੱਗੇ, "ਪ੍ਰੇਮੀਓ! ਹਾਂ, ਗੁਰੂ ਘਰ ਦੇ ਅੰਦਰ ਧਿਆਨ ਦੀ ਲੋੜ ਅਤਿ ਅਵਸ਼ਕ ਹੁੰਦੀ ਹੈ ਕਿਉਂਕਿ ਜੇ ਕਿੱਲਾ ਨਾ ਹੋਵੇ ਤਾਂ ਕੱਪੜਾ ਨਹੀਂ ਟੰਗ ਹੁੰਦਾ। ਧਿਆਨ ਤੋਂ ਬਗੈਰ ਮਨ ਕਾਬੂ ਨਹੀਂ ਆਇਆ ਕਰਦਾ। ਇਸ ਦੇ ਬਾਰੇ ਬੜਾ ਰੌਲਾ-ਗੌਲਾ ਹੈ ਕਿਉਂਕਿ ਅਨੁਭਵ ਤੋਂ ਬਿਨਾਂ ਜੇ ਗੱਲ ਕੀਤੀ ਜਾਂਦੀ ਹੈ ਤਾਂ ਆਦਮੀ ਸੰਸੇ ਵਿਚ ਪੈ ਜਾਂਦਾ ਹੈ, ਗੁਰੂ ਦੀ ਮੂਰਤ ਸਭ ਤੋਂ ਸ੍ਰੇਸ਼ਟ ਹੈ -

ਗੁਰ ਮੂਰਤਿ ਗੁਰ ਸਬਦੁ ਹੈ ....॥

ਭਾਈ ਗੁਰਦਾਸ ਜੀ, ਵਾਰ 24/25

ਗੁਰ ਸ਼ਬਦ ਬਾਰੇ ਹੀ ਨਹੀਂ ਪਤਾ ਕਿ ਗੁਰੂ ਸ਼ਬਦਿ ਕੀ ਹੁੰਦਾ ਹੈ? ਸੋ ਗੁਰੂ ਦੀ ਮੂਰਤ ਬ੍ਰਹਮ ਦਾ ਸਾਕਾਰ ਰੂਪ ਹੁੰਦਾ ਹੈ ਸੋ ਧਿਆਨ ਧਰਨ ਵਾਸਤੇ ਜੋ ਗੁਰੂ ਹੈ ਉਸ ਦਾ ਧਿਆਨ ਧਰਿਆ ਜਾਂਦਾ ਹੈ -

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਪੰਨਾ - 864

ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਧਰੀਏ ਮਨ ਵਿਚ ਧਿਆਨ,
ਗੁਰਾਂ ਦੀ ਮੂਰਤ ਦਾ -2, 2.
ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ -2, 4

ਧਿਆਨ ਵਿਚ ਸ਼ਕਤੀ ਹੋਇਆ ਕਰਦੀ ਹੈ ਜਿਵੇਂ ਕੱਛੂ ਅੰਡੇ ਬਾਹਰ ਦੇ ਦਿੰਦਾ ਹੈ ਲੇਕਿਨ ਧਿਆਨ ਸ਼ਕਤੀ ਦੇ ਨਾਲ ਪਾਲਦਾ ਹੈ। ਇਕ ਵਾਰੀ ਦਾ ਜ਼ਿਕਰ ਹੈ, ਗੁਰੂ ਸੱਤਵੇਂ ਪਾਤਿਸ਼ਾਹ ਮਹਾਰਾਜ ਕੀਰਤਪੁਰ ਸਾਹਿਬ ਬਿਰਾਜ ਰਹੇ ਸਨ। ਆਪ ਅੰਮ੍ਰਿਤ ਵੇਲੇ ਉਠ ਕੇ ਦੀਵਾਨ ਵਿਚ ਆ ਕੇ ਸਮਾਧੀ ਸਥਿਤ ਸਸ਼ੋਭਤ ਹੋਏ ਆਸਣ ਤੇ ਬੈਠੇ ਹਨ ਤੇ ਰਾਗੀ ਕੀਰਤਨ ਕਰ ਰਹੇ ਹਨ। ਬੇਅੰਤ ਸੰਗਤਾਂ ਆਪ ਦੇ ਰੂਹਾਨੀ ਮੁਖੜੇ ਵੱਲ ਦੇਖ ਰਹੀਆਂ ਹਨ। ਦੀਵਾਨ ਦੀ ਸਮਾਪਤੀ ਹੋ ਗਈ ਪਰ ਮਹਾਰਾਜ ਜੀ ਅੱਜ ਉਸੇ ਤਰ੍ਹਾਂ ਬੈਠੇ ਹਨ, ਨਾ ਹੀ ਚਰਨ ਹਿਲਾਏ ਤੇ ਨਾ ਹੀ ਸਰੀਰ ਦਾ ਕੋਈ ਅੰਗ ਹਿਲਾਇਆ। ਸਾਰੀ ਸੰਗਤ ਹੈਰਾਨ ਹੋ ਰਹੀ ਹੈ ਕਿ ਮਹਾਰਾਜ ਜੀ ਅੱਜ ਨਾ ਹੀ ਨੇਤਰ ਖੋਲ੍ਹ ਰਹੇ ਹਨ ਤੇ ਨਾ ਕੋਈ ਅੰਗ ਹਿਲਾ ਰਹੇ ਹਨ, ਇਕ ਟੱਕ ਇਕ ਰਸ ਹਰਕਤ ਤੋਂ ਬਗੈਰ ਬੈਠੇ ਹਨ। ਸਮਾਂ ਲੰਘਦਾ ਗਿਆ, ਅਖੀਰ ਸ਼ਾਮ ਦੇ ਚਾਰ ਵਜੇ ਦਾ ਵਕਤ ਹੋ ਗਿਆ। ਉਸ ਤੋਂ ਬਾਅਦ ਮਹਾਰਾਜ ਜੀ ਨੇ ਨੇਤਰ ਖੋਲ੍ਹੇ। ਮੁਖੋਂ ਕਿਹਾ - ਧੰਨ ਗੁਰਸਿੱਖੀ, ਧੰਨ ਗੁਰਸਿੱਖੀ। ਸਾਰੀ ਸੰਗਤ ਨੇ ਨਮਸ਼ਕਾਰ ਕੀਤੀ ਤੇ ਬੇਨਤੀ ਕੀਤੀ ਪਾਤਸ਼ਾਹ! ਅੱਜ ਤਾਂ ਲੰਗਰ ਦਾ ਵੀ ਸਮਾਂ ਲੰਘ ਗਿਆ, ਅੱਜ ਆਪ ਜੀ ਕਿਸ ਦੇ ਪ੍ਰੇਮ ਵਿਚ ਬੈਠੇ ਸੀ? ਮਹਾਰਾਜ ਕਹਿਣ ਲੱਗੇ ਗੁਰਸਿਖੋ! ਕਾਬਲ ਦੇ ਅੰਦਰ ਭਾਈ ਗੋਂਦਾ ਨਾਮ ਦਾ ਇਕ ਅਸਾਡਾ ਅੰਨਿਨ ਸਿਖ ਹੈ, ਉਸ ਨੇ ਅੱਜ ਅੰਮ੍ਰਿਤ ਵੇਲੇ ਹੀ ਸਾਡੇ ਚਰਨਾਂ ਦਾ ਧਿਆਨ ਧਰ ਲਿਆ, ਜੇਕਰ ਅਸੀਂ ਚਰਨ ਹਿਲਾਉਂਦੇ ਤਾਂ ਉਸ ਦੇ ਮਨ ਨੂੰ ਖੇਦ ਪਹੁੰਚਣਾ ਸੀ। ਉਸ ਨੇ ਚਰਨਾਂ ਨੂੰ ਫੜ ਕੇ ਸਾਨੂੰ ਐਸਾ ਵਸ ਕੀਤਾ ਕਿ ਅਸੀਂ ਹਿਲ ਨਹੀਂ ਸਕੇ। ਇਸ ਘਟਨਾ ਦੀ ਤਾਰੀਖ ਤੇ ਟਾਈਮ ਨੋਟ ਕਰ ਲਿਆ ਗਿਆ। ਜਦੋਂ ਭਾਈ ਗੋਂਦਾ ਜੀ ਵਿਸਾਖੀ ਦੇ ਪੁਰਬ ਸਮੇਂ ਕੀਰਤਪੁਰ ਆਏ ਤਾਂ ਗੁਰਸਿਖਾਂ ਨੇ ਪੁਛਿਆ ਕਿ ਭਾਈ ਗੋਂਦਾ ਜੀ! ਇਸ ਦਿਨ ਦਾ ਤੁਹਾਡੇ ਯਾਦ ਹੈ ਤੁਸੀਂ ਕੀ ਕੁਝ ਕਰਿਆ ਸੀ? ਭਾਈ ਗੋਂਦੇ ਨੇ ਦੱਸਿਆ ਕਿ ਗੁਰੂ ਮਹਾਰਾਜ ਦੇ ਚਰਨਾਂ ਦਾ ਧਿਆਨ ਐਸਾ ਬੱਝਿਆ ਕਿ ਅਫੁਰ ਅਵਸਥਾ ਪ੍ਰਾਪਤ ਹੋ ਕੇ ਨਿਰਵਿਕਲਪ ਸਮਾਧੀ ਅੰਦਰ ਲੀਨ ਹੋ ਗਿਆ ਸੀ। ਆਪਣੀ ਸੁਰਤ ਭੁਲ ਗਈ ਤੇ ਕੇਵਲ ਗੁਰੂ ਹੀ ਗੁਰੂ ਨਜ਼ਰ ਆਉਂਦਾ ਸੀ, ਹੋਰ ਕੁਝ ਵੀ ਪਤਾ ਨਹੀਂ ਸੀ। ਸ਼ਾਮ ਨੂੰ ਜਾ ਕੇ ਸਮਾਧੀ ਤੋਂ ਉਥਾਨ ਹੋਇਆ।

ਰਿਆਸਤ ਬਿਲਾਸਪੁਰ ਦਾ ਮੁੱਖ ਮੰਤਰੀ ਦੇਵੀਦਾਸ ਸੀ। ਬਾਈਧਾਰ ਦੇ ਰਾਜੇ ਇਕੱਠੇ ਹੋ ਕੇ ਸਲਾਹਾਂ ਕਰਨ ਲੱਗੇ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਅਚਾਨਕ ਆਕਰਮਣ ਕੀਤਾ ਜਾਵੇ; ਉਸ ਨੂੰ ਜਾਂ ਗ੍ਰਿਫਤਾਰ ਕਰ ਲਿਆ ਜਾਵੇ ਜਾਂ ਆਨੰਦਪੁਰ ਸਾਹਿਬ ਤੋਂ ਕੱਢ ਦਿਤਾ ਜਾਵੇ। ਹਮਲਾ ਕਰਨ ਦੀਆਂ ਵਿਉਂਤਾਂ ਬਾਰੇ ਸੁਣ ਕੇ ਮੁੱਖ ਮੰਤਰੀ ਸ੍ਰੀ ਦੇਵੀਦਾਸ ਨੇ ਦਸ਼ਮੇਸ਼ ਪਿਤਾ

ਜੀ ਦੀ ਹਾਮੀਂ ਭਰਦਿਆਂ ਆਪਣੀ ਰਾਏ ਦਿਤੀ ਕਿ ਤੁਸੀਂ ਦਰਵੇਸ਼ ਪਾਤਿਸ਼ਾਹ ਜੀ ਨੂੰ ਕਿਉਂ ਤੰਗ ਕਰਦੇ ਹੋ, ਉਹ ਤਾਂ ਆਪ ਪ੍ਰਮੇਸ਼ਰ ਹਨ। ਸਤਿਗੁਰੂ ਤਾਂ ਆਰਸੀ ਦੀ ਤਰ੍ਹਾਂ ਹੋਇਆ ਕਰਦੈ, ਜੇ ਪਿਆਰ ਨਾਲ ਦੇਖੋਗੇ ਤਾਂ ਪਿਆਰਾ ਚਿਹਰਾ ਨਜ਼ਰ ਆਇਗਾ, ਜੇ ਵੈਰ ਦੀ ਦ੍ਰਿਸ਼ਟੀ ਨਾਲ ਦੇਖੋਗੇ ਤਾਂ ਵੈਰ ਵਾਲਾ ਨਜ਼ਰ ਆਵੇਗਾ। ਸਤਿਗੁਰੂ ਤਾਂ ਆਰਸੀ ਸਮਾਨ ਹੁੰਦਾ ਹੈ।

ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਭਾਈ ਗੁਰਦਾਸ ਜੀ, ਵਾਰ 34/1

ਜਦੋਂ ਦੇਵੀਦਾਸ ਦੇ ਮੁਖ ਤੋਂ ਗੁਰੂ ਦੀ ਸਿਫਤ ਸੁਣੀ, ਕਹਿਣ ਲੱਗੇ ਇਹ ਗੁਰੂ ਦਾ ਜਸੂਸ ਹੈ ਇਸਨੂੰ ਸਖਤ ਸਜ਼ਾ ਦੇਣੀ ਚਾਹੀਦੀ ਹੈ। ਫੈਸਲਾ ਹੋਇਆ ਕਿ ਇਸ ਦੀਆਂ ਅੱਖਾਂ ਵਿਚ ਗਰਮ ਸਲਾਈਆਂ ਫੇਰ ਦਿਓ। ਜਲਾਦਾਂ ਨੇ ਸਲਾਈਆਂ ਗਰਮ ਕਰ ਲਈਆਂ ਤੇ ਇਸ ਨੂੰ ਪਹਾੜ ਦੀ ਚੋਟੀ ਤੇ ਲੈ ਗਏ ਤੇ ਰਾਜੇ ਦਾ ਹੁਕਮ ਸੀ ਕਿ ਇਸ ਦੀਆਂ ਅੱਖਾਂ ਵਿਚ ਸਲਾਈਆਂ ਫੇਰ ਕੇ ਬਾਅਦ ਵਿਚ ਪਹਾੜ ਦੀ ਚੋਟੀ ਤੋਂ ਖੱਡ ਵਿਚ ਧੱਕਾ ਦੇ ਦਿਓ। ਜਲਾਦ ਵਜ਼ੀਰ ਨੂੰ ਕਹਿਣ ਲੱਗੇ ਕਿ ਤੁਸੀਂ ਦੱਸੋ ਕਿ ਅਸੀਂ ਕਿਸ ਤਰੀਕੇ ਨਾਲ ਸਜ਼ਾ ਨਰਮ ਕਰੀਏ। ਉਹ ਕਹਿਣ ਲੱਗਾ, ਨਹੀਂ, ਸਜਾ ਨਰਮ ਨਾ ਕਰੋ ਤੇ ਤੁਸੀਂ ਮੈਨੂੰ ਥੋੜ੍ਹੀ ਦੇਰ ਬੈਠ ਕੇ ਧਿਆਨ ਕਰ ਲੈਣ ਦਿਓ ਤੇ ਜਦੋਂ ਮੈਂ ਧਿਆਨ ਵਿਚ ਆ ਗਿਆ ਉਸ ਵੇਲੇ ਮੇਰੀ ਕੰਗਰੋੜ (ਰੀੜ੍ਹ ਦੀ ਹੱਡੀ) ਸਿਧੀ ਹੋਵੇਗੀ, ਮੇਰਾ ਕੋਈ ਵੀ ਅੰਗ ਨਹੀਂ ਹਿਲੇਗਾ ਤੇ ਉਸ ਵੇਲੇ ਤੁਸੀਂ ਮੇਰੀਆਂ ਅੱਖਾਂ ਵਿਚ ਸਲਾਈਆਂ ਫੇਰ ਦੇਣੀਆਂ। ਉਹਨਾਂ ਨੇ ਸਲਾਈਆਂ ਗਰਮ ਕਰਨ ਲਈ ਰੱਖ ਦਿੱਤੀਆਂ। ਭਾਈ ਦੇਵੀ ਦਾਸ ਨੇ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਦਾ ਧਿਆਨ ਧਰ ਲਿਆ ਤੇ ਜਲਾਦਾਂ ਨੇ ਜਦੋਂ ਦੇਖ ਲਿਆ ਕਿ ਇਹ ਹੁਣ ਹਿਲਦਾ ਜੁਲਦਾ ਨਹੀਂ ਤੇ ਇਹ ਹੁਣ ਕਿਸੇ ਹੋਰ ਮੰਡਲ ਵਿਚ ਪਹੁੰਚਿਆ ਹੋਇਐ, ਉਸ ਦੀ ਸੁਰਤੀ ਅਨੰਦਪੁਰ ਸਾਹਿਬ ਆ ਕੇ ਗੁਰੂ ਮਹਾਰਾਜ ਦੇ ਚਰਨਾਂ ਨਾਲ ਲਿਪਟ ਗਈ। ਆਪਣੇ ਸਰੀਰ ਨੂੰ ਭੁਲ ਗਿਆ, ਉਸ ਜਗ੍ਹਾ ਨੂੰ ਭੁਲ ਗਿਆ ਤੇ ਭੁਲ ਗਿਆ ਸਮੇਂ ਨੂੰ ਤੇ ਸਜ਼ਾ ਨੂੰ। ਜਲਾਦਾਂ ਨੇ ਲਾਲ ਸੁਰਖ ਗਰਮ ਸਲਾਈਆਂ ਅੱਗ ਵਿਚੋਂ ਕੱਢੀਆਂ ਤੇ ਅੱਖਾਂ ਵਿਚ ਸੁਰਮਚੂ ਵਾਂਗੂ ਫੇਰ ਦਿਤੀਆਂ। ਇਹ ਕੰਮ ਕਰਕੇ ਜਲਾਦ ਤੁਰ ਪਏ ਤੇ ਆਪਸ ਵਿਚ ਇਕ ਦੂਜੇ ਨੂੰ ਕਹਿ ਰਹੇ ਨੇ ਕਿ ਹੁਣ ਕੀ ਧੱਕਾ ਦੇਣੈ, ਇਸ ਦੀਆਂ ਅੱਖਾਂ ਤਾਂ ਖਤਮ ਹੋ ਗਈਆਂ। ਆਪ ਹੀ ਠੋਕਰ ਖਾ ਕੇ ਡਿਗ ਪਵੇਗਾ। ਜਲਾਦ ਚਲੇ ਗਏ, ਕਾਫੀ ਦੇਰ ਬਾਅਦ ਭਾਈ ਦੇਵੀਦਾਸ ਜੀ ਨੇ ਨੇਤਰ ਖੋਲ੍ਹੇ, ਹੈਰਾਨ ਰਹਿ ਗਿਆ ਕਿ ਮੇਰੀ ਨਿਗ੍ਹਾਹ ਤਾਂ ਉਸੇ ਤਰ੍ਹਾਂ ਕਾਇਮ ਹੈ ਤੇ ਉਹ ਗਰਮ ਸਲਾਈਆਂ ਕਿਥੇ ਫਿਰੀਆਂ? ਨਿਸ਼ਚਾ ਆ ਗਿਆ ਕਿ ਮੇਰੀਆਂ ਅੱਖਾਂ ਦੀ ਰਾਖੀ ਮੇਰੇ ਸਤਿਗੁਰੂ ਨੇ ਕੀਤੀ ਹੈ। ਬਹੁਤ ਹੀ ਵੈਰਾਗ ਵਿਚ ਆ ਗਿਆ, ਵੈਰਾਗੀ ਅਵਸਥਾ ਵਿਚ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਿਆ। ਅੱਗੇ ਆ ਕੇ ਸਿੰਘਾਂ ਸੇਵਾਦਾਰਾਂ ਨੂੰ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ, ਉਹ ਕਹਿਣ ਲੱਗੇ ਕਿ ਅੱਜ ਤਾਂ ਸੱਚੇ ਪਾਤਿਸ਼ਾਹ ਅੰਮ੍ਰਿਤ ਵੇਲੇ ਤੋਂ ਹੀ ਬਾਹਰ ਨਹੀਂ ਆਏ ਤੇ ਅੰਦਰ ਹੀ ਬਿਰਾਜ ਰਹੇ ਹਨ। ਅੰਦਰ ਖਬਰ ਭੇਜ ਦਿਤੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਉਸ ਨੂੰ ਭੇਜ ਦਿਓ। ਅੱਗੇ ਜਾ ਕੇ ਕੀ ਦੇਖਦੈ ਕਿ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਹਨ ਤੇ ਪਾਤਲੀਆਂ ਦੇ ਹੇਠਾਂ ਲਹੂ ਸਿੰਮਿਆ ਹੋਇਆ ਸੀ। ਕਹਿਣ ਲਗਿਆ ਸੱਚੇ ਪਾਤਿਸ਼ਾਹ! ਇਹ ਕੀ ਹੋ ਗਿਆ ਕਿ ਆਪ ਜੀ ਨੇ ਪੱਟੀਆਂ ਬੰਨ੍ਹੀਆਂ ਹਨ ਇਹ ਕਿਸ ਤਰ੍ਹਾਂ ਦੀ ਘਟਨਾ ਵਾਪਰ ਗਈ। ਕਹਿਣ ਲੱਗੇ, ਦੇਵੀ ਦਾਸ! ਕਿਸੇ ਪ੍ਰੇਮੀ ਦੀਆਂ ਅੱਖਾਂ ਵਿਚ ਸਲਾਈਆਂ ਫਿਰ ਰਹੀਆਂ ਸਨ ਤੇ ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ ਤੇ ਅੰਸ ਮਾਤਰ ਸਾਡੇ ਚਰਨਾਂ ਤੇ ਲੱਗ ਗਈਆਂ ਕਿਉਂਕਿ ਗੁਰੂ ਦਾ ਫਰਜ਼ ਆਪਣੇ ਸਿੱਖ ਦੀ ਪ੍ਰਤਿਪਾਲ ਕਰਨਾ ਹੋਇਆ ਕਰਦਾ ਹੈ। ਰੋ ਰੋ ਕੇ ਬੇਨਤੀਆਂ ਕਰ ਰਿਹਾ ਹੈ ਕਿ ਪਾਤਸ਼ਾਹ, ਮੈਥੋਂ ਕਿੱਡੀ ਭੁੱਲ ਹੋ ਗਈ, ਮੇਰੇ ਵਾਸਤੇ ਆਪ ਨੂੰ ਕਿਤਨੀ ਵੱਡੀ ਤਕਲੀਫ ਝੱਲਣੀ ਪਈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਦੇਵੀਦਾਸ! ਆਪਣੇ ਸੇਵਕ ਦੀ ਰਾਖੀ ਕਰਨੀ ਗੁਰੂ ਦਾ ਪਰਮ ਬਿਰਦ ਹੈ।

ਗੁਰੂ ਛੇਵੇਂ ਪਾਤਿਸ਼ਾਹ ਸਾਹਿਬ ਗੁਰੂ ਹਰਗੋਬਿੰਦ ਜੀ ਨੇ ਵੀ ਲਹਿਰੇ-ਗਾਗੇ ਆ ਕੇ ਐਸਾ ਕੌਤਕ ਦਿਖਾਇਆ ਸੀ। ਪੱਟੀ ਦੇ ਹਾਕਮ ਨੇ ਗੁਰੂ ਮਹਾਰਾਜ ਜੀ ਨਮਿਤ ਲਿਆਂਦੇ ਕਿਸੇ ਪ੍ਰੇਮੀ ਤੋਂ ਦੁਸ਼ਾਲੇ ਜ਼ਬਰਦਸਤੀ ਖੋਹ ਲਏ, ਉਸ ਨੇ ਗੁਰੂ ਜੀ ਪਾਸ ਆ ਕੇ ਸਾਰਾ ਬ੍ਰਿਤਾਂਤ ਦੱਸਿਆ। ਗੁਰੂ ਮਹਾਰਾਜ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਦੁਸ਼ਾਲੇ ਲਿਆਉਣ ਲਈ ਕਿਹਾ। ਉਸ ਨੇ ਪੱਟੀ ਪਹੁੰਚ ਕੇ ਕਿਸੇ ਵਿਉਂਤ ਨਾਲ ਦੁਸ਼ਾਲੇ, ਉਸ ਹਾਕਮ ਦੇ ਘਰੋਂ ਹਾਸਲ ਕਰ ਲਏ। ਜਦੋਂ ਸ਼ਹਿਰੋਂ ਬਾਹਰ ਨਿਕਲਣ ਲੱਗਿਆ ਤਾਂ ਪੁਲਿਸ ਨੇ ਉਸ ਨੂੰ ਫੜਨ ਲਈ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ। ਪੁਲਿਸ ਸਾਮ੍ਹਣੇ ਆ ਗਈ। ਉਸ ਨੇ ਪੁਲਿਸ ਤੋਂ ਬਚਣ ਲਈ ਗੁਰੂ ਮਹਾਰਾਜ ਜੀ ਦਾ ਧਿਆਨ ਕਰਕੇ ਭੱਠ ਵਿਚ ਛਾਲ ਮਾਰੀ ਤਾਂ ਮਹਾਰਾਜ ਜੀ ਨੇ ਉਸੇ ਸਮੇਂ ਹੁਕਮ ਕੀਤਾ ਕਿ ਪਾਣੀ ਦੀਆਂ ਮਸ਼ਕਾਂ ਜਲਦੀ ਲਿਆਓ ਤੇ ਸਾਡੇ ਸਰੀਰ ਤੇ ਪਾਓ ਤੇ ਭਾਈ ਬਿਧੀ ਚੰਦ ਨੂੰ ਲੇਸ ਮਾਤਰ ਵੀ ਸੇਕ ਨਹੀਂ ਲੱਗਣ ਦਿਤਾ। ਸੋ ਧਿਆਨ ਕੋਈ ਨਿਰਾਰਥਕ ਚੀਜ਼ ਨਹੀਂ ਹੈ, ਇਸ ਦੇ ਵਿਚ ਸ਼ਕਤੀ ਹੋਇਆ ਕਰਦੀ ਹੈ। ਤਿੰਨ ਕਿਸਮ ਦਾ ਧਿਆਨ ਹੁੰਦਾ ਹੈ। **ਪਹਿਲੀ ਕਿਸਮ ਦਾ ਧਿਆਨ ਪ੍ਰਤੀਕ ਧਿਆਨ ਕਹਾਉਂਦਾ ਹੈ।** ਇਸ ਵਿਚ ਆਪਣੇ ਇਸ਼ਟ ਨੂੰ ਦੇਖਣਾ ਲੇਕਿਨ ਉਸ ਦੇ ਵਿਚ ਈਸ਼ਵਰ ਭਾਵਨਾ ਤੇ ਗੁਰੂ ਭਾਵਨਾ ਰੱਖਣੀ। ਇਸ਼ਟ ਦੀ ਸ਼ਕਲ ਭਾਵੇਂ ਕੋਈ ਵੀ ਹੈ, ਜਿਵੇਂ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਦੇ ਹਾਂ ਲੇਕਿਨ ਇਸ ਦੇ ਵਿਚ ਗੁਰੂ ਨਾਨਕ ਪਾਤਿਸ਼ਾਹ ਜੀ ਹਨ ਤੇ ਉਹਨਾਂ ਦਾ ਹੀ ਧਿਆਨ ਧਰਨਾ ਕਿਉਂਕਿ ਗੁਰੂ ਨਾਨਕ ਜੀ ਹੀ ਸਤਿਗੁਰੂ ਜੀ ਹਨ ਤੇ ਗੁਰੂ ਗ੍ਰੰਥ ਸਾਹਿਬ ਉਹਨਾਂ ਦਾ ਹੀ ਰੂਪ ਹੈ। ਇਸ ਨੂੰ ਪ੍ਰਤੀਕ ਧਿਆਨ ਕਹਿੰਦੇ ਹਨ। ਜਿਵੇਂ ਕੋਈ ਮੂਰਤੀ ਕ੍ਰਿਸ਼ਨ ਮਹਾਰਾਜ ਜੀ ਦੀ ਬਣੀ ਹੋਈ ਹੈ ਤਾਂ ਮੂਰਤੀ ਦੇ ਵਿਚ ਕ੍ਰਿਸ਼ਨ ਮਹਾਰਾਜ ਨੂੰ ਦੇਖਣਾ, ਇਹ ਥੋੜ੍ਹੀ ਜਿਹੀ ਔਖੀ

ਗੱਲ ਹੈ ਲੇਕਿਨ ਇਸ ਨੂੰ ਪ੍ਰਤੀਕ ਧਿਆਨ ਆਖਦੇ ਹਨ। **ਦੂਸਰਾ ਧਿਆਨ ਸੰਪਤ ਧਿਆਨ ਹੁੰਦਾ ਹੈ।** ਇਹ ਇਸ ਤਰ੍ਹਾਂ ਹੁੰਦਾ ਹੈ ਕਿ ਜੋ ਦੇਹਧਾਰੀ ਗੁਰੂ ਹੈ ਉਸ ਨੂੰ ਸਰੀਰਧਾਰੀ ਨਹੀਂ ਦੇਖਣਾ ਸਗੋਂ ਉਸ ਨੂੰ ਪ੍ਰਮੇਸ਼ਰ ਕਰਕੇ ਦੇਖਣਾ, ਉਸ ਦੇ ਵਿਚ ਪ੍ਰਮੇਸ਼ਰ ਦੀ ਭਾਵਨਾ ਰੱਖਣੀ ਕਿ ਇਹ ਤਾਂ ਮੈਨੂੰ ਆਪ ਹੀ ਪ੍ਰਮੇਸ਼ਰ ਮਿਲ ਗਿਆ।

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥

ਪੰਨਾ - 53

ਗੁਰੁ ਪਰਮੇਸਰੁ ਗੁਰੁ ਗੋਬਿੰਦੁ॥
ਗੁਰੁ ਕਰਤਾ ਗੁਰੁ ਸਦ ਬਖਸੰਦੁ॥ ਪੰਨਾ - 1080

ਧਾਰਨਾ - ਗੁਰ ਗੋਬਿੰਦ, ਗੋਬਿੰਦ ਗੁਰੂ ਹੈ
ਨਾਨਕ ਭੇਦ ਨ ਭਾਈ -2, 2.
ਨਾਨਕ ਭੇਦ ਨਾ ਭਾਈ, - 4, 2.
ਗੁਰ ਗੋਬਿੰਦ, ਗੋਬਿੰਦ ਗੁਰੂ ਹੈ, ... -2.

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥

ਪੰਨਾ - 442

ਜਿਹੜਾ ਜਗਿਆਸੂ ਗੁਰੂ ਨੂੰ ਹੋਰ ਸਮਝਦੈ ਤੇ ਪ੍ਰਮੇਸ਼ਰ ਨੂੰ ਹੋਰ ਸਮਝਦਾ ਹੈ ਭਾਵ ਵਖਰਾ ਸਮਝਦਾ ਹੈ ਉਸ ਦਾ ਪਾਰ ਉਤਾਰਾ ਨਹੀਂ ਹੋਇਆ ਕਰਦਾ ਕਿਉਂਕਿ ਗੁਰੂ ਤੇ ਗੋਬਿੰਦ ਵਿਚ ਫਰਕ ਨਹੀਂ ਹੁੰਦਾ, ਗੋਬਿੰਦ ਦਾ ਸਰਗੁਣ ਸਰੂਪ ਗੁਰੂ ਹੋਇਆ ਕਰਦਾ ਹੈ। ਉਸ ਦਾ ਨਿਰਗੁਣ ਸਰੂਪ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੁੰਦਾ ਹੈ। ਇਸ ਨੂੰ ਸੰਪਤ ਧਿਆਨ ਕਹਿੰਦੇ ਹਨ। ਇਸ ਵਿਚ ਗੁਰੂ ਦਾ ਧਿਆਨ ਧਰੀਦਾ ਹੈ ਅਤੇ ਗੁਰੂ ਨੂੰ ਪ੍ਰਮੇਸ਼ਰ ਰੂਪ ਕਰਕੇ ਮੰਨਣਾ ਪੈਂਦਾ ਹੈ।

ਤੀਸਰੀ ਕਿਸਮ ਦਾ ਧਿਆਨ ਅਹੰਗ੍ਰਹਿ ਧਿਆਨ ਹੁੰਦਾ ਹੈ, ਇਹ ਆਤਮਾ ਦਾ ਧਿਆਨ ਹੁੰਦਾ ਹੈ ਤੇ ਇਸ ਨੂੰ ਆਤਮ ਚਿੰਤਨ ਵੀ ਕਹਿੰਦੇ ਹਨ ਕਿ ਵਾਹਿਗੁਰੂ ਨੂੰ ਹਰ ਥਾਂ ਤੇ ਪਰੀਪੂਰਨ ਜਾਨਣਾ। ਇਸ ਨੂੰ ਹਰ ਬੰਦਾ ਕਰ ਨਹੀਂ ਸਕਿਆ ਕਰਦਾ ਕਿਉਂਕਿ ਖਾਲੀ - ਸੁੰਨ ਅਸਥਾਨ (vaccum) ਵਿਚ ਪ੍ਰਮੇਸ਼ਰ ਨੂੰ ਦੇਖਣਾ ਉਸ ਦੇ ਵਾਸਤੇ ਔਖੀ ਗੱਲ ਹੁੰਦੀ ਹੈ। ਜਿਸ ਨੂੰ ਆਤਮ ਗਿਆਨ ਪ੍ਰਾਪਤ ਨਹੀਂ ਉਸ ਵਾਸਤੇ ਆਤਮ ਧਿਆਨ ਕਰਨਾ ਨਾ ਮੁਮਕਿਨ ਹੁੰਦਾ ਹੈ। ਕਰ ਨਹੀਂ ਸਕਿਆ ਕਰਦਾ। ਬਹੁਤ ਸਾਰੇ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਪਰੀਪੂਰਨ ਵਾਹਿਗੁਰੂ ਦਾ ਧਿਆਨ ਧਰੋ, ਕਿਵੇਂ ਧਰ ਸਕਦੇ ਹੋ ਕਿਉਂਕਿ ਰੱਬ ਦਾ ਤਾਂ ਪਤਾ ਹੀ ਨਹੀਂ ਹੈ ਕਿਉਂਕਿ ਉਸ ਦਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਉਹ ਸਤਿ ਹੈ, ਅਨੰਦ ਹੈ, ਚਿਤ ਹੈ, ਚੇਤਨ ਹੈ ਕਿਹੜੀ-ਕਿਹੜੀ ਚੀਜ਼ ਦਾ ਧਿਆਨ ਧਰ ਸਕਦੇ ਹਾਂ? ਇਹ ਧਿਆਨ ਤਾਂ ਆਖਰੀ ਧਿਆਨ ਹੋਇਆ ਕਰਦਾ ਹੈ। ਜਦੋਂ ਬਿਰਤੀ ਵਿਵੇਕ ਮੰਡਲ ਵਿਚ ਪਹੁੰਚ ਜਾਵੇ ਫੇਰ ਅਹੰਗ੍ਰਹਿ ਧਿਆਨ ਧਰਿਆ ਜਾ ਸਕਦਾ ਹੈ। ਆਤਮ ਚਿੰਤਨ ਕਰਕੇ ਸਾਰਿਆਂ ਨੂੰ ਇਕੋ ਦੇਖਣਾ ਜਿਸ ਬਾਰੇ ਪੈਂਤੀਸ ਅਖਰੀ ਵਿਚ ਅੰਕਤ ਹੈ -

ਚੋਰ ਸਾਧ ਸਭ ਬ੍ਰਹਮ ਪਛਾਨੋ॥

ਮਾਰਣ ਵਾਲਾ ਤੇ ਮਰਣ ਵਾਲਾ ਉਹੀ ਬਣ ਜਾਂਦਾ ਹੈ। ਸਾਧ ਸੰਗਤ ਜੀ! ਐਸੀ ਬਿਰਤੀ ਹੋਣੀ ਬਹੁਤ ਮੁਸ਼ਕਲ ਹੈ। ਗੁੱਸਾ ਆ ਜਾਂਦੈ ਕਿ ਫਲਾਣੇ ਨੇ ਤੰਗ ਕਰ ਦਿਤਾ ਤੇ ਉਸ ਨੇ ਮਾਰ ਦਿਤਾ, ਜਿਸ ਨੂੰ ਇਨ੍ਹਾਂ ਗੱਲਾਂ ਵਿਚ ਰਾਗ-ਦ੍ਵੈਸ਼ ਆ ਜਾਵੇ ਉਹ ਅਹੰਗ੍ਰਹਿ ਧਿਆਨ ਕਿਵੇਂ ਧਰ ਸਕਦਾ ਹੈ? ਇਹ ਗੱਲ ਮੁਸ਼ਕਲ ਹੋਇਆ ਕਰਦੀ ਹੈ, ਆਪਣੀ ਅਵਸਥਾ ਦੇ ਮੁਤਾਬਿਕ ਹੀ ਬਾਤ ਠੀਕ ਹੋਇਆ ਕਰਦੀ ਹੈ। ਇਸ ਤਰ੍ਹਾਂ ਜਾਗਦਾ ਹੋਇਆ, ਸੁਪਨੇ ਦੇ ਵਿਚ, ਸਖੋਪਤ ਦੇ ਵਿਚ ਅਤੇ ਤੁਰੀਆ ਦੇ ਵਿਚ, ਇਹ ਆਤਮ ਭੂਪਤ ਦੀਆਂ ਚਾਰ ਅਵਸਥਾਵਾਂ ਹੁੰਦੀਆਂ ਹਨ -

ਜਾਗ੍ਰਤ ਸੁਪਨ ਸੁਖੋਪਤ ਤੁਰੀਆ॥
ਆਤਮ ਭੂਪਤ ਕੀ ਇਹ ਪੁਰੀਆ।।

ਇਨ੍ਹਾਂ ਸਾਰੀਆਂ ਦੇ ਵਿਚ ਅਗਿਆਨ ਨਾ ਆਉਣ ਦੇਣਾ ਤੇ ਸਭ ਦੇ ਵਿਚ ਤੇ ਹਰ ਥਾਂ ਦੇ ਵਿਚ ਪਰਮੇਸ਼ਰ ਨੂੰ ਦੇਖਣਾ ਉਸ ਦਾ ਅਸਲੀ ਸਰੂਪ ਦੇਖਣਾ, ਸਾਰੇ ਦੇ ਵਿਚ ਪੂਰਨ ਆਤਮ ਤੱਤ ਦਾ ਪਸਾਰਾ ਦੇਖਣਾ, ਜਿਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਪੰਨਾ - 846

ਸੋ ਜਦੋਂ ਇਹ ਬਿਰਤੀ ਆ ਜਾਵੇ ਉਸ ਵੇਲੇ ਨਿਰਗੁਣ ਸਰੂਪ ਦਾ ਧਿਆਨ ਹੁੰਦੈ ਜਿਸ ਨੂੰ ਅਹੰਗ੍ਰਹਿ ਧਿਆਨ ਆਖਦੇ ਹਨ। ਇਸ ਦੇ ਵਿਚ ਪੂਜਾ ਵੀ ਬਦਲ ਜਾਂਦੀ ਹੈ। ਦੋ ਤਰ੍ਹਾਂ ਦੀ ਉਪਾਸਨਾ ਹੈ - ਇਕ ਅੰਦਰਲੀ ਉਪਾਸਨਾ ਅਤੇ ਇਕ ਬਾਹਰਲੀ ਉਪਾਸਨਾ ਹੁੰਦੀ ਹੈ। ਅੰਦਰਲੀ ਉਪਾਸਨਾ ਮਾਨਸਿਕ ਉਪਾਸਨਾ ਕਹਾਉਂਦੀ ਹੈ ਅਤੇ ਉਸ ਦਾ ਬਹੁਤ ਵੱਡਾ ਫਲ ਹੁੰਦਾ ਹੈ। ਦੂਸਰੀ ਪ੍ਰਤੱਖ ਉਪਾਸਨਾ ਹੁੰਦੀ ਹੈ। ਬਹਿਰੰਗ ਉਪਾਸਨਾ ਪ੍ਰਤੱਖ ਰੂਪ ਵਿਚ ਕੀਤੀ ਜਾਂਦੀ ਹੈ। ਅੰਤਰੰਗ ਉਪਾਸਨਾ ਕੇਵਲ ਧਿਆਨ ਨਾਲ ਕੀਤੀ ਜਾਂਦੀ ਹੈ।

ਇਕ ਵਾਰੀ ਕਬੀਰ ਸਾਹਿਬ ਦੇ ਗੁਰੂ ਰਾਮਾਨੰਦ ਜੀ ਅੰਦਰ ਬੈਠੇ ਸਨ ਤੇ ਕਬੀਰ ਸਾਹਿਬ ਬਾਹਰ ਬੈਠੇ ਸੀ। ਰਾਮਨੰਦ ਜੀ ਅੰਤਰੀਵ ਉਪਾਸਨਾ ਕਰ ਰਹੇ ਸੀ। ਇਸ਼ਟ ਨੂੰ ਅੰਤਰੀਵ ਇਸ਼ਨਾਨ ਕਰਵਾ ਕੇ ਤੇ ਅੰਤਰੀਵ ਹੀ ਵਸਤ੍ਰ ਪਹਿਨਾਏ, ਸਿਰ ਦੇ ਉਤੇ ਮੁਕਟ ਦੇ ਦਿਤਾ ਤੇ ਮਾਲਾ ਪਾਉਣੀ ਭੁਲ ਗਏ। ਹੁਣ ਜੇਕਰ ਮੁਕਟ ਉਤਾਰਦੇ ਹਨ ਤਾਂ ਬੇਅਦਬੀ ਹੁੰਦੀ ਹੈ ਤੇ ਜੇ ਮਾਲਾ ਨਹੀਂ ਪਹਿਨਾਉਂਦੇ ਤਾਂ ਉਪਾਸਨਾ ਅਧੂਰੀ ਰਹਿ ਜਾਂਦੀ ਹੈ। ਬਾਹਰ ਬੈਠੇ ਕਬੀਰ ਸਾਹਿਬ ਯੋਗ ਸ਼ਕਤੀ ਨਾਲ ਆਪਣੇ ਗੁਰੂ ਦੀ ਪਰੇਸ਼ਾਨੀ ਨੂੰ ਵੇਖ ਰਹੇ ਸਨ। ਇਹ ਵੇਖ ਕੇ ਕਬੀਰ ਸਾਹਿਬ ਕਹਿਣ ਲੱਗੇ ਗੁਰੂਦੇਵ! ਕਿਉਂ ਪਰੇਸ਼ਾਨ ਹੋ ਰਹੇ ਹੋ, ਮਾਲਾ ਦੀ ਗੰਢ ਖੋਲ੍ਹ ਕੇ ਹਾਰ ਪਾ ਕੇ ਫਿਰ ਗੰਢ ਦੇ ਦਿਓ; ਨਾ ਹੀ ਮੁਕਟ ਲਹੇਗਾ ਤੇ ਨਾ ਹੀ ਆਪ ਦੀ ਉਪਾਸਨਾ ਅਧੂਰੀ ਰਹੇਗੀ। ਰਾਮਾਨੰਦ ਕਹਿਣ ਲੱਗੇ, ਕੌਣ! ਕਬੀਰ? ਕਹਿੰਦੇ

ਹਾਂ ਮਹਾਰਾਜ! ਮੈਂ ਆਪ ਦਾ ਦਾਸ ਕਬੀਰ ਹਾਂ। ਕਹਿਣ ਲੱਗੇ ਤੂੰ ਮੇਰੇ ਅੰਦਰ ਵੀ ਪਹੁੰਚ ਗਿਆ ਤੇ ਮੇਰੇ ਅੰਦਰ ਵੀ ਦੇਖਣ ਲੱਗ ਪਿਆ? ਸੋ ਇਹ ਅੰਤਰੀਵ ਉਪਾਸਨਾ ਹੋਇਆ ਕਰਦੀ ਹੈ। ਇਸ ਅੰਤਰੀਵ ਉਪਾਸ਼ਨਾ ਤੋਂ ਬਾਅਦ ਅਹੰਗ੍ਰਹਿ ਉਪਾਸਨਾ ਦੀ ਵਾਰੀ ਆਇਆ ਕਰਦੀ ਹੈ। ਉਸ ਦੇ ਵਿਚ ਪੂਜਾ ਕੀਤੀ ਜਾਂਦੀ ਹੈ ਜਿਸ ਰਾਹੀਂ ਤਿੰਨ ਫੁਲ ਗੁਰੂ ਦੀ ਭੇਟਾ ਕੀਤੇ ਜਾਂਦੇ ਹਨ। ਪਹਿਲਾਂ ਗਿਆਨ ਦੇ ਨਾਲ ਪੂਜਾ ਹੁੰਦੀ ਹੈ, ਦੂਸਰੀ ਸਮ ਨਾਲ ਹੁੰਦੀ ਹੈ, ਹਰ ਥਾਂ ਦੇ ਉਤੇ ਪ੍ਰਮੇਸ਼ਰ ਦੇ ਦਰਸ਼ਨ ਕਰਨੇ ਤੇ ਤੀਸਰਾ ਸਮ ਨਾਮ ਨਾਲ ਹੁੰਦੀ ਹੈ, ਗਿਆਨ ਦੇ ਨਾਲ ਦੇਖਣਾ ਕਿ ਵਾਹਿਗੁਰੂ ਤੋਂ ਬਗੈਰ ਕੋਈ ਨਹੀਂ, ਦੂਸਰਾ ਹਰ ਥਾਂ ਦੇ ਉਤੇ ਉਸ ਦਾ ਵਰਤਾਰਾ ਦੇਖ ਕੇ ਉਸ ਦੇ ਦਰਸ਼ਨ ਕਰਨੇ ਜਿਵੇਂ ਕਿ –

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ॥ ਪੰਨਾ – 407

ਇਹ ਸਮਤਾ ਦਾ ਫੂਲ ਹੋਇਆ ਕਰਦਾ ਹੈ, ਤੀਸਰਾ ਫੁਲ ਸਮ-ਨਾਮ ਦਾ ਹੁੰਦਾ ਹੈ, ਚਿਤ ਦੀ ਇਕਾਗਰਤਾ ਦਾ ਤੇ ਆਤਮ ਚਿੰਤਨ ਦਾ ਗੁਰੂ ਨੂੰ ਭੋਗ ਲਵਾਇਆ ਜਾਂਦੈ, ਉਥੇ ਪ੍ਰਸ਼ਾਦ ਦਾ ਭੋਗ ਨਹੀਂ ਲੱਗਦਾ, ਆਤਮ ਚਿੰਤਨ ਰਾਹੀਂ ਹੀ ਭੋਗ ਲਗਾਇਆ ਜਾਂਦਾ ਹੈ।

ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ॥
ਪੰਨਾ – 88

ਇਸ ਨੂੰ ਕੇਵਲ ਸਤਿਗੁਰੂ ਬੁਝਾਵੇਗਾ ਕਿ ਆਤਮ ਦੇ ਦੇਵਤਾ, ਵਾਹਿਗੁਰੂ ਦੀ ਪੂਜਾ ਕਿਵੇਂ ਕੀਤੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਰਦ ਜੀ ਨੇ ਧ੍ਰੂ ਨੂੰ ਸਾਰਾ ਕੁਝ ਸਮਝਾ ਦਿਤਾ ਤੇ ਨਾਲ ਹੀ ਜਾਪ ਕਰਨ ਦੇ ਤਰੀਕੇ ਦੱਸ ਦਿਤੇ। **ਵਾਹਿਗੁਰੂ-ਵਾਹਿਗੁਰੂ, ਪਹਿਲਾਂ ਮਾਲਾ ਦੀ ਮੱਦਦ ਨਾਲ ਕੀਤਾ ਜਾਂਦਾ ਹੈ, ਫੇਰ ਕੇਵਲ ਰਸਨਾ ਨਾਲ ਹੀ ਕੀਤਾ ਜਾਂਦਾ ਹੈ ਤੇ ਉਸ ਤੋਂ ਬਾਅਦ ਸੁਆਸ ਨਾਲ ਕੀਤਾ ਜਾਂਦਾ ਹੈ –**

ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥ ਪੰਨਾ – 295

ਧਾਰਨਾ – ਸਾਸ ਸਾਸ ਦੇ ਗੇੜੇ ਜਪ ਲਉ ਵਾਹਿਗੁਰੂ –2, 2
ਸਾਸ ਸਾਸ ਦੇ ਗੇੜੇ ਜਪ ਲਉ ਵਾਹਿਗੁਰੂ –2, 4.

ਸਵਾਸ ਦੇ ਨਾਲ ਜਪਣਾ, ਵਾਹਿ-ਅੰਦਰ ਨੂੰ ਲੈ ਕੇ ਜਾਣਾ, ਗੁਰੂ ਬਾਹਰ ਸਾਹ ਕੱਢਦਿਆਂ ਜਪਣਾ। ਇਸ ਤਰ੍ਹਾਂ ਜਦੋਂ ਅਸੀਂ ਨਾਮ ਨੂੰ ਸਵਾਸ ਤੇ ਚੜ੍ਹਾ ਦਿਆਂਗੇ ਤਾਂ ਨਾਮ ਪ੍ਰਾਨਾਂ ਵਿਚ ਵਸ ਜਾਇਗਾ ਤੇ ਜਦੋਂ ਪ੍ਰਾਨਾਂ 'ਚ ਵਸ ਗਿਆ ਤਾਂ ਫਿਰ –

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਹੁੜਿ ਜਨਮਿ ਨ ਆਵਾ॥
ਪੰਨਾ – 795

ਫੇਰ ਜਨਮ ਮਰਨ ਛੁਟ ਜਾਇਆ ਕਰਦੈ ਕਿਉਂਕਿ ਨਾਮ ਪ੍ਰਾਨ ਤੇ ਆ ਗਿਆ, ਜਦੋਂ ਸੰਸਾਰ ਤੋਂ ਜਾਈਦੈ ਤਾਂ ਪ੍ਰਾਨ ਸਭ ਤੋਂ ਅਖੀਰ ਤੇ ਜਾਂਦੇ ਹਨ। ਪਹਿਲਾਂ ਹੱਥ ਕੰਮ ਕਰਨ ਤੋਂ ਹਟ ਜਾਂਦੇ ਹਨ, ਨੇਤਰ ਦੇਖਣ ਤੋਂ ਹਟ ਜਾਂਦੇ ਹਨ, ਕੰਨ ਸੁਣਨ ਤੋਂ ਹਟ ਜਾਂਦੇ ਹਨ ਤੇ ਬਾਕੀ ਸਰੀਰ ਕਿਰਿਆ ਕਰਨ ਤੋਂ ਹਟ ਜਾਂਦਾ ਹੈ। ਉਸ ਵੇਲੇ ਸੁਰਤਿ ਕਾਇਮ ਰਹਿੰਦੀ ਹੈ, ਜੇਕਰ ਸੁਰਤਿ ਸਵਾਸਾਂ ਉਪਰ ਨਾਮ ਦੇ ਨਾਲ ਲੱਗੀ ਹੋਵੇ ਤੇ ਜਦੋਂ ਸਵਾਸ ਅੰਦਰ ਨੂੰ ਗਿਆ ਵਾਹਿ.... ਕਹਿ ਦਿਤਾ ਤੇ ਬਾਹਰ ਨੂੰ ਗਿਆ ਗੁਰੂ.... ਕਹਿ ਦਿਤਾ ਤੇ ਉਸੇ ਵੇਲੇ ਸਮਾਪਤੀ ਹੋ ਗਈ ਭਾਵ ਸਰੀਰ ਛੁਟ ਗਿਆ ਤਾਂ ਨਤੀਜਾ ਕੀ ਹੋਏਗਾ, ਜਿਥੋਂ ਨਾਮ ਆ ਰਿਹੈ, ਜਿਸ ਮੰਡਲ ਦਾ ਨਾਮ ਹੈ, ਉਸ ਦੀ ਪਹੁੰਚ ਵੀ ਉਥੇ ਹੀ ਹੋ ਜਾਵੇਗੀ ਤੇ ਦਰਗਾਹ ਵਿਚ ਪਹੁੰਚ ਜਾਵੇਗਾ –

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥
ਪੰਨਾ – 517

ਦਰਗਾਹ ਵਿਚ ਥਾਂ ਮਿਲ ਜਾਵੇਗਾ। ਸੋ ਇਸੇ ਤਰ੍ਹਾਂ ਨਾਮ ਰੀੜ੍ਹ ਦੀ ਹੱਡੀ ਵਿਚਲੇ ਛੇ ਚੱਕਰਾਂ ਵਿਚ ਭੀ ਜਪਿਆ ਜਾਂਦਾ ਹੈ, ਪਰ ਗੁਰੂ ਮਹਾਰਾਜ ਜੀ ਨੇ ਸਾਨੂੰ ਕਸ਼ਟ ਯੋਗ, ਰਾਜ ਯੋਗ ਦੇ ਮਾਰਗ ਤੇ ਨਹੀਂ ਪਾਇਆ, ਸ਼ਬਦਿ ਸੁਰਤਿ ਮਾਰਗ ਵਿਚ ਲਾਇਆ ਹੈ। ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਉਸ ਨੂੰ ਆਗਿਆ ਚੱਕਰ ਆਖਦੇ ਹਨ। ਇਹ ਛੇਵਾਂ ਚੱਕਰ ਹੁੰਦਾ ਹੈ ਤੇ ਇਥੇ ਗੁਰੂ ਦਾ ਨਿਵਾਸ ਹੋਇਆ ਕਰਦਾ ਹੈ। ਇਥੇ ਦੋ ਚੀਜ਼ਾਂ ਸੁਣਦੀਆਂ ਹਨ। ਇਕ ਤਾਂ ਇਥੋਂ ਸ਼ਬਦ ਸੁਣਨਾ ਸ਼ੁਰੂ ਹੋ ਜਾਂਦਾ ਹੈ। ਸ਼ਬਦ ਦਸ ਕਿਸਮ ਦੇ ਵੀ ਦੱਸੇ ਹਨ ਤੇ ਗੁਰੂ ਮਹਾਰਾਜ ਜੀ ਨੇ ਤੇਰ੍ਹਾਂ ਕਿਸਮ ਦੇ ਵੀ ਦੱਸੇ ਹਨ। ਦੂਸਰਾ ਉਸ ਦੇ ਨਾਲ ਪ੍ਰਕਾਸ਼ ਹੋਇਆ ਕਰਦਾ ਹੈ। ਗੁਰੂ ਨਾਨਕ ਪਾਤਿਸ਼ਾਹ ਜੀ ਨੇ ਰਾਜਾ ਸ਼ਿਵਨਾਭ ਨੂੰ ਸਾਰੀ ਗੱਲ ਸਮਝਾ ਕੇ ਦੱਸੀ ਸੀ ਕਿ ਸ਼ਿਵਨਾਭ! ਇਸ ਤਰ੍ਹਾਂ ਦੇ ਨਾਲ ਸਵਾਸ ਲੈਣੇ ਕਿ ਖੱਬੀ ਨਾਸਕਾ ਤੋਂ ਲੈਣਾ ਤੇ ਉਸ ਨੂੰ ਥੋੜ੍ਹੀ ਦੇਰ ਟਿਕਾ ਕੇ ਫੇਰ ਛੱਡਣਾ ਹੈ। ਇਸ ਤਰ੍ਹਾਂ ਕਰਨ ਨਾਲ ਤ੍ਰਿਕੁਟੀ ਦੇ ਵਿਚ ਵਾਸਾ ਹੋ ਜਾਏਗਾ ਤੇ ਉਥੇ ਇਕ ਨਿਰਤ ਹੋਵੇਗੀ ਤੇ ਇਕ ਸੁਰਤਿ ਹੋਵੇਗੀ। ਸੁਰਤਿ ਦੇ ਨਾਲ ਤੂੰ ਅਨਹਦ ਸ਼ਬਦ ਦੀ ਧੁਨੀ ਸਰਵਣ ਕਰੇਂਗਾ ਤੇ ਨਿਰਤ ਦੇ ਨਾਲ ਬੇਅੰਤ ਕਿਸਮ ਦੇ ਚਮਤਕਾਰ ਦੇਖੇਂਗਾ। ਸੋ ਇਸ ਤਰ੍ਹਾਂ ਨਾਮ ਜਦੋਂ ਜਪਦੇ-ਜਪਦੇ ਵੱਧ ਜਾਂਦੈ ਤਾਂ ਉਸ ਵੇਲੇ ਸਾਰੇ ਸਰੀਰ ਦੇ ਵਿਚੋਂ ਬਹੁਤ ਅਨੰਦ ਮਹਿਸੂਸ ਹੁੰਦਾ ਹੈ ਤੇ ਨਾਲ ਦੀ ਨਾਲ ਇਕੱਲਾ-ਇਕੱਲਾ ਰੋਮ ਨਾਮ ਜਪਦਾ ਪ੍ਰਤੀਤ ਦਿੰਦਾ ਹੈ ਜਿਸ ਬਾਰੇ ਫੁਰਮਾਨ ਹੈ ਕਿ-

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਪੰਨਾ – 941

ਧਾਰਨਾ – ਰੋਮ ਰੋਮ ਹਰਿ ਧਿਆਵੈ
ਗੁਰਮੁਖ ਪਿਆਰੇ ਦਾ –2, 2.
ਰੋਮ ਰੋਮ ਹਰਿ ਧਿਆਵੈ ....–2, 4.

ਸਾਧ ਸੰਗਤ ਜੀ! ਗੁਰੂ ਘਰ ਵਿਚ ਅਨੇਕਾਂ ਐਸੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦੇ ਰੋਮ ਰੋਮ ਵਿਚ ਪਰਤੱਖ ਨਾਮ ਦੀ ਆਵਾਜ਼ ਆਉਂਦੀ ਸੀ। ਇਸ ਤੋਂ ਬਾਅਦ ਨਾਮ ਹੋਰ ਪਰਪੱਕ ਹੋ ਜਾਂਦਾ ਹੈ ਕਿ ਜੋ ਕੁਝ ਵੀ ਜਾਨਵਰ, ਪਸ਼ੂ, ਪੰਛੀ, ਦਰਿਆ, ਵਣ-ਤ੍ਰਿਣ, ਹਵਾ, ਪਾਣੀ ਆਦਿ ਸਭ ਪ੍ਰਮੇਸ਼ਰ ਦਾ ਨਾਮ ਜਪਦੇ ਪ੍ਰਤੀਤ ਹੁੰਦੇ ਹਨ। ਕਿਉਂਕਿ ਆਪਣੀ ਭਾਵਨਾ ਪਰਪੱਕ ਹੋ ਗਈ ਤੇ ਹਰ ਪਾਸੇ ਨਾਮ ਹੀ ਸੁਣਦਾ ਹੈ ਦੂਸਰੀ ਚੀਜ਼ ਸੁਣਦੀ ਹੀ ਨਹੀਂ ਜਿਸ ਦੇ ਬਾਰੇ ਫੁਰਮਾਨ ਹੈ –

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ॥
ਪੰਨਾ - 1420

ਅਤੇ ਸਾਰੇ ਪੰਖੇਰੂ ਨਾਮ ਜਪਦੇ ਪ੍ਰਤੀਤ ਹੁੰਦੇ ਹਨ -

ਧਾਰਨਾ - ਨਾਮ ਹਰੀ ਦਾ ਜਪਦੇ
ਸਾਰੇ ਬਣਾਂ ਦੇ ਪੰਖੇਰੂ -2, 2.
ਬਣਾਂ ਦੇ ਪੰਖੇਰੂ ਸਾਰੇ ਬਣਾਂ ਦੇ ਪੰਖੇਰੂ -2, 2
ਨਾਮ ਹਰੀ ਦਾ ਜਪਦੇ, ... -2.

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ - 1265

ਹਰ ਥਾਂ ਤੋਂ ਵਾਹਿਗੁਰੂ ਦੇ ਨਾਮ ਦੀ ਧੁਨੀ ਆਉਂਦੀ ਹੈ, ਸਾਰੀ ਕੁਦਰਤ, ਸੂਰਜ, ਚੰਦਰਮਾ, ਤਾਰੇ, ਦਰਿਆ, ਪਹਾੜ ਸਭ ਇਸ ਤਰ੍ਹਾਂ ਪ੍ਰਤੀਤ ਦਿੰਦੇ ਹਨ ਕਿ ਇਥੇ ਤਾਂ ਨਾਮ ਹੀ ਨਾਮ ਜਪਿਆ ਜਾ ਰਿਹਾ ਹੈ ਕਿਉਂਕਿ ਅਸਲੀ ਤਾਂ ਨਾਮ ਹੈ।

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ - 284

ਐਸੇ ਨਾਮ ਦੀ ਅਵਸਥਾ ਜਦੋਂ ਵੱਧ ਜਾਂਦੀ ਹੈ ਉਸ ਵੇਲੇ ਗਿਆਨ ਦਾ ਅਧਿਕਾਰੀ ਹੋ ਜਾਇਆ ਕਰਦੈ। ਸੋ ਇਸ ਤਰ੍ਹਾਂ ਦੇ ਨਾਲ ਨਾਰਦ ਜੀ ਨੇ ਸਾਰਾ ਉਪਦੇਸ਼ ਦੇ ਕੇ, ਧਿਆਨ ਧਰਨ ਦਾ ਤੇ ਨਾਮ ਜਪਣ ਦਾ ਉਪਦੇਸ਼ ਦੇ ਦਿਤਾ, ਧ੍ਰੂ ਨੇ ਬੈਠ ਕੇ ਦ੍ਰਿੜਤਾ ਦੇ ਨਾਲ ਨਾਮ ਜਪਣਾ ਸ਼ੁਰੂ ਕਰ ਦਿਤਾ ਅਤੇ ਇਧਰ ਉਸ ਦੇ ਪਿਤਾ ਦੇ ਪਾਸ ਨਾਰਦ ਜੀ ਪਹੁੰਚ ਗਏ। ਕਹਿਣ ਲੱਗੇ ਰਾਜਨ! ਕਿੱਡੀ ਹੈਰਾਨੀ ਦੀ ਗੱਲ ਹੈ ਕਿ ਆਪਣਾ ਪੰਜ ਸਾਲ ਦਾ ਬੱਚਾ ਤੁਸੀਂ ਨਰਾਜ਼ ਕਰ ਦਿਤਾ ਤੇ ਇਸ ਬੀਬੀ ਨੇ ਉਸ ਦੇ ਥੱਪੜ ਮਾਰੇ, ਉਹ ਹੁਣ ਤਪ ਕਰਨ ਵਾਸਤੇ ਜੰਗਲ ਵਿਚ ਚਲਾ ਗਿਆ, ਉਸ ਦਾ ਬਹੁਤ ਦ੍ਰਿੜ ਇਰਾਦਾ ਹੈ ਅਤੇ ਉਹ ਬਹੁਤ ਛੇਤੀਂ ਸਫਲ ਹੋ ਜਾਵੇਗਾ। ਉਸ ਦਾ ਵੈਰਾਗ ਵੀ ਪੂਰਾ ਹੈ ਤੇ ਇਰਾਦਾ ਵੀ ਦ੍ਰਿੜ ਹੈ। ਦ੍ਰਿੜਤਾ ਹੋਵੇ ਤੇ ਤੀਬਰ ਵੈਰਾਗ ਹੋਵੇ ਤਾਂ ਫਲ ਪ੍ਰਾਪਤ ਕਰਨ ਨੂੰ ਦੇਰ ਨਹੀਂ ਲੱਗਦੀ। ਪਰ ਸਿਥਲ ਵੈਰਾਗ ਤੇ ਸਿਥਲ ਇਰਾਦਾ ਆਦਮੀ ਨੂੰ ਕਿਸੇ ਕਿਨਾਰੇ ਨਹੀਂ ਪਹੁੰਚਾ ਸਕਿਆ ਕਰਦਾ ਕਿਉਂਕਿ ਕਦੀ ਇਧਰ ਹੋ ਜਾਂਦੈ, ਕਦੀ ਉਧਰ ਹੋ ਜਾਂਦੈ; ਦੁਨੀਆਂ ਦੇ ਵਿਚ ਵੀ ਚੱਲਦੈ ਤੇ ਰੱਬ ਵੱਲ ਨੂੰ ਵੀ ਚਲਦੈ ਪਰ ਸਾਧ ਸੰਗਤ ਜੀ! ਇਕੋ ਪਾਸਾ ਰੱਖਣਾ ਪੈਂਦੈ ਕਿਉਂਕਿ ਫੁਰਮਾਨ ਹੈ-

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥
ਪੰਨਾ - 657

ਸਭ ਕੁਝ ਛੱਡਣਾ ਪੈਂਦੈ ਤਾਂ ਕਿਤੇ ਜਾ ਕੇ ਮਨ ਇਕਾਗਰ ਹੁੰਦੈ, ਨਹੀਂ ਮਨ ਇਕਾਗਰ ਨਹੀਂ ਹੋਇਆ ਕਰਦਾ। ਜਗਿਆਸੂ ਐਨਾ ਤਕੜਾ ਨਹੀਂ ਹੋਇਆ ਕਿ ਸਭ ਕੁਝ ਕਰਦਾ ਹੋਇਆ ਵੀ ਮਨ ਇਕਾਗਰ ਕਰ ਸਕੇ ਕਿਉਂਕਿ ਮਨ ਤਕੜਾ ਕੇਵਲ ਪ੍ਰਾਪਤੀ ਤੋਂ ਬਾਅਦ ਹੀ ਹੋਇਆ ਕਰਦਾ ਹੈ। ਪ੍ਰਾਪਤੀ ਤੱਕ ਤਾਂ ਸਭ ਕਾਸੇ ਚੋਂ ਆਪਣੇ ਆਪ ਨੂੰ ਕੱਢਣਾ ਪੈਂਦਾ ਹੈ, ਨਿਕਲਨਾ ਪੈਂਦਾ ਹੈ, ਤਾਂ ਮਨ ਇਕਾਗਰ ਹੋ ਸਕਿਆ ਕਰਦਾ ਹੈ। ਨਾਰਦ ਜੀ ਨੇ ਰਾਜੇ ਨੂੰ ਕਿਹਾ ਕਿ ਤੁਸੀਂ ਬਹੁਤ ਮਾੜੀ ਗੱਲ ਕੀਤੀ। ਜਾਓ! ਆਪਣੇ ਪੁੱਤਰ ਨੂੰ ਮਨਾ ਕੇ ਲੈ ਕੇ ਆਓ। ਰਾਜੇ ਨੇ ਅਹਿਲਕਾਰ ਭੇਜੇ, ਉਸ ਦੀ ਮਾਂ ਨੂੰ ਮਹਿਲਾਂ ਵਿਚ ਲੈ ਆਇਆ ਤੇ ਉਸ ਦੀ ਭੈਣ ਨੇ ਵੀ ਮਹਿਸੂਸ ਕੀਤਾ ਕਿ ਮੈਂ ਬਹੁਤ ਮਾੜਾ ਕੰਮ ਕੀਤਾ ਤੇ ਹੁਣ ਪਛਤਾਵਾ ਕਰ ਰਹੀ ਹੈ। ਸਾਰੇ ਅਹਿਲਕਾਰ ਧ੍ਰੂ ਪਾਸ ਪਹੁੰਚ ਗਏ ਤੇ ਕਹਿਣ ਲੱਗੇ ਘਰ ਵਾਪਸ ਆ ਜਾਓ, ਰਾਜੇ ਨੇ ਬੁਲਾਇਆ ਹੈ ਤੇ ਰਾਜ ਭਾਗ ਸੰਭਾਲੋ। ਧ੍ਰੂ ਕਹਿਣ ਲੱਗਿਆ ਮੈਂ ਹੁਣ ਘਰ ਵਾਪਸ ਨਹੀਂ ਆਵਾਂਗਾ, ਮੈਂ ਤਾਂ ਪ੍ਰਭੂ ਦਾ ਨਾਮ ਜਪਣਾ ਹੈ। ਮਨ ਵਿਚ ਕਹਿਣ ਲੱਗਿਆ ਕਿ ਅਜੇ ਮੈਂ ਭਗਤੀ ਕਰਨੀ ਸ਼ੁਰੂ ਹੀ ਕੀਤੀ ਹੈ ਤੇ ਹੁਣੇ ਹੀ ਮੇਰੇ ਪਿਛੇ ਪਿਛੇ ਰਾਜ ਆ ਰਿਹਾ ਹੈ ਤੇ ਮੈਨੂੰ ਅੱਧਾ ਰਾਜ ਮਿਲ ਰਿਹਾ ਹੈ। ਜੇ ਮੈਂ ਦ੍ਰਿੜਤਾ ਸਹਿਤ ਨਾਮ ਜਪਿਆ ਫਿਰ ਪ੍ਰਭੂ ਦੇ ਦਰਸ਼ਨ ਹੋ ਜਾਣੇ ਹਨ। ਵਾਪਸ ਆ ਕੇ ਵਜ਼ੀਰਾਂ ਨੇ ਰਾਜੇ ਨੂੰ ਦੱਸਿਆ ਕਿ ਰਾਜਕੁਮਾਰ ਵਾਪਸ ਨਹੀਂ ਆ ਰਿਹਾ। ਉਸ ਦਾ ਪਿਤਾ ਰਾਜਾ ਸੋਚਣ ਲੱਗਿਆ ਕਿ ਨਾਮ ਜਪਣ ਦਾ ਤਾਂ ਮੇਰਾ ਸਮਾਂ ਹੈ ਕਿਉਂਕਿ ਮੈਂ ਵਡੇਰੀ ਉਮਰ ਵਿਚ ਹੋ ਰਿਹਾ ਹਾਂ ਤੇ ਮੈਂ ਬੜੀ ਅਨੀਤੀ ਕੀਤੀ ਹੈ ਕਿ ਛੋਟੇ ਜਿਹੇ ਬੱਚੇ ਨੂੰ ਮਜਬੂਰ ਕਰਕੇ ਨਾਮ ਜਪਣ ਭੇਜ ਦਿਤਾ। ਇਹ ਮੈਂ ਮਰਿਆਦਾ ਤੋਂ ਉਲਟ ਗੱਲ ਕੀਤੀ ਹੈ ਕਿ ਬਾਪ ਦੇ ਹੁੰਦਿਆਂ, ਪੁੱਤਰ ਤਪੱਸਿਆ ਕਰਨ ਕਿਵੇਂ ਜਾ ਸਕਦਾ ਹੈ? ਧ੍ਰੂ ਦੀ ਮਾਤਾ ਤੇ ਉਸ ਦੀ ਮਾਸੀ ਨੂੰ ਵੀ ਨਾਲ ਲਿਆ ਜਿਸ ਨੇ ਥੱਪੜ ਮਾਰੇ ਸੀ। ਸਾਰੇ ਧ੍ਰੂ ਪਾਸ ਚਲੇ ਜਾਂਦੇ ਹਨ ਤੇ ਰਾਜਾ ਕਹਿਣ ਲੱਗਿਆ, ਬੇਟਾ ਧ੍ਰੂ! ਤੂੰ ਚਲ ਵਾਪਸ ਮਹਿਲਾਂ ਵਿਚ ਤੇ ਤਖਤ ਤੇ ਬੈਠ ਕੇ ਰਾਜ ਭਾਗ ਸੰਭਾਲ, ਤਖਤ ਤੇ ਬੈਠ ਤੇ ਮੈਂ ਤੇਰੀ ਥਾਂ ਤੇ ਨਾਮ ਜਪਾਂਗਾ। ਧ੍ਰੂ ਕਹਿਣ ਲੱਗਿਆ, ਪਿਤਾ ਜੀ! ਮੈਨੂੰ ਹੁਣ ਪਤਾ ਲੱਗ ਗਿਆ ਹੈ ਕਿ ਪ੍ਰਮੇਸ਼ਰ ਦੇ ਨਾਮ ਵਿਚ ਕਿੰਨੀ ਬਰਕਤ ਹੈ ਕਿਉਂਕਿ ਅਜੇ ਤਾਂ ਮੈਂ ਇਰਾਦਾ ਕੀਤੈ ਕਿ ਸਾਰਾ ਰਾਜ ਮੇਰੇ ਪਿਛੇ ਫਿਰ ਰਿਹਾ ਹੈ, ਮੈਂ ਤਾਂ ਹੁਣ ਰਾਜ ਭਾਗ ਦਾ ਫੁਰਨਾ ਹੀ ਖਤਮ ਕਰ ਦਿਤਾ ਹੈ ਕਿਉਂਕਿ ਪਤਾ ਨਹੀਂ ਇਸ ਤੋਂ ਵੀ ਵੱਧ ਮੈਨੂੰ ਕੀ ਪ੍ਰਾਪਤ ਹੋ ਜਾਵੇ। ਇਸ ਤਰ੍ਹਾਂ ਨਾਲ ਕਹਿ ਰਿਹਾ ਹੈ -

ਧਾਰਨਾ - ਮੈਂ ਜੋਗ ਕਮਾਊਂਗਾ ਰਾਜ ਤੇਰਾ ਛੱਡ ਕੇ,
ਰਾਜ ਤੇਰਾ ਛੱਡ ਕੇ -2, 2.
ਰਾਜ ਤੇਰਾ ਛੱਡ ਕੇ, - 4, 2
ਮੈਂ ਜੋਗ ਕਮਾਊਂਗਾ ਰਾਜ ਤੇਰਾ ਛੱਡ ਕੇ - 2, 2

ਪਿਛਹੁ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ॥
ਭਾਈ ਗੁਰਦਾਸ ਜੀ ਦੀ ਵਾਰ 10/1

ਰਾਜਾ ਕਹਿਣ ਲੱਗਿਆ, ਬੇਟਾ! ਹੁਣ ਤੂੰ ਚਲ ਤੇ ਜਾ ਕੇ ਰਾਜ ਸਿੰਘਾਸਨ ਤੇ ਬੈਠ ਤੇ ਮੈਂ ਬੰਦਗੀ ਕਰਾਂਗਾ। ਪਰ ਧ੍ਰੂ ਕਹਿਣ ਲੱਗਿਆ, ਪਿਤਾ ਜੀ! ਹੁਣ ਤਾਂ ਮੈਂ ਜੋਗ ਕਮਾਊਂਗਾ। ਯੋਗ, ਜੁੜਨ ਨੂੰ ਆਖਿਆ ਜਾਂਦਾ ਹੈ। ਚਿਤ ਬਿਰਤੀਆਂ ਨੂੰ ਨਿਰੁਧ ਕਰਕੇ ਪ੍ਰਮੇਸ਼ਰ ਨਾਲ ਜੁੜਨਾ। ਪੰਜ ਕਿਸਮ ਦੀਆਂ ਬਿਰਤੀਆਂ ਹੁੰਦੀਆਂ ਹਨ ਤੇ ਇਨ੍ਹਾਂ ਸਾਰੀਆਂ ਦਾ ਨਿਰੁੱਧ ਕਰਕੇ ਕੇਵਲ ਪ੍ਰਮੇਸ਼ਰ ਵਿਚ ਲੀਨ ਹੋ ਜਾਣਾ। ਸਾਧ ਸੰਗਤ ਜੀ! ਯੋਗ ਦੋ ਤਰ੍ਹਾਂ ਦਾ ਹੁੰਦਾ ਹੈ, ਵੈਸੇ ਤਾਂ ਯੋਗ ਕਈ ਕਿਸਮ ਦਾ ਹੁੰਦਾ ਹੈ ਜਿਵੇਂ ਸਮਯੋਗ, ਬੁਧ ਯੋਗ, ਗਿਆਨ ਯੋਗ ਹੈ, ਧਿਆਨ ਯੋਗ ਹੈ ਤੇ ਕਰਮ ਯੋਗ ਹੈ। ਰਾਜ ਯੋਗ ਤੇ ਸ਼ਬਦਿ ਸੁਰਤਿ ਯੋਗ ਹੈ। ਇਸ ਦੇ ਅੰਦਰ ਸਾਡੇ ਵਾਸਤੇ ਰਾਜਯੋਗ ਦਾ ਫੁਰਮਾਨ ਹੋਇਐ ਕਿਉਂਕਿ ਇਹ ਸਹਿਜ ਹੋਇਆ ਕਰਦਾ ਹੈ। ਮਨ ਦੇ ਰੋਕਣ ਨੂੰ ਰਾਜਯੋਗ ਆਖਦੇ ਹਨ, ਪ੍ਰਾਣਾਂ ਦੇ ਰੋਕਣ ਨੂੰ ਹੱਠ

ਯੋਗ ਕਹਿੰਦੇ ਹਨ। ਹੱਠ ਯੋਗ ਤੋਂ ਬਗੈਰ ਰਾਜਯੋਗ ਨਹੀਂ ਹੁੰਦਾ ਤੇ ਰਾਜਯੋਗ ਤੋਂ ਬਗੈਰ ਹਠ ਯੋਗ ਨਹੀਂ ਹੁੰਦਾ ਹੈ। ਦੋਵੇਂ ਇਕ ਦੂਜੇ ਨਾਲ ਮਿਲਦੇ ਹਨ ਦੋਨਾਂ ਦੀਆਂ ਰਹਿਤਾਂ ਤਕਰੀਬਨ-ਤਕਰੀਬਨ ਨੇੜੇ-ਨੇੜੇ ਚਲਦੀਆਂ ਹਨ ਲੇਕਿਨ ਜਿਹੜਾ ਪ੍ਰਾਣਾਯਾਮ ਹੈ, ਉਸ ਬਾਰੇ ਗੁਰੂ ਮਹਾਰਾਜ ਨੇ ਸਾਨੂੰ ਵਿਵਰਜਿਤ ਕੀਤਾ ਹੈ ਕਿਉਂਕਿ ਇਹ ਹਠਯੋਗ ਔਖਾ ਹੈ ਤੇ ਇਸ ਵਿਚ ਮੂਲਧਾਰ ਚੱਕਰ ਤੋਂ ਚਲਣਾ ਪੈਂਦਾ ਹੈ। ਇਸ ਦੀ ਕ੍ਰਿਆ ਬਹੁਤ ਕਠਿਨ ਹੈ। ਰੀੜ੍ਹ ਦੀ ਹੱਡੀ ਦੇ ਹੇਠਾਂ ਭੁਜੰਗਾ ਨਾੜੀ ਹੁੰਦੀ ਹੈ ਜਿਸ ਵਿਚ ਕੁੰਡਲਨੀ ਦਾ ਨਿਵਾਸ ਹੋਇਆ ਕਰਦਾ ਹੈ। ਉਥੇ ਸਵਾਸਾਂ ਦੀ ਗਰਮੀ ਦੇ ਕੇ, ਰੀੜ੍ਹ ਦੀ ਹੱਡੀ ਵਿਚ ਜੋ ਸੁਖਮਨਾ ਨਾੜੀ ਹੈ, ਉਸ ਤੋਂ ਪਰੇ ਹਟਾਈ ਜਾਂਦੀ ਹੈ ਤੇ ਫੇਰ ਸੁਆਸ ਉਸ ਵਿਚ ਦਾਖਲ ਹੋ ਜਾਂਦੇ ਹਨ। ਫੇਰ ਸੁਆਸਾਂ ਦੀ ਗਰਮੀ ਦੇ ਨਾਲ ਛੇ ਚੱਕਰ ਭੇਦ ਕੇ ਆਗਿਆ ਚੱਕਰ ਵਿਚ ਪਹੁੰਚਦੇ ਹਨ। ਉਸ ਤੋਂ ਬਾਅਦ ਤ੍ਰਿਕੁਟੀ ਦੇ ਵਿਚੋਂ ਦੀ ਹੋ ਕੇ ਦਸਵੇਂ ਦੁਆਰ ਵਿਚ ਦਾਖਲ ਹੁੰਦੇ ਹਨ। ਪਰੰਤੂ ਗੁਰੂ ਮਹਾਰਾਜ ਜੀ ਨੇ ਸਾਨੂੰ ਸਬਦਿ ਸੁਰਤਿ ਦੇ ਨਾਲ ਦੱਸਿਐ ਕਿ ਸੁਰਤਿ ਨੂੰ ਇਕਾਗਰ ਕਰਕੇ ਸੁਰਤਿ ਦੇ ਨਾਲ ਉਥੇ ਪਹੁੰਚੋ ਤੇ ਉਸ ਦੀਆਂ ਰਹਿਤਾਂ ਵੀ ਹੁੰਦੀਆਂ ਹਨ, ਇਸ ਦੀਆਂ ਅੱਠ ਰਹਿਤਾਂ ਹੁੰਦੀਆਂ ਹਨ। ਅੱਠ ਤਰੀਕੇ ਹੁੰਦੇ ਹਨ ਇਹ ਮਾਨਸਿਕ ਰਹਿਤਾਂ ਹੁੰਦੀਆਂ ਹਨ। ਬਹੁਤ ਸਾਰੇ ਪ੍ਰੇਮੀ ਕਹਿੰਦੇ ਹਨ ਕਿ ਜੀ! ਸਾਡਾ ਨਾਮ ਨਹੀਂ ਚਲਦਾ। ਰਹਿਤਾਂ ਤੋਂ ਬਗੈਰ ਨਾਮ ਕਿਵੇਂ ਚਲ ਸਕਦਾ ਹੈ। ਇਸ ਵਿਚ ਤਿੰਨ ਕਿਸਮ ਦੀ ਅਹਿੰਸਾ ਹੁੰਦੀ ਹੈ। ਸਤਿ ਦਾ ਜੀਵਨ ਹੋਣਾ ਚਾਹੀਦਾ ਹੈ। ਜਿਹੋ ਜਿਹਾ ਅੰਦਰੋਂ ਉਹੋ ਜਿਹਾ ਬਾਹਰੋਂ, ਦੂਹਰੀ ਕਿਸਮ ਦਾ (double faced) ਨਹੀਂ ਹੋਣਾ ਚਾਹੀਦਾ। ਕਈਆਂ ਦੇ ਤਾਂ ਤਿੰਨ ਚਿਹਰੇ ਹੁੰਦੇ ਹਨ। ਘਰ ਵਿਚ ਗੱਲ ਕਰਨ ਨੂੰ ਹੋਰ, ਸਮਾਜ ਵਿਚ ਗੱਲ ਕਰਨ ਨੂੰ ਹੋਰ ਤੇ ਰਾਜਨੀਤੀ ਵਿਚ ਗੱਲ ਕਰਨ ਨੂੰ ਹੋਰ ਹੈ, ਫੇਰ ਦੱਸੋ ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋ ਜਾਵੇਗੀ। ਜਿਸ ਦਾ ਜੀਵਨ ਹੀ ਝੂਠ ਦਾ ਹੈ ਤੇ ਚਾਰੇ ਪਾਸੇ ਝੂਠ ਪੱਲੇ ਬੰਨ੍ਹਿਆ ਹੋਇਆ ਹੈ ਉਹ ਕਿਸ ਤਰ੍ਹਾਂ ਪ੍ਰਾਪਤੀ ਕਰ ਸਕਦੈ? ਇਸ ਤੋਂ ਬਾਅਦ ਅਸਤੇਹ ਹੋਇਆ ਕਰਦੈ, ਇਹ ਹੁੰਦੈ ਕਿ ਕਿਸੇ ਕਿਸਮ ਦੇ ਭੋਗਾਂ ਵਿਚ ਆਪਣੀ ਬਿਰਤੀ ਨੂੰ ਜਾਣ ਤੋਂ ਰੋਕਣਾ, ਕਿਸੇ ਕਿਸਮ ਦੀ ਵੀ ਚੋਰੀ ਨਾ ਕਰਨੀ। ਕਈ ਕਿਸਮ ਦੇ ਚੋਰ ਹੁੰਦੇ ਹਨ, ਇਕ ਪਰਮਾਣ ਚੋਰੀ ਕਰਿਆ ਕਰਦੇ ਹਨ, ਇਕ ਕਵਿਤਾ ਚੋਰੀ ਕਰਿਆ ਕਰਦੇ ਹਨ, ਕਈ ਬੰਦੇ ਕਿਸੇ ਨਾ ਕਿਸੇ ਦਾ ਤਖੱਲਸ (ਨਾਮ) ਚੋਰੀ ਕਰਿਆ ਕਰਦੇ ਹਨ, ਇਕ ਪੈਸੇ ਚੋਰੀ ਕਰਿਆ ਕਰਦੇ ਹਨ। ਇਕ ਪ੍ਰਭਤਾ ਚੋਰੀ ਕਰਿਆ ਕਰਦੇ ਹਨ, ਇਸ ਵਿਚ ਕਿਸੇ ਕਿਸਮ ਦੀ ਵੀ ਚੋਰੀ ਕਰਨੀ ਮਨ੍ਹਾ ਹੈ ਤੇ ਅਸਤੇਹ ਦੀ ਬਿਰਤੀ ਧਾਰਨ ਕਰਨੀ ਪੈਂਦੀ ਹੈ। ਚੌਥੀ ਰਹਿਤ ਹੋਇਆ ਕਰਦੀ ਹੈ - ਬ੍ਰਹਮਚਰੀਆ, ਸਾਰੇ ਇੰਦਰਿਆਂ ਦਾ ਬ੍ਰਹਮਚਰੀਆ ਧਾਰਨ ਕਰਨਾ। ਅੱਖਾਂ ਵਾਸਤੇ ਹੈ ਕਿ -

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ - 274

ਕੰਨਾ ਦੀ ਹੈ ਕਿ -

ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ - 274

ਹੱਥਾਂ ਨੂੰ ਮਾੜੇ ਕੰਮਾਂ ਤੋਂ ਰੋਕਣਾ, ਪੈਰਾਂ ਦੀ ਰਹਿਤ ਹੈ ਕਿ ਮਾੜੇ ਥਾਂ ਤੇ ਪੈਰ ਨਾ ਜਾਣ ਅਤੇ ਆਪਣਾ ਜਤ, ਸਤਿ ਕਾਇਮ ਰੱਖਣਾ।

ਸਰਵਣ, ਸਿਮਰਨ, ਕੀਰਤਨ, ਚਿਤਵਨ, ਬਾਤ ਇੰਕਤ
ਦ੍ਰਿੜ੍ਹ ਸੰਕਲਪ, ਪ੍ਰਯਤਨ ਤਨ, ਪ੍ਰਾਪਤ ਅਸਟ ਕਹੰਤ।

ਇਹ ਅੱਠ ਤਰੀਕੇ ਹੁੰਦੇ ਹਨ ਜਿਨ੍ਹਾਂ ਰਾਹੀਂ ਆਦਮੀ ਦਾ ਬ੍ਰਹਮਚਰੀਯ ਭੰਗ ਹੋ ਜਾਇਆ ਕਰਦਾ ਹੈ। ਇਸ ਤੋਂ ਬਾਅਦ ਨਿਯਮ ਹੁੰਦਾ ਹੈ। ਇਸ ਦੇ ਵਿਚ ਪਹਿਲਾਂ ਸਰੀਰ ਦੀ ਪਵਿੱਤਰਤਾ, ਬਸਤਰਾਂ ਦੀ ਪਵਿੱਤਰਤਾ, ਘਰ ਦੀ ਪਵਿੱਤਰਤਾ, ਮਨ ਦੀ ਪਵਿਤਰਤਾ, ਬੁੱਧੀ ਦੀ ਪਵਿੱਤਰਤਾ ਇਸ ਤਰ੍ਹਾਂ ਦੇ ਸਾਰੇ ਇਸ਼ਨਾਨ ਦੱਸੇ ਹਨ। ਉਸ ਤੋਂ ਪੰਜਵੀ ਅਗਲੀ ਰਹਿਤ 'ਸੰਤੋਖ' ਹੁੰਦੀ ਹੈ ਕਿ -

ਯਥਾ ਲਾਭ ਸੰਤੁਸ਼ਟੇ॥

ਮਿਹਨਤ ਕਰਨੀ ਜੀ ਭਰਕੇ ਅਤੇ ਉਸ ਤੋਂ ਬਾਅਦ ਜੋ ਕੁਝ ਹਾਸਲ ਹੋ ਗਿਆ ਉਸ ਉਤੇ ਆਪਣੇ ਆਪ ਨੂੰ ਸੰਤੁਸ਼ਟ ਰੱਖਣਾ। ਅਗਲੀ ਰਹਿਤ ਹੁੰਦੀ ਹੈ ਸਵੈ ਅਧਿਆਇ। ਨਿਤਨੇਮ ਕਰਨਾ, ਆਪ ਨੇਮ ਤੋਂ ਕਦੇ ਨਾ ਖੁੰਝਣਾ। ਜਦੋਂ ਸਮਾਂ ਹੋ ਜਾਵੇ ਉਸ ਵੇਲੇ ਆਪ ਨੇਮ ਨੂੰ ਪੂਰਾ ਕਰਨਾ। ਅਗਲੀ ਰਹਿਤ ਹੁੰਦੀ ਹੈ ਕਿ ਤਪ ਕਰਨਾ, ਸੰਗਤ ਵਿਚ ਚਲ ਕੇ ਆਉਣਾ, ਅੰਮ੍ਰਿਤ ਵੇਲੇ ਉਠ ਕੇ ਠੰਢੇ ਪਾਣੀ ਨਾਲ ਇਸ਼ਨਾਨ ਕਰਨਾ, ਜਿਹੋ ਜਿਹਾ ਸਰੀਰ ਨੂੰ ਭਾਵੇ, ਇਸ਼ਨਾਨ ਕਰਨਾ। ਉਸ ਤੋਂ ਬਾਅਦ ਚੌਂਕੜਾ ਮਾਰ ਕੇ ਬੈਠਣਾ ਤੇ ਭਜਨ ਕਰਨਾ, ਬੈਠਿਆਂ ਹੋਇਆ ਇਧਰ ਉਧਰ ਲੱਤਾਂ ਬਾਹਾਂ ਨਹੀਂ ਹਿਲਾਉਣੀਆਂ। ਇਸ ਨੂੰ ਤਪ ਕਹਿੰਦੇ ਹਨ। ਇਹ ਤਪ ਤਿੰਨ ਕਿਸਮ ਦਾ ਹੁੰਦਾ ਹੈ। ਇਕ ਸਾਂਤਕੀ ਤਪ, ਰਾਜਸੀ ਤਪ ਤੇ ਤਾਮਸੀ ਤਪ। ਤਾਮਸੀ ਤਪ ਉਹ ਹੁੰਦੈ ਜਿਹਦੇ ਵਿਚ ਸਰੀਰ ਨੂੰ ਬਹੁਤ ਖੇਚਲ ਹੁੰਦੀ ਹੈ। ਪਰ ਫਲ ਉਸ ਦਾ ਥੋੜ੍ਹਾ ਹੋਇਆ ਕਰਦਾ ਹੈ। ਰਾਜਸੀ ਤਪ ਹੁੰਦਾ ਕਿ ਜਿਹਦੇ ਵਿਚ ਮਨ ਨੂੰ ਰੋਕਣ ਦੇ ਬਾਰ ਬਾਰ ਯਤਨ ਕਰਨੇ ਪੈਂਦੇ ਹਨ, ਬਿਰਤੀ ਨੂੰ ਨੱਠਣ ਨਾ ਦੇਣਾ ਅਤੇ ਸਾਂਤਕੀ ਤਪ ਹੁੰਦੈ ਕਿ ਨਾਮ ਦੇ ਨਾਲ ਬਿਰਤੀ ਨੂੰ ਚਿਤ ਇਕਾਗਰ ਕਰਕੇ ਜੋੜਨਾ। ਇਸ ਤੋਂ ਉਪਰੰਤ ਬਾਣੀ ਦਾ ਪਾਠ ਕਰਨਾ, ਬਾਣੀ ਦੀ ਵਿਚਾਰ ਕਰਨੀ।

ਅਗਲੀ ਰਹਿਤ ਹੁੰਦੀ ਹੈ ਕਿ ਈਸ਼ਵਰ ਪਰਾਇਣ ਹੋ ਕੇ ਰਹਿਣਾ, ਗੁਰੂ ਦੇ ਪਰਾਇਣ ਹੋ ਕੇ ਰਹਿਣਾ, ਗੁਰੂ ਨੂੰ ਹੀ ਸਭ ਕੁਝ ਅਰਪਣ ਕਰਨਾ।

ਆਪ ਛਡਿ ਸਦਾ ਰਹੈ ਪਰਨੈ
ਗੁਰ ਬਿਨੁ ਅਵਰੁ ਨ ਜਾਣੈ ਕੋਇ॥ ਪੰਨਾ - 919

ਗੁਰੂ ਨੂੰ ਮੁਖ ਰੱਖਣਾ; ਕੋਈ ਔਖ ਪੈ ਜਾਵੇ, ਬਿਪਤਾ ਪੈ ਜਾਵੇ, ਸਾਰੀਆਂ ਗੱਲਾਂ ਔਖ-ਸੌਖ, ਹਾਨ-ਲਾਭ, ਮਾਨ-ਅਪਮਾਨ, ਨੇਕ ਕਰਮ, ਨਿਤਨੇਮ, ਪੂਜਾ ਪਾਠ ਦੇ ਫਲ ਆਦਿ ਗੁਰੂ ਨੂੰ ਸਮਰਪਣ ਕਰ ਦੇਣੀਆਂ।

ਅਗਲਾ ਹੈ ਕਿ ਯਮ, ਨਿਯਮ ਤੇ ਆਸਣ। ਆਸਣ ਇਸ ਤਰ੍ਹਾਂ ਦਾ ਹੋਵੇ ਕਿ ਜਿਥੇ ਬੈਠ ਕੇ ਬਾਰ-ਬਾਰ ਲੱਤਾਂ-ਗੋਡੇ ਹਿਲਾਉਣ ਦੀ ਲੋੜ ਨਾ ਪਵੇ। ਵੈਸੇ ਤਾਂ ਪਦਮ ਆਸਣ ਤੇ ਸਿਧ ਆਸਣ ਹੁੰਦੇ ਹਨ ਪਰ ਅੱਜਕੱਲ੍ਹ ਇਨ੍ਹਾਂ ਆਸਣਾਂ ਨੂੰ ਧਾਰਨ ਕਰਕੇ ਹਰ ਕੋਈ ਬੈਠ ਨਹੀਂ ਸਕਦਾ। ਸੁਖਾਲਾ ਆਸਣ ਕਰਕੇ ਬਗੈਰ ਹਿਲਜੁਲ ਤੋਂ ਬੈਠੇ ਰਹਿਣਾ। ਅਗਲਾ ਹੁੰਦਾ ਹੈ ਪ੍ਰਾਣਾਯਾਮ, ਸਵਾਸ ਨੂੰ ਰੋਕਣਾ। ਜਦੋਂ ਸਾਡੇ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ ਤਾਂ ਉਸ ਵੇਲੇ ਜੁਗਤ ਦੱਸਦੇ ਹਨ

ਕਿ ਇਸ ਤਰ੍ਹਾਂ ਨਾਮ ਜਪਣਾ ਹੈ। ਪ੍ਰਾਣਾਯਾਮ ਦੋ ਕਿਸਮ ਦੇ ਹੁੰਦੇ ਹਨ। ਇਕ ਪ੍ਰਾਣਾਯਾਮ ਤਾਂ ਬਹੁਤ ਸਖਤ ਹੈ, ਉਹ ਅੱਜਕੱਲ੍ਹ ਦੇ ਜ਼ਮਾਨੇ ਵਿਚ ਕੋਈ ਕਰ ਨਹੀਂ ਸਕਦਾ ਕਿਉਂਕਿ ਚਾਹਾਂ ਪੀਂਦੇ ਹਨ, ਦਿਮਾਗ ਵਿਚ ਪਹਿਲਾਂ ਹੀ ਖੁਸ਼ਕੀ ਹੁੰਦੀ ਹੈ ਤੇ ਉਹ ਪ੍ਰਾਣਾਯਾਮ ਦੀ ਖੁਸ਼ਕੀ ਨੂੰ ਝੱਲ ਨਹੀਂ ਸਕਿਆ ਕਰਦਾ। ਦੂਜਾ ਸਹਿਜ ਪ੍ਰਾਣਾਯਾਮ ਹੁੰਦਾ ਹੈ ਕਿ 'ਵਾਹਿ' ਕਹਿ ਕੇ ਸਾਹ ਅੰਦਰ ਨੂੰ ਲੈ ਕੇ, ਜਿੰਨਾ ਸਾਹ ਲਿਤਾ ਜਾਂਦਾ ਹੈ ਓਨਾਂ ਲੈ ਕੇ ਫੇਰ 'ਗੁਰੂ' ਕਹਿ ਦੇਣਾ ਤੇ ਸੁਾਸ ਬਾਹਰ ਕੱਢਣਾ। ਦੂਸਰਾ ਹੁੰਦਾ ਹੈ ਕਿ ਮਨ ਨਹੀਂ ਟਿਕਦਾ ਤਾਂ ਮਨ ਨੂੰ ਟਿਕਾਉਣ ਦੇ ਕਈ ਤਰੀਕੇ ਹਨ ਜਿਵੇਂ ਕਿ ਸੁਾਸ ਜਦੋਂ ਅੰਦਰ ਨੂੰ ਜਾਵੇ ਤਾਂ ਤਿੰਨ ਵਾਰੀ ਵਾਹਿਗੁਰੂ ਕਹੇ, ਸੁਾਸ ਰੋਕ ਕੇ ਛੇ ਵਾਰੀ ਕਹੇ ਅਤੇ ਸੁਾਸ ਬਾਹਰ ਛੱਡਣ ਵੇਲੇ ਤਿੰਨ ਵਾਰੀ ਕਹੇ। ਇਹ ਚਾਰ ਵਾਰੀ ਤੋਂ ਵਧਾ ਕੇ ਬਾਰਾਂ ਵਾਰੀ ਤਕ ਵਧਾਇਆ ਸਕਦਾ ਹੈ। ਜੇਕਰ ਬਾਰਾਂ ਵਾਰੀ ਵਾਹਿਗੁਰੂ ਮੰਤਰ ਅੰਦਰ ਸੁਾਸ ਜਾਂਦੇ ਕਿਹਾ ਜਾਵੇ ਤਾਂ ਬੇਹਤਰ ਹੈ ਤੇ 24 ਵਾਰੀ ਅੰਦਰ ਟਿਕਾਇਆ ਜਾਂਦਾ ਹੈ ਤੇ ਫੇਰ ਦੂਸਰੀ ਨਾਸਕਾ ਰਾਹੀਂ ਬਾਰਾਂ ਦਫਾ ਵਾਹਿਗੁਰੂ ਕਹਿ ਕੇ ਸੁਾਸ ਧੀਰੇ ਧੀਰੇ ਛੱਡਿਆ ਜਾਂਦਾ ਹੈ। ਸੁਾਸ ਖੱਬੀ ਨਾਸਕਾ ਤੋਂ ਅੰਦਰ ਨੂੰ ਖਿਚਿਆ ਜਾਂਦਾ ਹੈ ਤੇ ਸੱਜੀ ਨਾਸਕਾ ਤੋਂ ਬਾਹਰ ਛੱਡਿਆ ਜਾਂਦਾ ਹੈ ਕਿਉਂਕਿ ਜਿਹੜੀ ਸੂਰਜ ਦੀ ਸੁਰ (ਨਾਸਕਾ) ਹੈ ਉਸ ਵਿਚ ਗਰਮੀ ਹੋਇਆ ਕਰਦੀ ਹੈ, ਚੰਦਰ ਸੁਰ (ਨਾਸਕਾ) ਦੇ ਅੰਦਰ ਠੰਢ ਹੋਇਆ ਕਰਦੀ ਹੈ।

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ
ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ॥ ਪੰਨਾ - 991

ਇਸ ਨੂੰ ਰੇਚਕ, ਪੂਰਕ ਤੇ ਕੁੰਭਕ ਆਖਿਆ ਜਾਂਦਾ ਹੈ ਤੇ ਇਨ੍ਹਾਂ ਤਿੰਨਾਂ ਤਰੀਕਿਆਂ ਦੇ ਨਾਲ ਵਾਹਿਗੁਰੂ ਮੰਤਰ ਦਾ ਪ੍ਰਾਣਾਯਾਮ ਕਰਨ ਨਾਲ ਮਨ ਟਿਕ ਜਾਇਆ ਕਰਦਾ ਹੈ।

ਉਸ ਤੋਂ ਬਾਅਦ ਪ੍ਰਤਿਹਾਰ ਹੁੰਦਾ ਹੈ, ਉਹ ਇਹ ਹੈ ਕਿ ਮਨ ਦੀ ਬਿਰਤੀ ਵਿਚ ਪੰਜ ਵਿਸ਼ੇ ਹੁੰਦੇ ਹਨ - ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਨ੍ਹਾਂ ਪੰਜਾਂ ਵਿਸ਼ਿਆਂ ਵਿਚ ਮਨ ਨੂੰ ਨੱਠਣ ਤੋਂ ਰੋਕਣਾ। ਸ਼ਬਦ ਤੋਂ ਭਾਵ ਹੈ ਕਿ ਕਿਸੇ ਨੇ ਮਾੜਾ ਸ਼ਬਦ ਕਹਿ ਦਿਤਾ, ਨਿੰਦਿਆ ਕਰ ਦਿਤੀ ਤੇ ਮਨ ਦੌੜ ਗਿਆ, ਦਿਨ ਰਾਤ ਸੋਚਦਾ ਹੈ ਕਿ ਉਸ ਨੇ ਮੇਰੀ ਨਿੰਦਿਆ ਕੀਤੀ ਹੈ ਤੇ ਮੈਂ ਬਦਲਾ ਲਵਾਂਗਾ, ਮੈਂ ਉਸ ਦੇ ਕੋਲ ਜਾ ਕੇ ਆਪਣੀ ਸਥਿਤੀ (position) ਸਾਫ ਕਰਾਂ। ਹੁਣ ਕਿਸੇ ਨੇ ਉਸਤਤ ਕਰ ਦਿਤੀ ਤੇ ਉਸ ਦੇ ਉਪਰ ਪ੍ਰਸੰਨ ਹੋਈ ਜਾਂਦੈ ਕਿ ਫਲਾਣੇ ਨੇ ਮੇਰੇ ਵਾਸਤੇ ਇਸ ਤਰ੍ਹਾਂ ਕਿਹਾ ਤੇ ਮੇਰੀ ਇੰਨੀ ਤਾਰੀਫ ਕੀਤੀ ਹੈ। ਇਹ ਦੋਵੇਂ ਹੀ ਮਾੜੀਆਂ ਚੀਜ਼ਾਂ ਹਨ। ਇਹ ਚੀਜ਼ਾਂ ਬਿਰਤੀ ਨੂੰ ਬਾਹਰ ਖਿੱਚ ਕੇ ਲੈ ਜਾਂਦੀਆਂ ਹਨ। ਦੂਸਰਾ ਸਪਰਸ਼ ਹੁੰਦਾ ਹੈ। ਕਾਮੁਕ ਭਾਵਨਾ ਨਾਲ ਸਪਰਸ਼ ਕਰਨਾ। ਤੀਜਾ ਅੱਖਾਂ ਦਾ ਵਿਸ਼ਾ ਹੈ - ਦੇਖਣਾ। ਪਰਾਏ ਰੂਪ ਬੁਰੀ ਭਾਵਨਾ ਨਾਲ ਤੱਕਣੇ ਅਤੇ ਸੰਸਾਰ ਦੀ ਸੁੰਦਰਤਾ ਨੂੰ ਵੇਖ ਵੇਖ ਕੇ ਪ੍ਰਮੇਸ਼ਰ ਭੁੱਲ ਜਾਣਾ ਚੌਥਾ ਰਸ ਹੁੰਦਾ ਹੈ। ਮਹਾਰਾਜ ਜੀ ਨੇ ਤਾਂ ਅੱਠ ਰਸ ਦੱਸੇ ਹਨ। ਸੋਇਨਾ ਵੀ ਰਸ ਹੈ, ਮਾਸ ਵੀ ਰਸ ਹੈ, ਕੋਠੇ ਵੀ ਰਸ ਹਨ, ਕੱਪੜੇ-ਲੀੜੇ ਵੀ ਰਸ ਹਨ, ਸਭ ਰਸ ਅਖਵਾਉਂਦੇ ਹਨ। ਇਨ੍ਹਾਂ ਸਾਰਿਆਂ ਰਸਾਂ ਨੂੰ ਛੱਡ ਦੇਣਾ, ਕੇਵਲ ਇਕ ਰਸ ਰੱਖ ਲੈਣਾ ਜਿਸ ਨੂੰ ਪ੍ਰਮੇਸ਼ਰ ਦੇ ਨਾਮ ਦਾ ਰਸ ਆਖਦੇ ਹਨ। ਇਸ ਤੋਂ ਬਾਅਦ ਧਾਰਨਾ ਹੋਇਆ ਕਰਦੀ ਹੈ, ਇਸ ਵਿਚ ਬਾਰ-ਬਾਰ ਮਨ ਨੂੰ ਰੋਕ ਕੇ ਪ੍ਰਮੇਸ਼ਰ ਦੇ ਨਾਮ ਵਿਚ ਲਾਉਣਾ, ਮਨ ਨੂੰ ਬਾਰ-ਬਾਰ ਰੋਕਣਾ। ਢਾਈ ਮਿੰਟ ਰੁਕਣ ਤੇ ਇਕ ਧਿਆਨ ਹੁੰਦਾ ਹੈ ਤੇ ਜਦੋਂ 30 ਮਿੰਟ ਤਕ ਮਨ ਇਕ ਧੇਅ ਤੇ ਰੁਕਿਆ ਰਹੇ ਤਾਂ ਇਕ ਧਿਆਨ ਹੁੰਦਾ ਹੈ। ਇਸ ਪਿਛੋਂ ਸਮਾਧੀ ਹੁੰਦੀ ਹੈ। ਸਮਾਧੀ ਦੇ ਅੰਦਰ ਸਮਾਂ ਲੰਮਾ ਹੋਇਆ ਕਰਦਾ ਹੈ। ਇਹ ਦੋ ਕਿਸਮ ਦੀ ਹੁੰਦੀ ਹੈ - ਇਕ ਸਾਵਿਕਲਪ ਤੇ ਦੂਜੀ ਨਿਰਵਿਕਲਪ ਹੁੰਦੀ ਹੈ। ਤੀਸਰੀ ਨੂੰ ਸਹਿਜ ਸਮਾਧ ਕਹਿੰਦੇ ਹਨ।

ਇਹ ਕੇਵਲ ਗਿਆਨਵਾਨ ਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦੀ ਹੈ, ਇਸ ਸਮਾਧ ਦਾ ਅਨੰਦ ਉਹੀ ਜਾਣਦੇ ਹਨ ਹੋਰ ਕਿਸੇ ਨੂੰ ਪਤਾ ਨਹੀਂ ਲੱਗਿਆ ਕਰਦਾ। ਜਿਵੇਂ -

ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,
ਸੋ ਰਸ ਸੋਈ ਜਾਣੇ -2, 2.
ਸੋ ਰਸ ਸੋਈ ਜਾਣੇ, - 4, 2.
ਸਹਿਜ ਸਮਾਧ ਲਗੀ ਲਿਵ ਅੰਤਰ,...... -2.

ਅਖੀਰ ਵਿਚ ਸਮਾਧੀ ਤੇ ਪਹੁੰਚ ਜਾਂਦਾ ਹੈ। ਸਾਵਿਕਲਪ ਸਮਾਧੀ ਵਿਚ ਧਿਆਤਾ, ਧਿਆਨ, ਧੇਅ ਤਿੰਨੇ ਚੀਜ਼ਾਂ ਅੱਡ ਅੱਡ ਨਜ਼ਰ ਆਉਂਦੀਆਂ ਹਨ।

ਜ਼ਾਕਰੋ ਮਖਤੂਰ ਜ਼ਿਕਰ ਆਬਦ ਦਰਯਕਤ॥

ਜ਼ਿਕਰ ਕਰਨ ਵਾਲਾ ਧਿਆਨ ਜਿਸ ਨੂੰ ਆਖਦੇ ਹਨ, ਮਖਤੂਰ ਵਾਹਿਗੁਰੂ ਨੂੰ ਆਖਦੇ ਹਨ।

ਨਾ ਹਮੀ ਜਿਕਰੀ ਕਿ ਬਾਸ਼ਿਦ ਬਰਦੂ ਅਸਤ॥

ਤਿੰਨਾਂ ਨੂੰ ਮਿਟਾ ਦੇਣਾ ਤੇ ਇਕੋ ਹੀ ਰਹਿ ਜਾਣਾ ਤਾਂ ਇਸ ਨੂੰ ਨਿਰਵਿਕਲਪ ਸਮਾਧੀ ਆਖਦੇ ਹਨ। ਇਸ ਦੇ ਵਿਚ ਕੇਵਲ ਪ੍ਰਮੇਸ਼ਰ ਹੀ ਹੁੰਦੈ, ਚਾਰੇ ਪਾਸੇ ਜਿਧਰ ਵੀ ਦੇਖਦੈ ਉਹਦੇ ਵਿਚ ਇਕੋ ਹੀ ਨਜ਼ਰ ਆਉਂਦਾ ਹੈ -

ਧਾਰਨਾ - ਤੂੰਹੀ ਤੂੰਹੀ ਮੋਹਿਨਾ,
ਤੂੰਹੀ ਤੂੰਹੀ ਮੋਹਿਨਾ -2, 2.
ਤੂੰਹੀ ਤੂੰਹੀ ਮੋਹਿਨਾ, ਤੂੰਹੀ ਤੂੰਹੀ ਮੋਹਿਨਾ-2,4

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ - 407

ਜਦੋਂ ਇਸ ਦ੍ਰਿਸ਼ਟੀ ਵਿਚ ਇਕੋ ਹੀ ਚੀਜ਼ ਨਜ਼ਰ ਆਵੇ ਤਾਂ ਉਸ ਵੇਲੇ ਨਿਰਵਿਕਲਪ ਸਮਾਧੀ ਬਣ ਜਾਂਦੀ ਹੈ। ਜੋ ਸਹਿਜ ਸਮਾਧ ਹੁੰਦੀ ਹੈ ਉਸ ਵਿਚ ਨਾ ਮੈਂ ਹੋਇਆ ਕਰਦੀ ਹੈ ਅਤੇ ਨਾ ਤੂੰ ਹੋਇਆ ਕਰਦੈ, ਦੋਹਾਂ ਦਾ ਅਭਾਵ ਹੋ ਜਾਂਦਾ ਹੈ। ਇਕੋ ਆਤਮ ਤੱਤ ਸਾਰੇ ਪਰੀਪੂਰਨ ਵਾਹਿਗੁਰੂ ਹੀ ਵਾਹਿਗੁਰੂ ਨਜ਼ਰ ਆਉਂਦਾ ਹੈ ਤੇ ਦੂਸਰਾ ਨਜ਼ਰ ਨਹੀਂ ਆਇਆ ਕਰਦਾ। ਸੋ ਗੁਰਮੁਖ ਮਾਰਗ ਦਾ ਭਗਤਯੋਗ ਨਾਲੋਂ ਥੋੜਾ ਜਿਹਾ ਫਰਕ ਹੈ, ਉਸ ਦੇ ਵਿਚ ਰਹਿਤਾਂ ਇਹੀ ਹਨ ਲੇਕਿਨ ਇਸ ਦੇ ਵਿਚ ਬਾਣੀ ਦੀ ਵਿਚਾਰ ਹੈ, ਰੇਚਕ, ਪੂਰਕ, ਕੁੰਭਕ ਦੁਆਰਾ ਬਾਣੀ ਨੂੰ ਅੰਦਰ ਸਮਾਉਣਾ ਹੈ।

ਇਸ ਤਰ੍ਹਾਂ ਜਦੋਂ ਸਹਿਜ ਸਮਾਧ ਵਿਚ ਆ ਕੇ ਹਉਮੈ ਨੂੰ ਮੇਟ ਦਿੰਦਾ ਹੈ ਫੇਰ ਇਕੋ ਹੀ ਚੀਜ਼ ਨਜ਼ਰ ਆਉਂਦੀ ਹੈ ਉਹ ਹੈ ਕੇਵਲ ਵਾਹਿਗੁਰੂ ਕਿਉਂਕਿ ਪੰਜੇ ਭਰਮ ਮਿਟ ਜਾਂਦੇ ਹਨ ਅਤੇ ਭਰਮ ਲੇਸ ਮਾਤਰ ਵੀ ਨਹੀਂ ਰਹਿੰਦਾ ਤਾਂ ਇਸ ਨੂੰ ਸਹਿਜ ਸਮਾਧ ਆਖਿਆ ਜਾਂਦਾ ਹੈ।

ਪੰਜ ਕਿਸਮ ਦੇ ਭਰਮ ਇਸ ਪ੍ਰਕਾਰ ਹੁੰਦੇ ਹਨ ਕਿ ਪਹਿਲਾਂ ਭੇਦ ਭਰਮ ਹੁੰਦਾ ਹੈ, ਕਰਤੱਤੂ ਭਰਮ, ਸੰਗ ਭਰਮ, ਵਿਕਾਰ ਭਰਮ, ਬ੍ਰਹਮ ਤੇ ਜਗਤ ਨੂੰ ਅੱਡ ਅੱਡ ਜਾਨਣ ਦਾ ਭਰਮ ਹੁੰਦਾ ਹੈ। ਇਹ ਪੰਜੇ ਮੇਟ ਕੇ, ਸਹਿਜ ਸਮਾਧ ਦੇ ਵਿਚ ਰਹਿ ਕੇ, ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ –

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥
ਪੰਨਾ – 1375

ਵਾਹਿਗੁਰੂ ਦਾ ਹੀ ਰੂਪ ਬਣ ਜਾਂਦਾ ਹੈ –

ਹਰਿ ਹਰਿਜਨ ਦੋਇ ਏਕ ਹੈ, ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥
(ਬਚਿਤ੍ਰ ਨਾਟਕ)

ਸੋ ਇਸ ਤਰ੍ਹਾਂ ਦੀ ਸਾਧਨਾ, ਦ੍ਰਿੜ੍ਹਤਾ ਬਦਲਦੀ ਚਲੀ ਗਈ ਪਰ ਉਸ ਦੇ ਅੰਦਰ ਪ੍ਰਮੇਸ਼ਰ ਦੇ ਸਾਕਾਰ ਦਰਸ਼ਨ ਕਰਨ ਦੀ ਖਿਚ ਸੀ। ਪ੍ਰਮੇਸ਼ਰ ਦਾ ਨਿਰਾਕਾਰ ਸਰੂਪ, ਉਸ ਦੇ ਸਦਾ ਦੇ ਦਰਸ਼ਨ ਹਨ, ਸਾਕਾਰ ਰੂਪ ਵਿਚ ਕਦੀ ਹੋ ਜਾਂਦੇ ਹਨ ਅਤੇ ਕਦੇ ਨਹੀਂ ਵੀ ਹੋਇਆ ਕਰਦੇ ਲੇਕਿਨ ਸਾਕਾਰ ਦਰਸ਼ਨਾਂ ਤੋਂ ਬਾਅਦ ਨਿਰਾਕਾਰ ਦਰਸ਼ਨਾਂ ਦੀ ਸੋਝੀ ਪਿਆ ਕਰਦੀ ਹੈ।

ਇਕ ਵਾਰੀ ਭਗਤ ਨਾਮਦੇਵ ਜੀ ਬਾਰੇ ਜ਼ਿਕਰ ਹੈ ਕਿ ਜਦੋਂ ਪ੍ਰਭੂ ਨੇ ਦੇਹੁਰਾ ਫੇਰ ਦਿਤਾ ਤਾਂ ਇਨ੍ਹਾਂ ਦੇ ਮਨ ਵਿਚ ਕੁਝ ਗੁਮਾਨ ਆ ਗਿਆ। ਉਸ ਵੇਲੇ ਕਹਿਣ ਲੱਗੇ ਹੇ ਪ੍ਰਭੂ! ਆਪ ਦਾ ਹੋਰ ਵੀ ਕੋਈ ਪਿਆਰਾ ਭਗਤ ਹੈ ਜਿਸ ਨੂੰ ਤੁਸੀਂ ਮੇਰੇ ਵਾਂਗੂ ਪਿਆਰ ਕਰਦੇ ਹੋ ਅਤੇ ਦਰਸ਼ਨ ਦਿੰਦੇ ਹੋ? ਪ੍ਰਭੂ ਕਹਿਣ ਲੱਗੇ, ਨਾਮਦੇਵ! ਮੇਰੇ ਭਗਤਾਂ ਦੀ ਕੋਈ ਗਿਣਤੀ ਨਹੀਂ, ਮੇਰੇ ਬਹੁਤ ਭਗਤ ਹਨ। ਨਾਮਦੇਵ ਕਹਿਣ ਲਗਿਆ, ਮਹਾਰਾਜ! ਕਿਰਪਾ ਕਰਕੇ ਤੁਸੀਂ ਦੱਸ ਸਕਦੇ ਹੋ ਕਿ ਤੁਸੀਂ ਕਿਥੇ ਰਹਿੰਦੇ ਹੋ? ਕਹਿਣ ਲੱਗੇ ਨਾਮਦੇਵ! ਜੇ ਮੈਂ ਦੱਸ ਦਿਤਾ ਕਿ ਮੈਂ ਕਿਥੇ ਰਹਿੰਦਾ ਹਾਂ ਤਾਂ ਨਾ ਤੂੰ ਰਹਿਣੈ, ਨਾ ਮੈਂ ਰਹਿਣੈ ਤੇ ਨਾ ਇਹ ਸੰਸਾਰ ਰਹੇਗਾ। ਇਹ ਗੱਲ ਮੈਂ ਆਪਣੀ ਜ਼ੁਬਾਨ ਤੋਂ ਨਹੀਂ ਦੱਸ ਸਕਿਆ ਕਰਦਾ ਕਿਉਂਕਿ ਇਹ ਬੜੀ ਰਮਜ਼ ਦੀ ਬਾਤ ਹੈ। ਨਾਮਦੇਵ ਜੀ ਨੂੰ ਸੰਤ ਗਿਆਨੇਸ਼ੂਰ ਜੀ ਦੇ ਪਾਸ ਭੇਜ ਦਿਤਾ ਅਤੇ ਗਿਆਨੇਸ਼ੂਰ ਜੀ ਨੇ ਇਸ ਨੂੰ ਸਮਝਾ ਦਿਤਾ ਕਿਉਂਕਿ ਇਹ ਪਹਿਲਾਂ ਸਾਕਾਰ ਦਾ ਪੁਜਾਰੀ ਸੀ ਤੇ ਇਹਨਾਂ ਨੂੰ ਬਹੱਤਰ ਵੇਰਾਂ ਪ੍ਰਮੇਸ਼ਰ ਦੇ ਸਾਕਾਰ ਦਰਸ਼ਨ ਹੋਏ ਸੀ। ਜਿਸ ਵੇਲੇ ਇਸ ਨੂੰ ਦੱਸ ਦਿਤਾ ਤੇ ਇਹ ਸਮਝ ਗਿਆ ਕਿ –

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਪੰਨਾ – 485

ਕਿ ਇਥੇ ਤਾਂ ਕੇਵਲ ਵਾਹਿਗੁਰੂ-ਵਾਹਿਗੁਰੂ ਹੀ ਹੈ ਤੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ।

ਧਾਰਨਾ – ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,
ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ-2, 4.

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥
ਪੰਨਾ – 988

ਸਾਧ ਸੰਗਤ ਜੀ! ਸਾਰੇ ਇਕੋ ਹੀ ਨਜ਼ਰ ਆ ਗਿਆ। ਸੋ ਪਹਿਲਾਂ ਸਾਕਾਰ ਦੇ ਦਰਸ਼ਨ ਤੇ ਫੇਰ ਨਿਰਾਕਾਰ ਦੇ ਦਰਸ਼ਨ ਤੇ ਨਿਰਾਕਾਰ ਦੇ ਦਰਸ਼ਨ ਕਰਕੇ ਆਪ ਵੀ ਖਤਮ ਹੋ ਜਾਂਦੈ, ਸੰਸਾਰ ਵੀ ਖਤਮ ਹੋ ਜਾਂਦੈ ਤੇ ਜਿਸ ਨੂੰ ਹੁਣ ਤਾਂਈ ਈਸ਼ਵਰ ਕਹਿੰਦਾ ਸੀ ਉਹ ਵੀ ਖਤਮ ਹੋ ਜਾਂਦੈ ਤੇ ਆਪੇ ਹੀ ਆਪ ਹੋ ਜਾਂਦੈ ਤੇ ਜਿਧਰ ਵੀ ਦੇਖਦਾ ਹੈ ਤੂੰ ਹੀ ਤੂੰ ਨਜ਼ਰ ਆਉਂਦਾ ਹੈ।

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥
ਪੰਨਾ – 485

ਸਾਧ ਸੰਗਤ ਜੀ! ਜਦੋਂ ਧ੍ਰੂ ਨੂੰ ਪ੍ਰਕਾਸ਼ ਹੋਇਆ, ਪ੍ਰਤੱਖ ਰੂਪ ਦੇ ਅੰਦਰ ਸਾਮ੍ਹਣੇ ਆ ਕੇ ਪ੍ਰਮੇਸ਼ਰ ਜੀ ਖੜ੍ਹੇ ਹੋ ਗਏ।

ਧ੍ਰੂ ਕਉ ਮਿਲਿਆ ਹਰਿ ਨਿਸੰਗ॥ ਪੰਨਾ – 1192

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਕਨਾਂ ਨੂੰ ਤਾਂ ਸੰਗ ਦੇ ਨਾਲ ਮਿਲਦੈ ਤੇ ਇਕਨਾਂ ਨੂੰ ਨਿਸੰਗ ਹੋ ਕੇ ਮਿਲਦੈ, ਪ੍ਰਮੇਸ਼ਰ ਜਿਹੋ ਜਿਹਾ ਉਸ ਦਾ ਚਿੰਤਨ ਸੀ ਉਸ ਦੇ ਸਾਮ੍ਹਣੇ ਆ ਕੇ ਖੜ੍ਹਾ ਹੋ ਗਿਆ। ਕਹਿਨ ਲੱਗੇ ਧ੍ਰੂ! ਨੇਤਰ ਖੋਲ੍ਹ, ਦੱਸ ਕੀ ਮੰਗਦੈਂ ਤੇਰੀ ਇੱਛਾ ਪੂਰੀ ਕਰੀਏ। ਕਹਿਣ ਲੱਗਿਆ, ਸੱਚੇ ਪਾਤਿਸ਼ਾਹ! ਇੱਛਾ ਤਾਂ ਮੇਰੀ ਹੁਣ ਕੋਈ ਰਹੀ ਨਹੀਂ। ਕਿਉਂਕਿ ਇਛਿਆ ਰਿਹਾ ਨਹੀਂ ਕਰਦੀ, ਵਾਸ਼ਨਾ ਮਰ ਜਾਇਆ ਕਰਦੀ ਹੈ, ਜਦੋਂ ਅੰਦਰ ਨਾਮ ਦਾ ਪ੍ਰਕਾਸ਼ ਪੈਦਾ ਹੋ ਜਾਵੇ।

ਮਨੋ ਨਾਸ਼, ਵਾਸ਼ਨਾ ਖੈ, ਤੱਤ ਗਿਆਨ। ਇਹ ਆਖਰੀ ਅਵਸਥਾ ਹੋਇਆ ਕਰਦੀ ਹੈ। ਸੋ ਤੱਤ ਗਿਆਨ ਹੋ ਜਾਂਦਾ ਹੈ ਕਿ ਇਥੇ ਸਾਰੇ ਪਸਾਰੇ ਵਿਚ ਕੇਵਲ ਪ੍ਰਮੇਸ਼ਰ ਹੈ ਦੂਜਾ ਨਹੀਂ ਹੈ। ਪਸਾਰਾ ਭੀ ਉਹ ਆਪ ਹੀ ਹੈ। ਧ੍ਰੂ ਕਹਿਣ ਲਗਿਆ ਮਹਾਰਾਜ! ਮੇਰੀ ਵਾਸ਼ਨਾ ਤਾਂ ਹੁਣ ਕੋਈ ਰਹੀ ਨਹੀਂ। ਕਹਿਣ ਲੱਗੇ ਕੋਈ ਵਾਸ਼ਨਾ ਤਾਂ ਹੋਵੇਗੀ? ਕਹਿਣ ਲੱਗਿਆ, ਮਹਾਰਾਜ ਇਕ ਵਾਸ਼ਨਾ ਹੈ ਕਿ ਮੈਨੂੰ ਸਦਾ ਹੀ ਆਪਣੇ ਚਰਨਾਂ ਦੇ ਨਾਲ ਜੋੜ ਕੇ ਰੱਖਿਓ –

ਧਾਰਨਾ – ਜੀ ਮੈ ਰਾਜ ਮੁਕਤ ਨਹੀਂਓਂ ਮੰਗਦਾ,
ਪ੍ਰੀਤੀ ਮੰਗਾਂ ਚਰਨਾਂ ਦੀ -2, 2.
ਮੇਰੇ ਪਿਆਰੇ, ਪ੍ਰੀਤੀ ਮੰਗਾ ਚਰਨਾਂ ਦੀ-2, 2.
ਜੀ ਮੈਂ ਰਾਜ ਮੁਕਤ ਨਹੀਂਓਂ ਮੰਗਦਾ, ...-2.

ਰਾਜ ਨਾ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥ ਪੰਨਾ – 534

ਹੇ ਸੱਚੇ ਪਾਤਿਸ਼ਾਹ! ਜੇ ਆਪ ਜੀ ਤਰੁੱਠੇ ਹੋ ਤਾਂ ਮੈਨੂੰ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼ੋ ਕਿਉਂਕਿ ਰਾਜ ਮੇਰੇ ਕਿਸੇ ਕੰਮ ਨਹੀਂ ਤੇ ਨਾ ਹੀ ਮੁਕਤੀ ਮੇਰੇ ਕਿਸੇ ਕੰਮ ਦੀ ਹੈ। ਸੋ ਇਸ ਤਰ੍ਹਾਂ ਦੀ ਬੇਨਤੀ ਕੀਤੀ ਤਾਂ ਪ੍ਰਮੇਸ਼ਰ ਜੀ ਕਹਿਣ ਲੱਗੇ ਕਿ ਧ੍ਰੂ! ਤੂੰ ਫੁਰਨਾ ਤਾਂ ਰਾਜ ਦਾ ਕਰਕੇ ਬੈਠਿਆ ਸੀ ਤੇ ਜਾਹ ਬੇਟਾ! ਤੂੰ ਹੁਣ ਰਾਜ ਭੋਗ, ਲੇਕਿਨ ਉਸ ਤੋਂ ਬਾਅਦ

ਤੈਨੂੰ ਮੈਂ ਪਦਵੀ ਬਖਸ਼ਦਾ ਹਾਂ ਕਿ ਤੂੰ ਹਮੇਸ਼ਾ ਅਟੱਲ ਰਹੇਂਗਾ।

ਅਟਲ ਭਇਓ ਧ੍ਰੂ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ॥ ਪੰਨਾ - 632

ਧ੍ਰੂ ਨੂੰ ਐਸੇ ਪਦ ਦੀ ਪ੍ਰਾਪਤੀ ਹੋਈ ਜੋ ਨਿਹਚਲ ਹੈ, ਚਲਾਇਆ ਹੋਇਆ, ਹਿਲੇਗਾ ਨਹੀਂ, ਜਦ ਤੱਕ ਸਾਕਾਰ ਬ੍ਰਹਿਮੰਡ ਕਾਇਮ ਹੈ, ਉਨੀ ਦੇਰ ਤੱਕ ਧ੍ਰੂ ਵਾਹਿਗੁਰੂ ਦੇ ਦੁਆਰੇ ਤੇ ਹੈ, ਨਿਹਚਲ ਪਦਵੀ, ਅਟੱਲ ਪਦਵੀ ਦੇ ਕੇ ਕਾਲ ਤੋਂ ਉਪਰ ਕਰ ਦਿਤਾ।

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਦੇਖੋ ਛੋਟਾ ਜਿਹਾ ਬੱਚਾ, ਹੈ ਨਾ ਤੁਹਾਡੇ ਨਾਲੋਂ ਸਿਆਣਾ, ਤੇ ਤੁਸੀਂ ਉਸ ਨੂੰ ਇੰਞਾਣਾ ਕਹਿੰਦੇ ਹੋ ਕਿ -

ਪਾਂਚ ਬਰਸ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥
ਪੰਨਾ - 999

ਉਹ ਅਨਾਥ ਸੀ ਲੇਕਿਨ ਨਾਥ ਵਾਲਾ ਬਣ ਗਿਆ। ਐਸਾ ਬਣਿਆ ਕਿ ਸਭ ਤੋਂ ਵੱਡੇ ਨੇ ਉਸ ਦੇ ਸਿਰ ਤੇ ਹੱਥ ਰੱਖ ਦਿਤਾ। ਸੋ ਇਸ ਤਰ੍ਹਾਂ ਦੁਖਾਂ ਨੂੰ ਦੂਰ ਕਰਨ ਵਾਲਾ ਤੂੰ ਕਿਉਂ ਵਿਸਾਰ ਦਿਤਾ -

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥
ਪੰਨਾ - 632

ਕਿਉਂ ਉਸ ਨੂੰ ਭੁਲਾਈ ਬੈਠਾ ਹੈਂ? ਤੂੰ ਵੀ ਚੇਤੇ ਕਰ, ਤੂੰ ਤਰ ਜਾਏਂਗਾ, ਤੇਰਾ ਵੀ ਉਧਾਰ ਹੋ ਜਾਏਗਾ-

ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥
ਪੰਨਾ - 632

ਸਾਧ ਸੰਗਤ ਜੀ! ਬੇਨਤੀ ਕੀਤੀ ਸੀ ਕਿ -

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ॥ ਪੰਨਾ - 757

ਆਪਣੇ ਆਪ ਨੂੰ ਵੇਚਣ ਦੀ ਤੀਬਰ ਇਛਿਆ ਹੋਵੇ, ਵਿਕ ਸਕਦਾ ਹੋਵੇ ਫੇਰ ਮਿਲਾਉਣ ਵਾਲਾ ਵੀ ਆ ਜਾਂਦੈ ਕਿਉਂਕਿ ਜੇ ਜਗਿਆਸੂ ਦੇ ਅੰਦਰ ਦ੍ਰਿੜ੍ਹ ਲਗਨ ਹੈ ਤਾਂ ਹੀ ਉਹ ਐਨੀ ਕੁਰਬਾਨੀ ਕਰ ਸਕਦਾ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥
ਪੰਨਾ - 1102

ਮਰਨਾ ਕੀ ਹੈ? ਹਉਮੈ, ਆਪਣੇ ਜੀਵ ਭਾਵ ਤੋਂ ਬਣੀ ਪਰਛਾਵੇਂ ਵਰਗੀ ਹੋਂਦ ਨੂੰ ਮਾਰ ਸਕਦਾ ਹੋਵੇ। ਗੁਲਾਮ ਬਣ ਸਕਦਾ ਹੋਵੇ ਤੇ ਸਭ ਦੇ ਚਰਨਾਂ ਦੀ ਧੂੜ ਬਣ ਸਕਦਾ ਹੋਵੇ ਅਤੇ ਆਪਣੇ ਅੰਦਰੋਂ ਕੱਢ ਦੇਵੇ ਕਿ ਮੈਂ ਵੱਡਾ ਗਿਆਨੀ ਹਾਂ, ਮੈਂ ਵੱਡਾ ਸੰਤ ਹਾਂ ਅਤੇ ਮੈਂ ਵੱਡਾ ਕੀਰਤਨੀਆ ਹਾਂ, ਮੈਂ ਵੱਡਾ ਕਥਾਕਾਰ ਹਾਂ, ਇਹ ਸਭ ਕੁਝ ਛੱਡ ਕੇ ਗੁਰੂ ਕੋਲ ਆਵੇ ਤਾਂ ਲੇਖੇ ਵਿਚ ਪਿਆ ਕਰਦੈ। ਸੋ ਦ੍ਰਿੜ੍ਹਤਾ ਤੇ ਵੈਰਾਗ ਇਨ੍ਹਾਂ ਦੋਹਾਂ ਬਚਨਾਂ ਬਾਰੇ ਬੇਨਤੀ ਕੀਤੀ ਸੀ ਕਿ ਦ੍ਰਿੜ੍ਹਤਾ ਤੇ ਵੈਰਾਗ ਹੋਵੇ, ਇਹ ਦੋਵੇਂ ਚੀਜ਼ਾਂ ਧ੍ਰੂ ਵਿਚ ਸਨ। ਸੋ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਉਸ ਨੇ ਪਦਵੀ ਪ੍ਰਾਪਤ ਕਰ ਲਈ, ਕਿੱਡਾ ਵੱਡਾ ਹੋ ਗਿਆ ਕਿ ਸਦਾ ਲਈ ਅਮਰ ਹੋ ਗਿਆ ਤੇ ਇਹਨਾਂ ਦਾ ਨਾਮ ਲੈ ਕੇ ਇਹਨਾਂ ਨੂੰ ਯਾਦ ਕਰਕੇ ਨਾਮ ਸਿਮਰਨ ਦੀ ਦ੍ਰਿੜ੍ਹਤਾ ਦੀ ਤੇ ਵੈਰਾਗ ਦੀ ਪ੍ਰੇਰਨਾ ਮਿਲਦੀ ਹੈ।

ਰਾਮ ਜਪਉ ਜੀਅ ਐਸੇ ਐਸੇ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਪੰਨਾ - 337

ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ ਵਿਚ ਬੋਲੋ।

LLLLLL

(ਪੰਨਾ 2 ਦੀ ਬਾਕੀ)

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣਿਆਲੇ ਅਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥
ਪੰਨਾ - 449

ਇਸ ਸਮਾਗਮ ਵਿਚ ਸੰਤਾਂ, ਸਾਧੂਆਂ, ਮਹਾਤਮਾਵਾਂ ਦੀ ਸੰਗਤਿ ਸਦਕਾ ਅਸੀਂ ਸਤਿਸੰਗੀ ਉਨ੍ਹਾਂ ਅੱਖਾਂ ਦੀ ਬਖਸ਼ਿਸ਼ ਲਈ ਸਤਿਗੁਰੂ ਪਾਸ ਜੋਦੜੀ ਕਰਾਂਗੇ ਜਿਨ੍ਹਾਂ ਨਾਲ ਪਿਆਰੇ ਦੇ ਸਾਨੂੰ ਵੀ ਦਰਸ਼ਨ ਦੀਦਾਰ ਨਸੀਬ ਹੋਣ -

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥
ਪੰਨਾ - 577

ਗੁਰੂ ਕ੍ਰਿਪਾ ਸਦਕਾ ਇਸ ਮਹਾਨ ਸੰਤ ਸਭਾ ਸਤਿ ਸੰਗਤਿ ਵਿਚ ਅਸੀਂ ਵੀ ਇਹ ਆਸ਼ਾ ਲੈ ਕੇ ਆਵਾਂਗੇ ਕਿ ਸਾਡੇ ਸਰੀਰ-ਮਨ-ਚੋਲੇ ਵੀ ਮਜੀਠੇ ਰੰਗ ਵਿਚ ਰੰਗੇ ਜਾਣ ਤਾ ਕਿ ਕੰਤ ਮਿਲ ਜਾਵੇ ਅਤੇ ਜੀਵਨ ਸਫਲ ਹੋ ਜਾਵੇ। ***(ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੇ ਪਾਸਿ)***

ਨਾਮ ਰੰਗ ਲਗ ਜਾਵੇ ਅਤੇ ਵਡਭਾਗੀ ਬਣ ਜਾਈਏ।

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਪੰਨਾ - 808

ਐਸੀ ਹੀ ਸਤਿਗੁਰਾਂ ਦੀ ਬਖਸ਼ਿਸ਼ ਹੈ, ਐਸੀ ਹੀ ਮਹਾਂਪੁਰਸ਼ਾਂ ਦੀ ਅਸੀਸ ਹੈ, ਐਸਾ ਹੀ ਆਤਮ ਮਾਰਗ ਦਾ ਆਦਰਸ਼ ਹੈ। ਤੁਸੀਂ ਗੁਰ ਸੰਗਤ ਦੇ ਦਰਸ਼ਨ ਕਰੋਗੇ ਅਤੇ ਸੰਗਤ ਨੂੰ ਆਪਣੇ ਦਰਸ਼ਨ ਦੇ ਕੇ ਨਿਹਾਲ ਕਰੋਗੇ।

ਅਸਾਡੀ ਆਸਾ ਹੈ -

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥
ਪੰਨਾ - 1424

ਡਾ. ਜਗਜੀਤ ਸਿੰਘ

LLLLLL

ਸਮਰਪਣ - ਪਰਮ ਸੁੱਖ

ਸੰਤ ਕਲਿਆਣਦਾਸ ਸਿੰਘ ਜੀ
ਅਨੰਦਪੁਰ ਸਾਹਿਬ

ਦੋ ਮਾਰਗ ਹਨ ਦੇਹ ਅਧਿਆਸ ਤੋਂ ਉਪਰ ਹੋ ਕੇ ਸਾਕਸ਼ੀ ਭਾਵ ਨੂੰ ਪ੍ਰਾਪਤ ਹੋਣ ਦੇ।

ਪਹਿਲਾ 'ਕੀਟੀ ਮਾਰਗ' ਦੂਜਾ ਬਿਹੰਗਮ ਮਾਰਗ। ਕੀਟੀ ਮਾਰਗ ਹੈ - ਕੀੜੀ ਦੀ ਤਰ੍ਹਾਂ ਕਿਸੇ ਰੁਖ ਤੇ ਹੌਲੀ ਹੌਲੀ ਮਸਤ, ਧੀਮੀ ਚਾਲ ਨਾਲ ਚੜ੍ਹਨਾ ਅਤੇ ਸਿਖਰ ਪਹੁੰਚਣਾ। ਉਹ ਜੜ੍ਹਾਂ ਕੋਲੋਂ ਚੱਲ ਕੇ ਤਨੇ ਤੇ ਟਾਹਣਾ ਤੇ ਫੇਰ ਟਾਹਣੀਆਂ ਤੇ ਪਹੁੰਚਦੀ ਹੈ, ਫੇਰ ਸਿਖਰ ਪੱਤਿਆਂ ਤੇ ਪਹੁੰਚਦੀ ਹੈ। ਇਸ ਨੂੰ ਸਮਾਂ ਤਾਂ ਵਧੇਰੇ ਲਗਦਾ ਹੈ, ਪਰੰਤੂ ਸੈਰ ਸਪਾਟਾ ਕਰਦੀ ਜਾਵੇਗੀ ਅਤੇ ਰਾਹ ਦੇ ਸਾਰੇ ਦ੍ਰਿਸ਼ ਨਜ਼ਾਰੇ ਕਰਦੀ ਜਾਵੇਗੀ। ਇਹ ਹੈ ਕੀਟੀ (ਕੀੜੀ) ਮਾਰਗ।

ਬਿਹੰਗਮ (ਪੰਛੀ) ਨੇ ਵੀ ਉਸ ਬ੍ਰਿਖ ਦੇ ਸਿਖਰ ਤੇ ਪਹੁੰਚਣਾ ਹੈ। ਕੋਈ ਦੇਰ ਵੀ ਨਹੀਂ ਲੱਗੇਗੀ।

'ਕੀਟੀ ਮਾਰਗ' ਨਾਮ ਅਭਿਆਸ (ਸਿਮਰਨ) ਹੈ। ਛੋਟੇ ਛੋਟੇ ਪੈਰਾਂ ਵਾਲੀ ਕੀੜੀ ਸੁਆਸ ਸੁਆਸ ਉਠਦਿਆਂ ਬਹਿੰਦਿਆਂ ਚਲਦਿਆਂ ਫਿਰਦਿਆਂ ਸੌਂਦਿਆਂ ਜਾਗਦਿਆਂ, ਕਾਰ ਵਿਹਾਰ ਕਰਦਿਆਂ, ਨਿੱਤ ਦੇ ਨਾਮ ਅਭਿਆਸ ਦੇ ਪੈਰਾਂ ਨਾਲ, ਸੁਰਤਿ ਨਾਲ ਖੰਡਾਂ ਬ੍ਰਹਿਮੰਡਾਂ ਦੀ ਸੈਰ ਕਰਦੀ ਹੋਈ, ਸਹਿਜ ਅਵਸਥਾ ਨੂੰ ਪ੍ਰਾਪਤ ਹੁੰਦੀ ਹੋਈ, ਸਹੰਸਰਾਰ ਦੇ ਸਿਖਰ ਤੇ ਪਹੁੰਚ ਜਾਂਦੀ ਹੈ।

ਫੇਰ ਭਗਤੀ+ਗਿਆਨ ਪ੍ਰਾਪਤ ਹੋ ਕੇ, ਅਸਲੀ 'ਬ੍ਰਹਮਅਸਮੀ' ਅਹੰ ਰਹਿਤ, ਮੈਂ ਰਹਿਤ ਵਿਆਪਕ ਬ੍ਰਹਮ ਵੇਖਦਾ ਹੈ। ਅਮਲੀ ਰੂਪ ਵਿਚ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਪੰਨਾ - 846

ਬ੍ਰਹਮ ਹੀ ਵੇਖਦਾ ਹੈ, ਬ੍ਰਹਮ ਹੀ ਸੁਣਦਾ ਹੈ, ਬ੍ਰਹਮ ਹੀ ਵਖਾਣਦਾ ਹੈ।

ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥
ਪੰਨਾ - 1377

ਬਿਹੰਗਮ ਮਾਰਗ - ਜਗਿਆਸੂ ਪੰਛੀ (ਮਨ) ਪ੍ਰੀਤ ਤੇ ਪ੍ਰਤੀਤ, ਸੱਚੀ ਸ਼ਰਧਾ, ਪ੍ਰਤੀਤ (ਭਰੋਸਾ, ਯਕੀਨ, ਵਿਸ਼ਵਾਸ਼) ਦੋ ਨਰੋਏ ਖੰਭਾਂ ਨਾਲ ਸਮਰਪਣ ਰੂਪੀ ਸਿਖਰ ਨੂੰ ਪ੍ਰਾਪਤ ਹੋ ਜਾਂਦਾ ਹੈ। ਅੰਦਰ ਦਿਬਯ ਜੋਤ ਪ੍ਰਕਾਸ਼ਵਾਨ ਹੋ ਜਾਂਦੀ ਹੈ। ਗੁਰੂ ਨਾਨਕ ਇਕਮਿਕ ਹੋ ਜਾਂਦਾ ਹੈ। ਜੋ ਬੋਲਦਾ ਹੈ ਗੁਰੂ ਹੀ ਬੋਲਦਾ ਹੈ। ਗੁਰੂ ਹੀ ਵੇਖਦਾ ਹੈ। ਹੁਕਮ ਨੂੰ ਬੁੱਝ ਲੈਂਦਾ ਹੈ। ਮੈਂ ਕਹਿਣੋਂ ਹਟ ਜਾਂਦਾ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥
ਪੰਨਾ - 1

'ਹਉਂ' ਮੈਂ ਖਤਮ ਹੋ ਜਾਂਦੀ ਹੈ। ਦੂਈ ਦਾ ਅੰਤ ਹੋ ਕੇ ਏਕਤਾ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ।

ਸਮਰਪਣ ਮਾਰਗ ਬਿਖਮ ਹੈ, ਪਰੰਤੂ ਛੋਟਾ ਹੈ। ਸਿਮਰਨ ਤੇ ਨਾਮ ਕਮਾਈ ਸਮਰਪਣ ਵਾਲਾ ਹੀ ਕਰੇਗਾ। ਅਵਸ਼ਯ ਕਰੇਗਾ, ਆਪਣੇ ਪੁਰਸ਼ਾਰਥ, ਆਪਣੇ ਅਹੰ ਨਾਲ, ਬਲਕਿ ਗੁਰੂ ਕ੍ਰਿਪਾ ਦੁਆਰਾ ਸੁਭਾਵਿਕ ਹੀ ਉਪਲਬਧੀ ਹੋਵੇਗੀ।

ਨਾਮ ਕਮਾਈ ਅਤੇ ਗੁਰੂ ਦੀ ਸੇਵਾ ਬਿਨਾਂ ਕੇਵਲ ਕਥਨੀ ਮਾਤਰ ਗ੍ਰੰਥ ਗਿਆਨ - ਧਿਆਨ, ਫੋਕਟ ਗਿਆਨ ਪਖੰਡ ਹੀ ਹੋ ਨਿਬੜੇਗਾ।

ਕਿਸੇ ਮਾਰਗ ਦੇ ਨਕਸ਼ੇ ਹੁੰਦੇ ਹਨ - ਮੰਜ਼ਲ ਦੇ ਨਕਸ਼ੇ ਹੁੰਦੇ ਹਨ। ਮੰਜ਼ਲ ਤੇ ਪਹੁੰਚਣਾ ਹੈ ਨਕਸ਼ਾ ਕੋਲ ਹੈ, ਜਿਥੇ ਭਰਮ ਪਿਆ, ਨਕਸ਼ਾ ਖੋਲ੍ਹ ਕੇ ਵੇਖ ਲਿਆ ਤੇ ਫੇਰ ਚਲ ਪਏ, ਫੇਰ ਭੁਲੇਖਾ ਲੱਗਾ ਫੇਰ ਖੋਲ੍ਹ ਕੇ ਵੇਖ ਲਿਆ, ਮੰਜ਼ਲ ਤੇ ਪਹੁੰਚਣ ਲਈ ਮਾਰਗ ਤੇ ਚਲਣਾ ਜਾਰੀ ਰੱਖਿਆ, ਚਲਦਿਆਂ ਚਲਦਿਆਂ ਮੰਜ਼ਲ ਤੇ ਅਪੜ ਜਾਈਦਾ ਹੈ। ਘਰ ਬੈਠ ਕੇ ਸਵੇਰੇ ਸ਼ਾਮ ਨਕਸ਼ਾ ਫਰੋਲ ਕੇ ਵੇਖੀ ਜਾਵੇ, ਦਿਨ ਵਿਚ ਵੀ ਪੰਜ ਸੱਤ ਵਾਰ ਨਕਸ਼ੇ ਵੇਖ ਲਵੇ, ਵਾਟੇ ਪਵੇ ਨਾ, ਮਾਰਗ ਅਪਨਾਵੇ ਨਾ, ਮੰਜ਼ਲ ਤੇ ਕਿਵੇਂ ਅਪੜੇਗਾ। ਸਾਰੀ ਦੁਨੀਆਂ ਦੇ ਨਕਸ਼ੇ ਘੋਖ ਲਵੇ, ਰੁਏ ਜ਼ਮੀਨ ਦਾ ਗਿਆਨ ਹੋ ਜਾਵੇ, ਕਿਤੇ ਅਪੜਿਆ ਤਾਂ ਨਹੀਂ।

ਗਿਆਨ ਦੇ ਗ੍ਰੰਥ ਆਤਮ ਮੰਜ਼ਲ ਦੇ ਨਕਸ਼ੇ ਹਨ, ਕੇਵਲ ਇਨ੍ਹਾਂ ਦਾ ਅਧਿਅਨ ਕਰੀ ਜਾਣ ਨਾਲ ਸਫਰ ਨਹੀਂ ਮੁਕਣਾ, ਜੇ ਕਿਸੇ ਸਿਆਣੇ ਸਮਝਦਾਰ (ਜਿਸ ਨੇ ਇਹ ਮਾਰਗ ਆਪਣੇ ਪੈਰਾਂ ਨਾਲ ਨਾਪਿਆ ਹੋਵੇ, ਅੱਖੀਂ ਡਿੱਠਾ ਹੋਵੇ) ਤੋਂ ਮਾਰਗ ਸਮਝ ਕੇ ਚੱਲ ਪਵੇ ਤਾਂ ਉਸ ਨੂੰ ਕਿਸੇ ਨਕਸ਼ੇ ਦੀ ਲੋੜ ਨਹੀਂ, ਉਹ ਸਿਆਣੇ ਦੇ ਸਮਝਾਏ ਅਤੇ ਦੱਸੇ ਮਾਰਗ ਤੇ ਕਮਰ ਕਸਾ ਕਰਕੇ ਚਲਿਆ ਚਲੇ, ਚਲਿਆ ਚਲੇ ਤਾਂ ਆਪਣੀ ਮੰਜ਼ਲ ਤੇ ਅਚੂਕ ਹੀ ਪਹੁੰਚ ਜਾਂਦਾ ਹੈ। ਸਿਆਣੇ (ਗੁਰੂ) ਦਾ ਰਾਹੇ ਪਾਇਆ ਰਾਹੀ ਬਿਨਾਂ ਭੁੱਲਿਆਂ ਚੁਕਿਆਂ ਸਹਿਜੇ ਅਪੜ ਜਾਂਦਾ ਹੈ। ਨਕਸ਼ਿਆਂ ਵਾਲਾ ਟੱਪਲਾ ਖਾ ਜਾਂਦਾ ਹੈ।

ਲੋਕੀਂ ਮਾਰਗ ਨਹੀਂ ਚਲ ਰਹੇ, ਪੈਂਡਾ ਨਹੀਂ ਕਰਦੇ, ਪ੍ਰੀਸ਼ਰਮ ਨਹੀਂ ਕਰਦੇ, ਨਕਸ਼ੇ ਢੋ ਰਹੇ ਹਨ, ਨਕਸ਼ਿਆਂ ਦੇ ਮੁਰੀਦ ਬਣ ਕੇ ਰਹਿ ਗਏ ਹਨ। ਨਕਸ਼ੇ ਵੀ ਕਿਸੇ ਨਕਸ਼ਾ ਨਵੀਸ ਕੋਲੋਂ ਸਮਝਣੇ ਪੈਂਦੇ ਹਨ, ਕਈ ਵਾਰ ਆਪਣੇ ਆਪ ਸਮਝ ਨਹੀਂ ਆਉਂਦੇ।

ਨਕਸ਼ੇ (ਗ੍ਰੰਥ) ਵੀ ਕਿਸੇ ਮਾਹਰ ਨਕਸ਼ਾ ਨਵੀਸ (ਸੰਤ ਗੁਰੂ ਜਾਂ ਮਹਾਂਪੁਰਸ਼ਾਂ) ਨੇ ਹੀ ਬਣਾਏ ਹਨ। ਇਨ੍ਹਾਂ ਦਾ ਕੋਈ ਦੋਸ਼ ਨਹੀਂ, ਜੇ ਇਨ੍ਹਾਂ ਤੋਂ ਸਹੀ ਸੇਧ (ਗਾਈਡੈਂਸ) ਨਾ ਲਈ

ਜਾਵੇ ਅਤੇ ਕੰਮ ਹੀ (ਸਫਰ) ਨਾ ਕੀਤਾ ਜਾਵੇ ਤਾਂ ਨਕਸ਼ਿਆਂ ਦਾ ਕੀ ਕਸੂਰ -

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥
ਪੰਨਾ - 1350

ਕੇਵਲ ਨਕਸ਼ੇ ਪੜ੍ਹ ਕੇ ਅਮਰੀਕਾ, ਕੈਨੇਡਾ ਦਾ ਯਾਤਰੂ ਨਹੀਂ ਕਹਾ ਸਕਦਾ, ਅਰਬ ਦਾ ਨਕਸ਼ਾ ਪੜ੍ਹ ਕੇ ਮੱਕੇ ਦਾ ਹਾਜ਼ੀ ਨਹੀਂ ਬਣ ਸਕਦਾ, ਝੂਠ ਬੋਲਦਾ ਹੈ ਮੈਂ ਮੱਕਾ ਸ਼ਰੀਫ ਪਹੁੰਚ ਗਿਆ। ਵੇਦਾਂਤ ਵਿਦਿਆ ਦੇ ਗ੍ਰੰਥ (ਨਕਸ਼ੇ) ਤੇ ਗਿਆਨ ਮਾਰਗ ਦੀਆਂ ਸੱਤ ਭੂਮਿਕਾਂ (ਪੜਾ) ਅੰਕਿਤ ਹਨ, ਆਤਮ ਸਰੂਪ ਮੰਜ਼ਲ ਦਾ ਪੂਰਾ ਨਕਸ਼ਾ ਹੈ।

1. ਸ਼ੁਭ ਇੱਛਾ 2. ਸੁਵਿਚਾਰਨਾ 3. ਤਨਮਾਨਸਾ 4. ਸਤ੍ਵਾਪਤੀ 5. ਅਸੰਸਕਤੀ 6. ਪਦਾਰਥ ਅਭਾਵਨੀ 7. ਤੁਰੀਆ

1. ਸ਼ੁਭ ਇੱਛਾ, ਸੰਤਾਂ ਨੂੰ ਮਿਲਣ ਨੂੰ ਚਿੱਤ ਕਰੇ, ਧਰਮ ਅਸਥਾਨਾਂ 'ਚ ਜਾਣ ਨੂੰ ਜੀ ਕਰੇ, ਸੇਵਾ ਕਰਨ ਨੂੰ ਜੀਅ ਕਰੇ। ਸੋਸ਼ਲ ਵਰਕ ਕਰੇ, ਦੂਸਰੇ ਦਾ ਭਲਾ ਸੋਚੇ, ਬੁਰੇ ਕੰਮਾਂ ਤੋਂ ਨਫਰਤ ਹੋ ਜਾਵੇ। ਭਜਨ ਬਾਣੀ ਨੂੰ ਜੀਅ ਕਰੇ। ਕਥਾ ਕੀਰਤਨ ਸੁਣਨ ਦੀ ਰੁਚੀ ਵਧੇ ਆਦਿਕ ਸ਼ੁਭ ਇਛਾਵਾਂ ਜਾਗਣ, ਆਤਮ ਮਾਰਗ ਦੀ ਪਹਿਲੀ ਭੂਮਿਕਾ (ਪੜਾ) ਹੈ।

2. ਸੁਵਿਚਾਰਨਾ - ਪ੍ਰਮਾਤਮਾ ਕਿਵੇਂ ਮਿਲੇ, ਮੈਂ ਕੌਣ ਹਾਂ, ਸਰੀਰ ਕੀ ਹੈ, ਮ੍ਰਿਤੂ ਕੀ ਹੈ, ਜੀਵਨ ਕੀ ਹੈ, ਗੁਰੂ ਕਿਵੇਂ ਮਿਲੇ, ਸਿਮਰਨ ਕਿਵੇਂ ਕਰਾਂ, ਮਹਾਂਪੁਰਖਾਂ ਦੀ ਢੂੰਡ, ਗੁਰੂ ਦੀ ਢੂੰਡ ਇਤਿਆਦਿਕ ਵਿਚਾਰਾਂ ਵਿਚ ਲੀਨ ਰਹਿਣਾ ਅਤੇ ਜਗਤ ਭੋਗਾਂ ਤੋਂ ਉਪਰਾਮਤਾ ਦੂਜੀ ਭੂਮਿਕਾ ਹੈ।

3. ਤਨ ਮਾਨਸਾ - ਗੁਰੂ ਦਾ ਮਿਲਾਪ, ਗੁਰੂ ਨੂੰ ਸਮਰਪਣ, ਨਾਮ ਅਭਿਆਸ, ਤਨ ਅਤੇ ਆਤਮਾ ਨੂੰ ਭਿੰਨ ਭਿੰਨ ਪ੍ਰਤੀਤ ਕਰਨਾ, ਤਨ ਅਭਿਆਸ ਮਿਟਾ ਕੇ ਗੁਰ ਸੇਵਾ ਤੇ ਨਾਮ ਸਿਮਰਨ, ਧਿਆਨ ਅਭਿਆਸ ਵਿਚ ਪ੍ਰਵਿਰਤੀ ਤੀਜੀ ਭੂਮਿਕਾ ਹੈ।

4. ਸਤ੍ਵਾਪਤੀ - ਮਨ ਦਾ ਆਪਣੇ ਸਰੂਪ ਵਿਚ ਸਥਿਤ ਹੋਣ ਲਗ ਜਾਣਾ। ਧਿਆਨ ਪਰਪੱਕ ਹੋਣਾ, ਇਕਾਗਰਤਾ ਪ੍ਰਾਪਤ ਹੋ ਜਾਣੀ। ਮਨ ਜੁੜ ਜਾਣਾ, ਸ਼ਬਦ ਜਾਗ ਜਾਣਾ, ਆਪਣੇ ਆਤਮ ਸਰੂਪ ਦੀ ਲਖਤਾ ਹੋ ਜਾਣੀ।

5. ਅਸੰਸਕਤੀ - ਇਸ ਭੂਮਿਕਾ ਵਿਚ ਹੀ ਰਹਿ ਕੇ ਗੁਰੂ ਗਿਆਨ ਉਪਦੇਸ਼ ਦਿੰਦੇ ਹਨ, ਇਸ ਭੂਮਿਕਾ ਤਕ ਹੀ ਸੰਤ ਫਕੀਰ ਦਾਨੇ ਕਹਾਉਂਦੇ ਹਨ, ਭਾਵੇਂ ਗੁਰੂ ਛੇਵੀਂ ਤੇ ਸਤਵੀਂ ਭੂਮਿਕਾ ਦੇ ਮਾਲਕ ਹੁੰਦੇ ਹਨ ਲੇਕਿਨ ਉਨ੍ਹਾਂ ਤੋਂ ਨੀਚੇ ਪੰਜਵੀਂ ਅਸੰਸਕਤੀ ਭੂਮਿਕਾ ਵਿਚ ਰਹਿ ਕੇ ਉਪਦੇਸ਼ ਕਰਦੇ ਹਨ, ਗੁਰਮੁਖ ਤਾਂ ਪੰਜਵੀਂ ਭੂਮਕਾ ਵਿਚ ਹੀ ਰਹਿੰਦੇ ਹਨ। ਅੰਦਰੋਂ ਬਾਹਰੋਂ ਸਹਿਜ ਅਵਸਥਾ ਤੇ ਸੋਝੀ ਰਹਿੰਦੀ ਹੈ।

6. ਪਦਾਰਥ ਅਭਾਵਨੀ - ਸਰੀਰ ਦੀ ਹੋਸ਼ ਤੋਂ ਉਪਰ ਹੋ ਜਾਣਾ, ਬਿਰਤੀ ਇਤਨੀ ਯੋਗਾਰੂੜ੍ਹ ਹੋ ਜਾਣੀ ਕਿ ਦੇਹ ਦਾ ਪਤਾ ਹੀ ਨਾ ਰਹਿਣਾ, ਨੰਗਾ-ਕੱਜਿਆ, ਗਰਮੀ-ਸਰਦੀ, ਭੁੱਖ-ਪਿਆਸ, ਬਿਸਤਰ-ਧਰਤੀ ਸਭ ਬਰਾਬਰ, ਅਵਧੂਤ ਬਿਰਤ ਹੋ ਜਾਣਾ। ਸੁਰਤਿ ਚੜ੍ਹੀ ਰਹਿਣੀ, ਕਿਸੇ ਵੇਲੇ ਵੀ ਥੱਲੇ ਨਾ ਆਉਣੀ, ਪਦਾਰਥ ਅਭਾਵਨੀ ਛੇਵੀਂ ਭੂਮਿਕਾ ਹੈ।

7. ਤੁਰੀਆ - ਇਸ ਵਿਚ ਅਖੰਡ ਸਮਾਧੀ ਲਗ ਜਾਂਦੀ ਹੈ। ਸੁਰਤਿ ਥੱਲੇ ਨਾ ਆ ਕੇ ਬ੍ਰਹਿਮਾਂਡ (ਤਾਲੂਆ) ਫੋੜ ਕੇ ਨਿਕਲ ਜਾਂਦੀ ਹੈ। ਫੇਰ ਸਰੀਰ ਨਹੀਂ ਰਹਿੰਦਾ। ਬ੍ਰਹਮਲੀਨ ਹੋ ਜਾਂਦਾ ਹੈ। ਤੁਰੀਆ ਅਵਸਥਾ ਪ੍ਰਾਪਤ ਹੋਣ ਤੋਂ ਬਾਅਦ ਸਰੀਰ ਬਹੁਤ ਦੇਰ ਨਹੀਂ ਰਹਿੰਦਾ।

ਇਨ੍ਹਾਂ ਨਕਸ਼ਿਆਂ ਦਾ ਕੇਵਲ ਫੋਕਾ ਗਿਆਨ ਕਮਾਈ ਤੋਂ ਬਿਨਾਂ ਡਿੰਭ ਦਾ ਰੂਪ ਧਾਰ ਲੈਂਦਾ ਹੈ। ਯਥਾਰਥ ਗਿਆਨ ਤਾਂ ਪੁਰਸ਼ਾਰਥ (ਉਦਮ) ਨਾਲ ਹੋਣਾ ਹੈ। ਇਕ ਛੇਵੀਂ ਭੂਮਿਕਾ ਦੇ ਨਕਸ਼ਾ ਢੋਊ ਮਹਾਤਮਾ ਦੀ ਛੇਵੀਂ ਭੂਮਿਕਾ ਕਿਸ ਤਰ੍ਹਾਂ ਪਖੰਡ ਵਿਚ ਪਰਿਵਰਤਿਤ ਹੋਈ।

ਕੋਈ ਪੰਜਾਹ ਸਾਲ ਤੋਂ ਵੱਧ ਸਮੇਂ ਦੀ ਗੱਲ ਹੈ, ਪਟਿਆਲੇ ਦੀ ਰਿਆਸਤ ਵਿਚ ਬਨੂੜ ਦੇ ਲਾਗੇ ਇਕ ਸੰਤ ਪ੍ਰਗਟ ਹੋਏ, ਉਹ ਛੇਵੀਂ ਭੂਮਿਕਾ ਵਿਚ ਅਪੜੇ ਹੋਏ ਸਨ। ਇਤਨੀ ਬ੍ਰਿਤ ਚੜ੍ਹੀ ਸੀ ਕਿ ਕਪੜੇ ਪਾਉਣ ਦੀ ਹੋਸ਼ ਨਹੀਂ ਸੀ। ਜੇ ਕੋਈ ਪਹਿਨਾਅ ਦਿੰਦਾ ਤਾਂ ਵਿਦੇਸ਼ੀ ਵਾਲੇ ਬਾਬਾ ਬੀਰਮ ਦਾਸ ਜੀ ਵਾਂਗੂੰ ਪਾੜ ਕੇ ਲੀਰੋ ਲੀਰ ਕਰ ਦਿੰਦੇ। ਆਪਣੇ ਹੱਥ ਨਾਲ ਕੁਝ ਨਹੀਂ ਸੀ ਖਾਂਦੇ। ਹਰ ਵੇਲੇ ਸੁਰਤਿ ਯੋਗਾਰੂੜ੍ਹ ਰਹਿੰਦੀ ਸੀ। ਜਿਥੇ ਮਰਜ਼ੀ ਟੱਟੀ ਪਿਸ਼ਾਬ ਹੋ ਜਾਂਦਾ, ਸਰਦੀ ਗਰਮੀ ਦਾ ਕੋਈ ਗਿਆਨ ਨਹੀਂ ਸੀ, ਕੰਬਲ ਵੀ ਕੋਈ ਪ੍ਰੇਮੀ ਓਢਾਂਦੇ ਸਨ, ਅਲਫ ਨੰਗੇ ਰਹਿੰਦੇ ਸਨ। ਕੁਪੀਨ ਤਕ ਵੀ ਧਾਰਨ ਨਹੀਂ ਕਰਦੇ ਸਨ, ਛੇਵੀਂ ਭੂਮਿਕਾ ਪਦਾਰਥ ਅਭਾਵਨੀ ਨੂੰ ਪ੍ਰਾਪਤ ਸਨ, ਅਵਧੂਤ ਸਨ।

ਦੂਰ ਦੂਰ ਤੋਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ, ਸ਼ਰਧਾਲੂਆਂ ਨੇ ਲੰਗਰ ਲਾ ਰੱਖੇ ਸਨ, ਦਰਸ਼ਨ ਕਰਨ ਵਾਲਿਆਂ ਦੀ ਭੀੜ ਲੱਗੀ ਰਹਿੰਦੀ। ਪ੍ਰਬੰਧਕ ਵਾਰੀ ਨਾਲ ਦਰਸ਼ਨ ਕਰਾਂਦੇ, ਫਲਾਂ ਪਦਾਰਥਾਂ ਦੇ ਢੇਰ ਲੱਗੇ ਰਹਿੰਦੇ। ਮਾਇਆ ਵੀ ਬਹੁਤ ਚੜ੍ਹ ਰਹੀ ਸੀ।

ਮਹਾਤਮਾ ਜੀ ਆਪਣੇ ਹੱਥਾਂ ਨਾਲ ਤਾਂ ਕੁਝ ਖਾਂਦੇ ਪੀਂਦੇ ਨਹੀਂ ਸਨ, ਹਰ ਮਾਈ ਭਾਈ ਦੀ ਸ਼ਰਧਾ ਹੁੰਦੀ ਕਿ ਮੇਰੇ ਹੱਥ ਨਾਲ ਕੁਝ ਛਕਣ, ਮੇਰੇ ਹੱਥ ਨਾਲ ਕੁਝ ਛਕਣ।

ਦਿਨੋ ਦਿਨ ਭੀੜ ਵਧਦੀ ਚਲੀ ਗਈ। ਸ਼ਰਧਾਲੂਆਂ ਨੇ ਕਨਾਤਾਂ ਲਾ ਕੇ ਪੜਦਾ ਕਰ ਦਿਤਾ ਤਾਂ ਕਿ ਕੋਈ ਬੇਅਦਬੀ ਨਾ ਕਰ ਸਕੇ, ਇਕ ਇਕ ਨੂੰ ਨੰਬਰ ਵਾਰ ਦਰਸ਼ਨ ਕਰਾਉਂਦੇ।

ਮਾਇਆ ਦੇ ਢੇਰ ਲਗ ਗਏ। ਚੜ੍ਹਾਵਾ ਵੀ ਚੜ੍ਹੀ ਜਾਂਦਾ ਤੇ ਸਾਂਭਣ ਵਾਲੇ ਵੀ ਸਾਂਭੀ ਜਾਂਦੇ। ਕਈ ਨਲਕੇ ਲਗ ਗਏ, ਕਈ ਝੁੱਗੀਆਂ ਵੀ ਬਣ ਗਈਆਂ। ਪਰ ਸੰਤ ਜੀ ਝੁੱਗੀ ਵਿਚ ਨਾ ਬਹਿੰਦੇ, ਰੜੇ ਬੈਠਦੇ, ਸ਼ਰਧਾਲੂ ਕਪੜੇ ਪਹਿਰਾਂਦੇ ਪਰ ਸੰਤ ਝੱਟ ਪਾੜ ਦਿੰਦੇ, ਲੀਰਾਂ ਲੀਰਾਂ ਕਰ ਛੱਡਦੇ।

ਹੌਲੀ ਹੌਲੀ ਮਸ਼ਹੂਰੀ ਵਧਦੀ ਗਈ। ਖਲਕਤ ਵੀ ਵਧਦੀ

ਗਈ। ਆਮ ਲੋਕਾਂ ਦੇ ਨਾਲ ਅਹਿਲਕਾਰ ਅਫਸਰ ਵੀ ਆਉਣ ਲੱਗੇ। ਰਾਜ ਘਰਾਣੇ ਦੇ ਅਫਸਰ ਤੇ ਨੌਕਰ ਤਬਕਾ ਵੀ ਆਉਣ ਲੱਗਿਆ।

ਮਹਾਰਾਜਾ ਭੁਪਿੰਦਰ ਸਿੰਘ ਦੀ ਵੱਡੀ ਰਾਣੀ ਨੂੰ ਵੀ ਪਤਾ ਲੱਗਿਆ ਕਿ ਮੇਰੇ ਰਾਜ ਵਿਚ ਬ੍ਰਹਮਗਿਆਨੀ ਵਿਦੇਹ ਅਵਧੂਤ ਰਹਿੰਦੇ ਹਨ। ਅਮਲਾ ਫੈਲਾ ਤੇ ਰਖਿਅਕ ਅੱਠ ਘੋੜਿਆਂ ਦੀ ਟਮ ਟਮ ਵਿਚ ਸਵਾਰ ਹੋ ਕੇ ਆਈ। ਫਲਾਂ ਦੇ ਟੋਕਰੇ, ਮਠਿਆਈ ਤੇ ਪਦਾਰਥ ਭੇਟਾ ਕੀਤੇ। ਨੌਕਰਾਂ ਤੋਂ ਲੱਡੂਆਂ ਦੀ ਟੋਕਰੀ ਮੰਗਾ ਕੇ ਇਕ ਲੱਡੂ ਲਿਆ ਤੇ ਆਪਣੇ ਹੱਥ ਨਾਲ ਮਹਾਤਮਾ ਦੇ ਮੂੰਹ ਵਿਚ ਪਾਇਆ, ਮਹਾਤਮਾ ਨੇ ਚੱਬ ਲਿਆ, ਰਾਣੀ ਨੇ ਫੇਰ ਦੂਜਾ ਲਿਆ ਤੇ ਸੰਤਾਂ ਦੇ ਮੂੰਹ ਵਿਚ ਪਾਇਆ, ਸੰਤ ਨੇ ਲੱਡੂ ਖਾ ਲਿਆ, ਮਹਾਤਮਾ ਜੀ ਨੇ ਤਿੰਨ ਲੱਡੂ ਖਾ ਲਏ, ਜਦੋਂ ਰਾਣੀ ਨੇ ਚੌਥਾ ਲੱਡੂ ਚੁਕਿਆ ਤਾਂ ਮਹਾਤਮਾ ਜੀ ਨੇ ਅਚਾਨਕ ਇਕ ਦਮ ਵਿਸ਼ਟਾ ਅਤੇ ਮਲਮੂਤਰ ਨਾਲ ਥਾਂ ਗੰਦੀ ਕਰ ਦਿਤੀ। ਰਾਣੀ ਦੇ ਹੱਥੋਂ ਚੌਥਾ ਲੱਡੂ ਗਿਰ ਗਿਆ। ਉਹ ਮੂਤਰ ਨਾਲ ਲਗ ਕੇ ਗੰਦਾ ਹੋ ਗਿਆ। ਜਦੋਂ ਰਾਣੀ ਉਠਾ ਕੇ ਸੰਤਾਂ ਦੇ ਮੂੰਹ ਵਿਚ ਪਾਉਣ ਲੱਗੀ ਤਾਂ ਉਸ ਨੇ ਰਾਣੀ ਦਾ ਹੱਥ ਫੜ ਲਿਆ ਅਤੇ ਲੱਡੂ ਮੂੰਹ ਤਕ ਨਾ ਜਾਣ ਦਿਤਾ, ਉਸ ਵੇਲੇ ਰਾਣੀ ਨੇ ਨੌਕਰਾਂ ਨੂੰ ਕਿਹਾ ਕਿ ਇਹ ਪਾਖੰਡੀ ਹੈ। ਪਾਖੰਡ ਕਰਕੇ ਲੋਕਾਂ ਨੂੰ ਲੁਟਦਾ ਹੈ। ਗੁਰੂਆਂ ਨਾਲੋਂ ਉਚੀਆਂ ਅਵਸਥਾਵਾਂ ਤਾਂ ਕਿਸੇ ਦੀਆਂ ਵੀ ਨਹੀਂ ਸਨ ਪਰ ਉਨ੍ਹਾਂ ਨੇ ਤਾਂ ਮਰਿਆਦਾ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ। ਇਸ ਤਰ੍ਹਾਂ ਬੇਸੁਰਤ ਹੋ ਜਾਣਾ ਤੇ ਵਸਤਰ ਪਾੜ ਦੇਣੇ ਇਹ ਰੂਹਾਨੀਅਤ ਨਹੀਂ ਹੁੰਦੀ।

ਗੁਰੂ ਨਾਨਕ ਆਗਮਨ ਕਾਲ ਵਿਚ ਵੀ ਡਿੰਭ ਦਾ ਬੜਾ ਜ਼ੋਰ ਸੀ। ਗੁਰੂ ਜੀ ਨੇ ਭਟਕਿਆਂ ਨੂੰ ਸੁਮਾਰਗ ਪਾਇਆ, ਪਖੰਡੀਆਂ ਦੇ ਪੜਦੇ ਫਾਸ਼ ਕੀਤੇ। ਨਾਮ ਰਸੀਏ ਭਗਤਾਂ ਤੇ ਇਬਾਦਤ ਕਰਨ ਵਾਲੇ ਫਕੀਰਾਂ ਦਾ ਸਨਮਾਨ ਕੀਤਾ।

ਅੱਜਕਲ੍ਹ ਵੀ ਬਹੁਤ ਮਤ ਚਲ ਰਹੇ ਹਨ, ਘਰ ਘਰ ਪਰਮ ਗੁਰੂ ਬਣੇ ਬੈਠੇ ਹਨ।

ਘਰ ਘਰ ਹੋਇ ਬਹੇਂਗੇ ਰਾਮਾ॥
ਤਿਨ ਤੇ ਕੋਈ ਨ ਸਰਹੈ ਕਾਮਾ॥

ਆਪਣੇ ਆਪ ਨੂੰ ਤੁਰੀਆ ਦੇ ਮਾਲਕ ਦਸਦੇ ਹਨ, ਕੁਝ ਭਾੜੇ ਦੇ ਸੇਵਕ ਉਸਤਤੀਕਾਰ ਬਣਾ ਕੇ ਸੰਗਤ ਨੂੰ ਗੁਮਰਾਹ ਕਰਦੇ ਹਨ। ਭੋਲੇ ਜਗਿਆਸੂਆਂ ਨੂੰ ਪਤਾ ਨਹੀਂ ਲਗਦਾ, ਸਮਾਂ ਤੇ ਜੀਵਨ ਨਸ਼ਟ ਹੋ ਜਾਂਦਾ ਹੈ। ਕੁਰਾਹੇ ਪੈ ਜਾਂਦੇ ਹਨ, ਭਟਕ ਜਾਂਦੇ ਹਨ। ਵਾਪਸ ਮੁੜਨਾ ਮੁਸ਼ਕਿਲ ਹੋ ਜਾਂਦਾ ਹੈ। ਜਦੋਂ ਉਨ੍ਹਾਂ ਦਾ ਪਾਜ ਖੁਲ੍ਹਦਾ ਹੈ ਫਿਰ ਝੋਰਾ ਲਗਦਾ ਹੈ।

ਸੰਸਾਰ ਵਿਚ ਪ੍ਰਮਾਤਮਾ ਦੇ ਭੇਜੇ ਗੁਰੂ ਵਰੋਸਾਏ ਗੁਰਮੁਖ ਪਿਆਰੇ ਵੀ ਬਹੁਤ ਹਨ।

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥
ਪੰਨਾ – 517

ਹੈਨ ਵਿਰਲੇ ਪਰ ਕਾਫੀ ਹਨ। ਉਨ੍ਹਾਂ ਦੀ ਸੰਗਤ ਕਰਨ ਨਾਲ –

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥
ਪੰਨਾ – 707

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ
ਜਿਨ ਹਰਿ ਨਾਮੁ ਰਿਦੈ ਪਰੋਈ॥ ਪੰਨਾ – 618

ਤਿਨ੍ਹਾਂ ਦੀ ਸੰਗਤ ਨਾਲ, ਸਹੀ ਮਾਰਗ, ਨਾਮ ਬਾਣੀ ਦਾ ਪਿਆਰ ਹੰਗਤਾ ਰਹਿਤ ਹਲੇਮੀ, ਭਗਤੀ ਭਾਵਨਾ ਤੇ ਆਤਮ ਤੱਤ ਦੀ ਪ੍ਰਾਪਤੀ ਹੁੰਦੀ ਹੈ।

ਅਜਕਲ੍ਹ ਇਕ ਮਤ ਐਸਾ ਵੀ ਚਲਿਆ ਹੈ ਜੋ ਗੁਰਬਾਣੀ ਦੇ ਸਿਧਾਂਤਕ ਅਰਥਾਂ ਨੂੰ ਤੋੜ ਮਰੋੜ ਕੇ ਆਪਣੇ ਅਨੁਕੂਲ ਪੇਸ਼ ਕਰਦੇ ਹਨ, ਆਸਰਾ ਗੁਰਬਾਣੀ ਦਾ ਲੈਂਦੇ ਹਨ ਅਤੇ ਪੈਰੋਕਾਰ ਆਪਣੇ ਬਣਾਉਂਦੇ ਹਨ, ਗੁਰਬਾਣੀ ਨੂੰ ਮੰਨਦੇ ਨਹੀਂ। ਭੇਡ ਚਾਲ ਵਾਂਗ ਅਨੁਆਈ ਬਣ ਰਹੇ ਹਨ।

ਜਗਤ ਕੀ ਭੇਡਾ ਚਾਲ ਹੈ, ਚਲਦੇ ਕੇ ਪਾਛੇ ਚਾਲੇ।
ਦੇਖੋ ਜਗਤ ਕੀ ਮੂੜ੍ਹਤਾ, ਪ੍ਰਮਾਰਥ ਨਾ ਸਮਾਲੇ।

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥
ਪੰਨਾ – 1373

ਜੇ ਇਕ ਭੇਡ ਖੂਹ ਵਿਚ ਗਿਰ ਜਾਵੇ ਤਾਂ ਸਾਰੀਆਂ ਹੀ ਭੇਡਾਂ ਇਕ ਦੂਜੀ ਦੇ ਪਿਛੇ ਖੂਹ ਵਿਚ ਗਿਰਦੀਆਂ ਚਲੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਦੁਨੀਆਂ ਦਾ ਮਤ ਹੈ, ਜਿਧਰ ਨੂੰ ਰੁਖ ਹੋ ਗਿਆ, ਲਾਰੇ ਲੱਗੇ ਚਲੇ ਜਾਂਦੇ ਹਨ, ਕਿਸੇ ਕਿਸੇ ਨੂੰ ਪਰਖ ਕਰਨੀ ਆਉਂਦੀ ਹੈ, ਭੀੜ ਤੋਂ ਵਖਰਾ ਕੋਈ ਇਕ ਔਧਾ ਕਬੀਰ ਔਘਟ ਘਾਟੀ ਜਾਂਦਾ ਹੈ।

ਇਕ ਹੋਰ ਮਤ ਬੜੇ ਜ਼ੋਰਾਂ ਤੇ ਚਲ ਰਿਹਾ ਹੈ, ਉਹ ਨਾਮ ਸਿਮਰਨ ਤੇ ਸ਼ਬਦ ਸੁਰਤਿ ਮਾਰਗ ਦਾ ਯੋਗ ਮਾਰਗ ਦੱਸੀਦਾ ਹੈ। ਉਨ੍ਹਾਂ ਦੇ ਲੱਖਾਂ ਪੈਰੋਕਾਰ ਹਨ, ਤੁਸੀਂ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਛੇੜ ਕੇ ਵੇਖ ਲਵੋ, ਹਰ ਇਕ ਇਹੋ ਕਹੇਗਾ ਕਿ ਮੈਂ ਸੰਪੂਰਨ ਹਾਂ ਅਤੇ ਸਹੰਸਰਾਰ ਦੀ ਅਗਲੀ ਚੋਟੀ ਤੇ ਅਪੜਿਆ ਹਾਂ। ਮੇਰੇ ਅੰਦਰ ਅਨਹਦ ਵਾਜਿਆਂ ਦਾ ਸ਼ੋਰ ਮਚਿਆ ਹੋਇਆ ਹੈ, ਮੇਰੇ ਲਈ ਦਸਮ ਦੁਆਰ, ਸਦਰ ਬਜ਼ਾਰ ਦੀ ਤਰ੍ਹਾਂ ਹੈ, ਜਦੋਂ ਜੀਅ ਕਰੇ ਫਿਰ ਆਈਏ। ਕੰਨਾਂ ਵਿਚ ਜੋ ਬੀਂਡੇ ਬੋਲਣ ਵਰਗੀ ਟੀਂ ਟੀਂ ਦੀ ਅਵਾਜ਼ ਆਉਂਦੀ ਹੈ, ਉਹ ਖੂਨ ਦਾ ਸਰਕਟ ਚਲਾਉਣ ਵਾਲੀ 'ਸਮਾਨ' ਵਾਯੂ ਦੀ ਅਵਾਜ਼ ਹੈ, ਨੂੰ ਅਨਹਦ ਸ਼ਬਦ ਦੱਸੀ ਜਾਂਦੇ ਹਨ। ਤੁਹਾਨੂੰ ਉਨ੍ਹਾਂ ਦਾ ਕੋਈ ਬੰਦਾ ਐਸਾ ਨਹੀਂ ਮਿਲੇਗਾ ਜੋ ਦਸਮ ਦੁਆਰ ਨਾ ਪਹੁੰਚਿਆ ਹੋਵੇ। ਚਲੋ ਸਾਰੇ ਨਾਮ ਰੱਬ ਦੇ ਹਨ, ਤੁਸੀਂ ਜਪਦੇ ਵੀ ਹੋਵੋਗੇ, ਕਿਸੇ ਵਿਰਲੇ ਦਾ ਧਿਆਨ ਵੀ ਲਗ ਸਕਦਾ ਹੈ। ਅਸੀਂ ਸਾਰੇ

(ਬਾਕੀ ਪੰਨਾ 64 ਤੇ)

ਅਬਿਨਾਸ਼ੀ ਜੋਤ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 31)

ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ ਔਖੀ ਵੇਲਾ,
ਔਖੀ ਵੇਲਾ -2, 2.
ਨਾਮ ਨੇ ਸਹਾਇਤਾ ਕਰਨੀ ਤੇਰੀ -2, 2.
ਤੇਰੀ ਨਾਮ ਨੇ ਸਹਾਇਤਾ ਕਰਨੀ ... -2.

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡੈ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜੀਆਰਾ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ॥
ਜਹ ਮਹਾ ਭਇਆਨ ਤਪਤਿ ਬਹੁ ਘਾਮ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਪੰਨਾ-264

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਪੰਨਾ - 264

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥
ਸਾਹਿਬੁ ਨਿਤਾਣਿਆ ਕਾ ਤਾਣੁ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥
ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥
ਪੰਨਾ - 70

ਧਾਰਨਾ- ਤੇਰੀ ਨਾਮ ਨੇ ਸਹਾਇਤਾ ਕਰਨੀ,
ਔਖੀ ਵੇਲਾ-ਔਖੀ ਵੇਲਾ, -2, 2.

ਬਾਬਾ ਏਹੁ ਲੇਖਾ ਲਿਖਿ ਜਾਣੁ॥
ਪੰਨਾ - 16

ਐਸਾ ਲੇਖਾ ਲਿਖਣਾ ਸਿਖ ਲੈ। ਜਿਥੇ ਕਿਸੇ ਦਾ ਵੀ ਹੱਥ ਨਾ ਪਹੁੰਚਦਾ ਹੋਵੇ ਇਹ ਲੇਖਾ ਉਥੇ ਵੀ ਸਚਾ ਨਿਸ਼ਾਨ ਬਣ ਜਾਵੇ।

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥
ਪੰਨਾ - 16

ਦਰਗਾਹ ਵਿਚ ਜਦੋਂ ਜੀਵ ਜਾਵੇ ਤਾਂ ਨਾਮ ਦੇ ਜਾਪ, ਕੀਤੇ ਹੋਏ ਸਤਿਸੰਗ, ਪਰਉਪਕਾਰ ਦੇ ਕੰਮ, ਸੇਵਾ ਕੀਤੇ ਦਾਨ ਦੇ ਲੇਖ ਗਵਾਹੀ ਦੇਣ। ਅਜਿਹੇ ਲੇਖ ਲਿਖਣ ਦੀ ਸੋਝੀ ਸੰਸਾਰ ਵਿਚ ਰਹਿੰਦਿਆਂ ਹੋਣੀ ਚਾਹੀਦੀ ਹੈ। ਜਦੋਂ ਧਰਮਰਾਜ ਲੇਖਾ ਮੰਗੇ ਤਾਂ ਅਜਿਹੇ ਲੇਖ ਗਵਾਹੀ ਦਿੰਦੇ ਹੋਣ। ਸੋ ਉਸ ਵੇਲੇ ਆਪ ਨੇ ਸ਼ਬਦ ਉਚਾਰਨ ਕਰਿਆ।

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਉਸ ਪਾਂਧੇ ਦੀ ਸਮਝ 'ਚ ਆ ਗਿਆ। ਉਹ ਪਾਂਧਾ ਕਹਿਣ ਲੱਗਿਆ, ਤੂੰ ਸਾਧਾਰਨ ਬਾਲਕ ਨਹੀਂ ਹੈਂ, ਕੋਈ ਪ੍ਰਮੇਸਰ ਦਾ ਪਿਆਰਾ ਹੈਂ। ਜਿਸ ਤਰ੍ਹਾਂ ਅਸੀਂ ਹਰਦਾਸ ਪੰਡਤ ਤੋਂ ਸੁਣਦੇ ਸੀ, ਹਰਦਾਸ ਪੰਡਿਤ ਨੇ ਜਨਮ ਪਤਰੀ ਬਣਾਈ ਸੀ ਉਹ ਸੰਗੀਆਂ ਸਾਥੀਆਂ ਨਾਲ ਗੁਰੂ ਨਾਨਕ ਜੀ ਦੇ ਭਵਿੱਖ ਦੀਆਂ ਗੱਲਾਂ ਕਰਿਆ ਕਰਦਾ ਸੀ। ਸਚਮੁਚ ਤੇਰੇ ਅੰਦਰ ਨਿਰੰਕਾਰ ਦੀ ਜੋਤ ਹੈ। ਮੈਨੂੰ ਵੀ ਉਹ ਲੇਖਾ ਲਿਖਣ ਦੀ ਜਾਚ ਦੱਸ ਦੇ।"

ਸੱਤ ਸਾਲ ਦੀ ਉਮਰ ਦੇ ਅੰਦਰ ਪਾਂਧੇ ਨੂੰ ਪੜ੍ਹਾਇਆ। ਫੇਰ ਆਪ ਪਏ ਰਹਿੰਦੇ ਹਨ, ਖਾਂਦੇ ਨਹੀਂ; ਪੀਂਦੇ ਨਹੀਂ, ਕੁਝ ਨਹੀਂ ਕਰਦੇ। ਬੜਾ ਫਿਕਰ ਹੋ ਗਿਆ ਘਰ ਦੇ ਅੰਦਰ। ਕੋਈ ਕਹਿੰਦਾ ਹੈ ਕਿਸੇ ਬਦਰੂਹ ਦੀ ਛਾਇਆ ਹੋ ਗਈ, ਕਿਸੇ ਭੂਤ-ਪ੍ਰੇਤ ਦੀ ਛਾਇਆ ਹੋ ਗਈ। ਇਲਾਜ ਸ਼ੁਰੂ ਹੋ ਗਏ, ਅਖੀਰ

ਵੈਦ ਦੇ ਪਾਸ ਮਹਿਤਾ ਕਾਲੂ ਜੀ, ਗੁਰੂ ਨਾਨਕ ਜੀ ਬਾਰੇ ਦਸਦੇ ਹਨ।

ਵੈਦ ਆਉਂਦਾ ਹੈ ਤੇ ਗੁਰੂ ਨਾਨਕ ਮਹਾਰਾਜ ਜੀ ਦਾ ਸਵਾਸਥ ਚੈਕ ਕਰਦਾ ਹੈ। ਮਹਾਰਾਜ ਜੀ ਵੈਦ ਨੂੰ ਕਹਿੰਦੇ ਨੇ, "ਵੈਦ ਜੀ! ਤੁਸੀਂ ਤੰਦਰੁਸਤ ਹੋਂ?"

ਵੈਦ ਕਹਿੰਦਾ, "ਹਾਂ ਮਹਾਰਾਜ!"

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਤੂੰ, ਇਸ ਸੰਸਾਰ ਦੇ ਅੰਦਰ ਕੋਈ ਵੀ ਰਾਜ਼ੀ ਨਹੀਂ ਹੈ।

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਪੰਨਾ - 1140

ਸਾਰਾ ਸੰਸਾਰ ਰੋਗਾਂ ਨੇ ਘੇਰਿਆ ਹੋਇਆ ਹੈ। ਦੋ ਕਿਸਮ ਦੇ ਰੋਗ ਨੇ। ਇਕ ਤਾਂ ਉਹ ਨੇ ਜਿਹੜੇ ਸਰੀਰ ਦੇ ਨੇ। ਸਰੀਰ ਦੇ ਰੋਗ ਕੁਝ ਨਹੀਂ ਵਿਗਾੜਦੇ, ਵੱਧ ਤੋਂ ਵੱਧ ਸਰੀਰ ਖਤਮ ਕਰ ਦੇਣਗੇ ਪਰ ਜੋ ਮਨ ਦੇ ਰੋਗ ਨੇ ਉਹ ਬਹੁਤ ਭਿਆਨਕ ਰੋਗ ਨੇ। ਜੋ ਹਉਮੈ ਦਾ ਰੋਗ ਹੈ ਉਹ ਕੋਹੜ ਹੋਇਆ ਹੋਇਆ ਹੈ ਮਨ ਨੂੰ, ਸਾਰੀ ਦੁਨੀਆਂ ਹੀ ਹਉਮੈ ਦੇ ਰੋਗ ਨਾਲ ਪੀੜਤ ਹੈ। ਨਿੰਦਿਆ ਦਾ ਰੋਗ ਜੋ ਹੈ ਇਹ ਹੈਜ਼ਾ ਹੈ -

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥
ਪੰਨਾ - 755

ਈਰਖਾ ਦਾ ਰੋਗ ਹੈ।

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ - 308

ਕਦੇ ਵੀ ਭਲਾ ਨਹੀਂ ਉਸ ਦਾ ਹੋ ਸਕਦਾ ਕਿਉਂਕਿ ਇਹ ਮਨ ਦਾ ਤੇਜ਼ ਬੁਖਾਰ ਹੈ। ਤ੍ਰਿਸ਼ਨਾ ਜਿਹੜੀ ਹੈ ਇਹ T.B. (ਤਪਦਿਕ) ਹੈ ਮਨ ਨੂੰ ਹੋਈ ਹੋਈ।

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥
ਪਰੈ ਪਰੈ ਹੀ ਕਉ ਲੁਝੀ ਹੇ॥ ਪੰਨਾ - 213

ਕਰੋੜ ਹੋ ਗਿਆ, ਕਹਿੰਦੇ ਲੱਖ ਕਰੋੜ ਚਾਹੀਦਾ ਹੈ, ਉਹ ਵੀ ਹੋ ਗਿਆ। ਕਹਿੰਦੇ ਹੋਰ ਚਾਹੀਦਾ ਹੈ, ਦੁਨੀਆਂ ਸਾਰੀ ਹੀ ਮੇਰੀ ਹੋਣੀ ਚਾਹੀਦੀ ਹੈ। ਇਹ T.B. ਦਾ ਰੋਗ ਹੈ ਜੋ ਮਨ ਵਿਚ ਵਾਸ਼ਨਾ ਪੈਦਾ ਕਰਦਾ ਹੈ। ਵਾਸ਼ਨਾਵਾਂ ਜੀਵ ਨੂੰ ਲੱਗੀਆਂ ਹੱਥਕੜੀਆਂ ਹੁੰਦੀਆਂ ਹਨ ਜਿਸ ਕਰਕੇ ਜੀਵ ਜੰਮਣ ਤੇ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਚੁਗਲੀ ਰੋਗ ਹੈ। ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਰੋਗ ਸਮਝਾਏ। ਆਸਾ ਹੈ, ਅੰਦੇਸਾ ਹੈ। ਸੋ ਉਸ ਵੈਦ ਨੇ ਦੋਵੇਂ ਹੱਥ ਜੋੜ ਲਏ।

ਵੈਦ ਕਹਿਣ ਲੱਗਿਆ, "ਨਾਨਕ ਜੀ! ਅੱਜ ਮੈਂ ਪਹਿਲੇ ਦਿਨ ਸੁਣਿਆ ਹੈ ਕਿ ਸੱਚ ਦੇ ਡਾਕਟਰ ਹੋ ਤੁਸੀਂ, ਸਚਮੁੱਚ ਦੇ ਵੈਦ ਆਏ ਹੋ ਰੋਗੀਆਂ ਦਾ ਰੋਗ ਦੂਰ ਕਰਨ ਵਾਸਤੇ। ਕਿਉਂਕਿ -

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਪੰਨਾ - 687

ਸਾਰਾ ਸੰਸਾਰ ਰੋਗਾਂ ਨੇ ਘੇਰਿਆ ਹੋਇਆ ਹੈ, ਮਾਨਸਿਕ ਰੋਗਾਂ ਨੇ। ਜਦੋਂ ਮਨ ਰੋਗੀ ਹੁੰਦਾ ਹੈ ਤਾਂ ਫੇਰ ਸਰੀਰ ਰੋਗੀ ਹੋਣਾ ਕੁਦਰਤੀ ਗੱਲ ਹੈ। ਮਨ ਦੇ ਅੰਦਰ ਕ੍ਰੋਧ ਹੋਵੇ ਤਾਂ ਇਕ ਸਾਹ ਵਿਚ ਲੱਖਾਂ ਸੈਲ ਸਰੀਰ ਦੇ ਜਾਲ ਦਿੰਦਾ ਹੈ। ਦਾਨੇ ਕਹਿੰਦੇ ਹਨ ਕਿ 14 ਖਰਬ ਪੰਦਰਾਂ ਅਰਬ ਸੈਲ ਸਾਰੇ ਸਰੀਰ ਦੇ ਅੰਦਰ ਨੇ, ਕ੍ਰੋਧ ਦਾ ਇਕ ਸਾਹ ਲੱਖਾਂ ਸੈਲ ਸਾੜਦਾ ਹੈ-

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ - 932

ਕ੍ਰੋਧੀ ਬੰਦੇ ਧਿਆਨ ਨਾਲ ਸੁਣਨ। ਉਨ੍ਹਾਂ ਦਾ ਸਰੀਰ ਘਟਦਾ ਜਾਂਦਾ ਹੈ ਤੇ ਅਖੀਰ ਖਤਮ ਹੋ ਜਾਂਦਾ ਹੈ। ਰੋਗੀ ਹੋ ਜਾਂਦੇ ਨੇ। ਪਹਿਲਾਂ ਸਹਿੰਦਾ ਰਹਿੰਦਾ ਹੈ, ਫੇਰ ਮਿਹਦਾ ਖਰਾਬ ਹੋ ਜਾਂਦਾ ਹੈ, ਫੇਰ ਗੁਰਦੇ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਨੇ, ਜਿਗਰ ਖਰਾਬ ਹੋ ਜਾਂਦਾ ਹੈ, ਫੇਰ ਤਾਂ ਬਿਮਾਰੀਆਂ ਵਿਚ ਘਿਰ ਗਿਆ ਕਿਉਂਕਿ ਸਰੀਰ ਦੇ ਅੰਦਰ ਦੋ ਚੀਜ਼ਾਂ ਬਹੁਤ ਖਤਰਨਾਕ ਤੇ ਮਾਰੂ ਹਨ, ਉਹ ਹਨ - ਕਾਮ ਤੇ ਕਰੋਧ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ - 932

ਕਾਮ ਨਹੀਂ ਸਰੀਰ ਰਹਿਣ ਦਿੰਦਾ, ਬਿਲਕੁਲ ਖਤਮ ਕਰ ਦਿੰਦਾ ਹੈ ਸਰੀਰ ਨੂੰ। ਨੌਜਵਾਨ ਛੋਟੀ ਉਮਰ ਵਿਚ ਹੀ ਬਿਮਾਰ ਹੋਏ ਤੁਰੇ ਫਿਰਦੇ ਨੇ। ਕਿਸੇ ਦਾ ਸਿਰ ਦੁਖਦਾ ਹੈ, ਕਿਸੇ ਦਾ ਲੱਕ ਦੁਖਦਾ ਹੈ, ਕੋਈ ਕਹਿੰਦਾ ਹੈ ਜੀ ਉਠ ਨਹੀਂ ਹੁੰਦਾ ਮੇਰੀਆਂ ਲੱਤਾਂ ਨਹੀਂ ਚਲਦੀਆਂ। ਤੁਸੀਂ ਖੁਦ ਗਲਤ ਕੰਮ ਕਰਕੇ ਰੋਗੀ ਹੁੰਦੇ ਹੋ ਭਾਈ! ਹੱਥ-ਰਸੀ ਵਗੈਰਾ ਜਾਂ ਆਦਿਕ ਕਾਮ ਭੋਗਾਂ ਦੇ ਵਹਿਣ ਤੋਂ ਬਚੋ। ਜੀਵਨ ਨੂੰ ਸੰਜਮ ਵਿਚ ਲਿਆਓ ਅਤੇ ਬ੍ਰਹਮਚਰੀਆ ਧਾਰਨ ਕਰੋ। ਅਸਾਡੇ ਬਜ਼ੁਰਗ ਸਰੀਰ ਦੀ ਪੂਰੀ ਤਰ੍ਹਾਂ ਸੰਭਾਲ ਕਰਦੇ ਸਨ। ਕੱਪੜਾ ਆਦਿ ਘਟ ਪਹਿਨਦੇ ਸਨ। ਕੁਦਰਤ ਦੇ ਪੂਰੀ ਤਰ੍ਹਾਂ ਨੇੜੇ ਰਹਿੰਦੇ ਸਨ। ਗਰਮੀਆਂ ਵਿਚ ਨ ਪੱਖੇ ਦੀ ਜਰੂਰਤ ਮਹਿਸੂਸ ਕਰਦੇ ਸਨ, ਨਾ ਹੀ ਸਰਦੀ ਵਿਚ ਹੀਟਰ ਆਦਿ ਦੀ ਲੋੜ ਸੀ। ਖੁਰਾਕ ਉਪਰ ਜ਼ੋਰ ਸੀ। ਗਰਮੀ ਸਰਦੀ ਬਹੁਤ ਘੱਟ ਮਹਿਸੂਸ ਹੁੰਦੀ ਸੀ। ਬ੍ਰਹਮਚਰੀਜਾ ਦੇ ਨਿਯਮਾਂ ਦਾ ਪਾਲਣ ਪੂਰੀ ਤਰ੍ਹਾਂ ਕੀਤਾ ਜਾਂਦਾ ਸੀ। ਸਰੀਰ ਰਿਸ਼ਟ ਪੁਸ਼ਟ ਰਹਿੰਦੇ ਸਨ।

ਸੋ ਮਹਾਰਾਜ ਜੀ ਕਹਿੰਦੇ, ਕਾਮ ਤੇ ਕ੍ਰੋਧ, ਇਹ ਤਾਂ ਰੋਗ ਪੈਦਾ ਕਰਦੇ ਨੇ। ਈਰਖਾ ਕਰਨ ਲੱਗ ਜਾਓ, ਅੰਦਰ ਪਹਿਲਾਂ ਆਪ ਜਲਦਾ ਹੈ। ਮੱਥੇ ਦੇ ਵਿਚ ਝੁਰੜੀਆਂ ਪੈ ਜਾਂਦੀਆਂ ਹਨ, ਰੰਗ ਫਿੱਕਾ ਨਿਕਲ ਆਉਂਦਾ ਹੈ। ਈਰਖਾਲੂ ਪੁਰਖ ਨੂੰ ਦੇਖ ਕੇ ਹੀ ਡਰ ਆਉਂਦਾ ਹੈ।

ਕਰੋਧ ਹੈ, ਕ੍ਰੋਧ ਨੇਤਰਾਂ ਦੇ ਅੰਦਰ ਅਸਰ ਕਰਦਾ ਹੈ, ਜਿਗਰ ਦੇ ਅੰਦਰ, ਮਿਹਦੇ ਦੇ ਅੰਦਰ ਅਸਰ ਕਰਦਾ ਹੈ। ਕਿਸੇ ਨੂੰ ਕ੍ਰੋਧ ਆਇਆ ਹੋਵੇ ਤਾਂ ਉਸ ਨੂੰ ਰੋਟੀ ਦੇ ਕੇ ਦੇਖ ਲਓ, ਜੇ ਕਦੇ ਖਾ ਲਵੇ, ਦੋ ਬੁਰਕੀਆਂ ਵੀ ਨਹੀਂ ਖਾ ਸਕੇਗਾ।

ਚਿੰਤਾ ਹੈ, ਜੇ ਚਿੰਤਾ ਹੋਵੇ ਤਾਂ ਆਦਮੀ ਰੋਟੀ ਨਹੀਂ ਖਾ ਸਕਦਾ। ਸੋ ਸਰੀਰ ਦੇ ਉਤੇ ਖਿਆਲ ਦਾ ਅਸਰ ਪੈਂਦਾ ਹੈ।

ਜੇ ਖਿਆਲ ਨਰੋਏ ਹਨ ਤਾਂ ਸਰੀਰ ਵੀ ਨਰੋਆ ਹੈ। ਬਗੈਰ ਦਵਾਈ ਤੋਂ ਆਦਮੀ ਰਾਜ਼ੀ ਹੋ ਜਾਂਦਾ ਹੈ ਜੇ ਖਿਆਲ ਸ਼ੁਧ ਹੋਣ, ਮਜ਼ਬੂਤ ਖਿਆਲ ਹੋਣ। ਸੋ ਏਸ ਤਰ੍ਹਾਂ ਦੇ ਨਾਲ ਜਦੋਂ ਵੈਦ ਜੀ ਨੂੰ ਸਾਰੀ ਗੱਲ ਸਮਝਾਈ, ਵੈਦ ਜੀ ਕਹਿਣ ਲੱਗੇ, "ਹੇ ਨਾਨਕ ਜੀ! ਸਾਡੀ ਵੈਦਿਕ ਦੇ ਅੰਦਰ ਇਕ 'ਅੰਮ੍ਰਿਤ ਧਾਰਾ' ਦਵਾਈ ਹੈ ਇਹ 32 ਬਿਮਾਰੀਆਂ ਦਾ ਇਕੋ ਇਕ ਇਲਾਜ ਹੈ।

ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਰੂਹਾਨੀਅਤ ਦੇ ਅੰਦਰ ਇਕੋ ਹੀ ਦਵਾਈ ਲੱਖਾਂ-ਕਰੋੜਾਂ ਬਿਮਾਰੀਆਂ ਦਾ ਇਲਾਜ ਕਰ ਦਿੰਦੀ ਹੈ।"

ਵੈਦ ਨੇ ਇਹ ਸੁਣ ਕੇ ਬੇਨਤੀ ਕੀਤੀ, "ਫੇਰ ਸੱਚੇ ਪਾਤਸ਼ਾਹ! ਮੈਨੂੰ ਕਿਰਪਾ ਕਰਕੇ ਉਸ ਦਵਾਈ ਦਾ ਨਾਂ ਤਾਂ ਦੱਸੋ। ਉਹ ਦਵਾਈ ਮੈਨੂੰ ਦੇ ਦਿਓ।" ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

ਧਾਰਨਾ – ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,
ਇਕੋ ਨਾਮ ਵਾਹਿਗੁਰੂ ਦਾ -2, 2.
ਮੇਰੇ ਪਿਆਰੇ ਇਕੋ ਨਾਮ ਵਾਹਿਗੁਰੂ ਦਾ-2
ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ.. – 2.

ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ – 274

ਕਹਿਣ ਲੱਗੇ, "ਇਹ ਦਵਾਈ ਮਿਲਦੀ ਕਿਥੋਂ ਹੈ?"

ਮਹਾਰਾਜ ਜੀ ਕਹਿੰਦੇ, "ਇਹ ਦਵਾਈ ਤਾਂ ਹਰੇਕ ਦੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਨਾਲ ਹੀ ਰੱਖੀ ਹੈ, ਰੋਗ ਦਾ ਇਲਾਜ ਕਰਨ ਵਾਸਤੇ-

ਹਰਿ ਅਉਖਧੁ ਸਭ ਘਟ ਹੈ ਭਾਈ।।
ਗੁਰ ਪੂਰੇ ਬਿਨੁ ਬਿਧਿ ਨ ਬਨਾਈ॥
ਗੁਰਿ ਪੂਰੈ ਸੰਜਮੁ ਕਰਿ ਦੀਆ॥
ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ – 259

ਪਰ ਸਮਰੱਥ ਗੁਰੂ ਤੋਂ ਬਗੈਰ ਉਹ ਦਵਾਈ ਹੱਥ ਨਹੀਂ ਆਉਂਦੀ, ਹੈ ਉਹ ਸਾਰਿਆਂ ਦੇ ਅੰਦਰ। ਅੰਦਰ ਹੀ ਪੂਰੇ ਗੁਰੂ ਨੂੰ ਮਿਲ ਕੇ ਖੋਜ ਕਰਨੀ ਚਾਹੀਦੀ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293

ਉਸ ਨਾਮ ਨੂੰ ਹੀ ਅੰਮ੍ਰਿਤ ਕਹਿੰਦੇ ਨੇ, ਇਸ ਤਰ੍ਹਾਂ ਮਹਾਰਾਜ ਜੀ ਫੁਰਮਾਉਂਦੇ ਨੇ।

ਧਾਰਨਾ – ਸੁਣ ਮੇਰੇ ਮਨਾ
ਅੰਮ੍ਰਿਤ ਹਰਿ ਹਰਿ ਨਾਮ ਹੈ -2, 2.

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤ ਗੁਰਮਤਿ ਪਾਏ ਰਾਮ॥ ਪੰਨਾ – 538

ਗੁਰੂ ਦੀ ਮਤ ਧਾਰਨ ਕਰਨ ਨਾਲ ਇਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਅੰਮ੍ਰਿਤ ਕਰਦਾ ਕੀ ਹੈ? ਕਹਿੰਦੇ-

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ – 538

ਇਹ ਅੰਮ੍ਰਿਤ ਜੇ ਪ੍ਰਾਪਤ ਹੋ ਜਾਵੇ ਤਾਂ ਹਉਮੈ ਤੇ ਮਾਇਆ ਦੀ ਵਿਹੁ ਲਹਿ ਕੇ ਇਨ੍ਹਾਂ ਅੱਖਾਂ ਤੇ ਜਿਹੜਾ ਅਗਿਆਨ ਦਾ ਮੋਤੀਆਬਿੰਦ ਆਇਆ ਹੋਇਆ ਹੈ, ਇਨ੍ਹਾਂ ਦੇ ਅੰਦਰ ਨਿਗ੍ਹਾ ਆ ਜਾਵੇਗੀ – ਸੱਚੀ ਨਜ਼ਰ, ਸੱਚੀ ਨਜ਼ਰ ਜਦੋਂ ਪੈਦਾ ਹੋ ਗਈ ਤਾਂ –

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ – 407

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ ਪੰਨਾ – 922

ਕਿਉਂਕਿ ਉਹ ਦਿਬਯ ਨੈਣ ਖੁਲ੍ਹ ਗਏ, ਅਸਲੀ ਨੇਤਰ ਖੁਲ੍ਹ ਗਏ ਇਹ ਬੰਦ ਪਏ ਸੀ, ਅੰਨ੍ਹਾ ਹੋਇਆ ਹੋਇਆ ਸੀ। ਜਦੋਂ ਗੁਰੂ ਨੇ ਨਾਮ ਅੰਮ੍ਰਿਤ ਦਾ ਸੁਰਮਾ ਪਾ ਦਿਤਾ –

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਪੰਨਾ – 293

ਸੋ ਇਹ ਨਾਮ ਅੰਮ੍ਰਿਤ ਸਾਰਿਆਂ ਘਟਾਂ ਦੇ ਵਿਚ ਹੈ ਪਰ ਪੂਰੇ ਗੁਰੂ ਤੋਂ ਬਗੈਰ ਬਿਧਿ ਨਹੀਂ ਬਣਿਆ ਕਰਦੀ। ਜਦੋਂ ਪੂਰਾ ਗੁਰੂ ਵਿਧੀ ਦੇ ਨਾਲ ਅੰਮ੍ਰਿਤ ਦੇ ਦਿੰਦਾ ਹੈ, ਮਹਾਰਾਜ ਜੀ ਕਹਿੰਦੇ, ਫੇਰ ਸੁਪਨੇ ਵਿਚ ਵੀ ਰੋਗ ਨਹੀਂ ਆਉਂਦੇ। ਹਉਮੈ ਹਟ ਜਾਂਦੀ ਹੈ, ਨਿੰਦਿਆ ਹਟ ਜਾਂਦੀ ਹੈ, ਈਰਖਾ ਹਟ ਜਾਂਦੀ ਹੈ, ਇਸ ਦੀ ਥਾਂ ਤੇ ਸ਼ੁਭ ਗੁਣ ਆ ਜਾਂਦੇ ਨੇ, ਹਰ ਵਕਤ ਆਦਮੀ ਦੇ ਅੰਦਰ ਖੇੜਾ ਬਣਿਆ ਰਹਿੰਦਾ ਹੈ, ਜਦੋਂ 'ਕਉਲ ਫੁਲ' ਖਿੜ ਗਿਆ ਫੇਰ ਇਸ ਦੀ ਬਿਮਾਰੀ ਆਪਣੇ-ਆਪ ਹੀ ਹਟ ਜਾਂਦੀ ਹੈ। ਝੁੰਜਲਾਹਟ ਨਹੀਂ ਰਹਿੰਦੀ, ਸਾਰੇ ਸੈਲ ਮਜ਼ਬੂਤ ਹੋ ਜਾਂਦੇ ਨੇ।

ਸੋ ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਜੇ ਸਾਰੀਆਂ ਬੀਮਾਰੀਆਂ ਦਾ ਕੋਈ ਇਲਾਜ ਹੈ ਤਾਂ ਉਹ ਨਾਮ ਹੈ ਵਾਹਿਗੁਰੂ ਦਾ।"

ਅਸੀਂ ਸਵਾਲ ਕਰਦੇ ਹਾਂ ਕਿ ਇਹ ਨਾਮ ਮਿਲਦਾ ਕਿਥੋਂ ਹੈ? ਬਾਹਰੋਂ ਵੀ ਕੋਈ ਤਰੀਕਾ ਹੈ? ਮਹਾਰਾਜ ਜੀ ਕਹਿੰਦੇ ਕਿ ਹਾਂ! ਬਾਹਰੋਂ ਵੀ ਹੈ ਪਰ ਨਾਮ ਅੰਮ੍ਰਿਤ ਹੈ, ਬਾਹਰੋਂ ਗੁਰਮੰਤਰ ਮਿਲਦਾ ਹੈ –

ਜਿਸੁ ਵਖਰ ਕਉ ਲੈਨਿ ਤੂ ਆਇਆ॥
ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥ ਪੰਨਾ – 283

ਉਥੇ ਅਭਿਮਾਨ ਛੱਡ ਦੇ ਤਾਂ ਮਿਲਦਾ ਹੈ ਕਿਉਂਕਿ ਉਸ

ਦਾ ਮੁੱਲ ਦੇਣਾ ਪੈਂਦਾ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥
ਪੰਨਾ - 1102

ਜੇ "ਮੈ" ਬਣ ਕੇ ਆਉਣਾ ਹੈ ਤਾਂ ਕੋਈ ਫਾਇਦਾ ਨਹੀਂ ਹੋਇਆ ਕਰਦਾ, ਫੇਰ 'ਮੈਂ' ਹੀ ਪੱਲੇ ਰਹਿ ਜਾਇਆ ਕਰਦੀ ਹੈ, ਅਭਿਮਾਨ ਤਜ -

ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥ ਪੰਨਾ - 283

ਫੇਰ ਹਿਰਦੇ ਵਿਚ ਤੋਲ, ਜੇ ਨਹੀਂ ਪਤਾ ਤਾਂ ਪੁਛ ਲੈ ਕਿਸੇ ਜਾਣਕਾਰ ਨੂੰ ਕਿ ਕਿਸ ਤਰ੍ਹਾਂ ਰਾਮ-ਨਾਮ ਤੋਲੀਦਾ ਹੈ-

ਲਾਦਿ ਖੇਪ ਸੰਤਹ ਸੰਗਿ ਚਾਲੁ॥ ਪੰਨਾ - 283

ਫੇਰ ਸਤਿਸੰਗ ਦੇ ਵਿਚ ਆ, ਘੌਲ ਨਾ ਕਰ ਕਿ ਅੱਜ ਨਹੀਂ ਮੈਥੋਂ ਜਾ ਹੁੰਦਾ; ਘਾਟਾ ਪੈ ਜਾਏਗਾ ਬੜਾ ਜ਼ਬਰਦਸਤ, ਜਿਹੜਾ ਫੇਰ ਪੂਰਾ ਨਹੀਂ ਹੋਣਾ। ਸੋ ਸੰਤਾਂ ਦੀ ਸੰਗਤ ਵਿਚ ਰਹਿ, ਸਾਧ-ਸੰਗਤ ਵਿਚ ਰਹਿ -

ਅਵਰ ਤਿਆਗਿ ਬਿਖਿਆ ਜੰਜਾਲ॥ ਪੰਨਾ - 283

ਜਿਹੜੇ ਮਾਇਆ ਦੇ ਜ਼ਹਿਰੀਲੇ ਜੰਜਾਲ ਤੈਨੂੰ ਪਏ ਹੋਏ ਨੇ ਉਹ ਛੱਡ ਦੇ -

ਧੰਨਿ ਧੰਨਿ ਕਹੈ ਸਭੁ ਕੋਇ॥ ਪੰਨਾ - 283

ਫੇਰ ਜਦੋਂ ਏਸ ਨਾਮ ਪਦਾਰਥ ਦੇ ਨਾਲ ਭਰ ਲਈ ਨਾ ਖੇਪ, ਅਤੇ ਅਟੈਚੀ ਭਰ ਲਏ ਸੱਚੇ ਨਾਮ ਨਾਲ ਫੇਰ ਸਾਰੇ ਧੰਨ ਧੰਨ ਕਹਿਣਗੇ -

ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283

ਦਰਗਾਹ 'ਚ ਮੁਖ ਉਜਲਾ ਹੋ ਜਾਏਗਾ।

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠ ਆਦਰ ਸੁਭ ਦੇਊ॥ ਪੰਨਾ - 252

ਕਿਉਂਕਿ ਨਾਮ ਦੀਆਂ ਖੇਪਾਂ ਭਰੀ ਧਨੀ ਜਾ ਰਿਹਾ ਹੈ। ਮਹਾਰਾਜ ਜੀ ਨੇ ਧਨੀ ਪੈਸੇ ਵਾਲੇ ਨੂੰ ਨਹੀਂ ਮੰਨਿਆ, ਜਾਇਦਾਦ ਵਾਲੇ ਨੂੰ ਨਹੀਂ ਮੰਨਿਆ। ਮਹਾਰਾਜ ਜੀ ਕਹਿੰਦੇ-

ਭਾਗਠੜੇ ਹਰਿ ਸੰਤ ਤੁਮ੍ਰੇ ਜਿਨ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥
ਪੰਨਾ - 749

ਨਾਮ ਤੋਂ ਹੀਣੇ ਕੰਗਾਲ ਹਨ ਅਤੇ ਪਰਵਾਨ ਹੀ ਨਹੀਂ ਹਨ ਇਹ ਤਾਂ ਖੋਟੇ ਸਿੱਕੇ ਤੁਰੇ ਫਿਰਦੇ ਨੇ, ਪਰਵਾਣ ਓਹੀ ਨੇ ਜਿਨ੍ਹਾਂ ਨੇ ਪ੍ਰਮੇਸ਼ਰ ਦੇ ਨਾਮ ਦਾ ਧਨ ਖਟ ਲਿਆ। ਜਦੋਂ ਉਹ ਸੱਚੀ ਦਰਗਾਹ ਵਿਚ, ਸਰੀਰ ਛੱਡਣ ਉਪਰੰਤ, ਜਾਂਦੇ ਨੇ ਉਨ੍ਹਾਂ ਨੂੰ ਕੋਈ ਅਰੇ-ਅਰੇ ਨਹੀਂ ਕਰਦਾ, ਸਭ ਆਦਰ ਦਿੰਦੇ ਨੇ - ਧਰਮਰਾਜਾ ਵੀ ਕਹਿੰਦਾ ਹੈ ਕਿ ਆਓ ਮਹਾਰਾਜ! ਸਾਡਾ ਭਵਨ ਪਵਿੱਤਰ ਕਰੋ। ਨਾਮ ਦਾ ਧਨ ਖੱਟਣ ਵਾਲਿਆਂ ਨੂੰ ਤਾਂ ਕਹਿਣਾ ਹੀ ਹੈ, ਜਿਹੜੇ ਉਨ੍ਹਾਂ ਦੀ ਸੰਗਤ ਕਰਦੇ ਨੇ, ਉਨ੍ਹਾਂ ਦਾ ਵੀ ਆਦਰ ਧਰਮਰਾਜਾ ਕਰਦਾ ਹੈ।

ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,
ਸਾਧੂਆਂ ਦੇ ਸੰਗੀਆਂ ਦੀ -2, 2.
ਮੇਰੇ ਪਿਆਰੇ ਸਾਧੂਆਂ ਦੇ ਸੰਗੀਆਂ ਦੀ-2, 2.
ਧਰਮਰਾਜਾ ਵੀ ਕਰੇਗਾ ਸੇਵਾ, ... - 2.

ਸਾਧਸੰਗਿ ਧਰਮ ਰਾਇ ਕਰੇ ਸੇਵਾ॥
ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ - 271

ਬੰਦਗੀ ਕਰਨ ਵਾਲੇ ਨੇ, ਆਪ ਤਾਂ ਆਦਰ ਪਾਉਣਾ ਹੀ ਹੈ, ਉਸ ਦੀ ਆਪਣੀ ਤਾਂ ਜੈ-ਜੈਕਾਰ ਹੋਣੀ ਹੀ ਹੈ, ਜਿਹੜੇ ਉਨ੍ਹਾਂ ਦੀ ਸੰਗਤ ਵੀ ਕਰਦੇ ਨੇ ਉਨ੍ਹਾਂ ਦੀ ਵੀ ਸੇਵਾ ਧਰਮਰਾਇ ਕਰਦਾ ਹੈ। ਨਾਮ ਦਾ ਧਨ ਐਡਾ ਵੱਡਾ ਬਣਾ ਦਿੰਦਾ ਹੈ ਉਹ ਬਾਦਸ਼ਾਹਾਂ ਦਾ ਵੀ ਪਾਤਸ਼ਾਹ ਬਣ ਜਾਂਦਾ ਹੈ। ਉਸਦਾ ਕਿਹਾ ਦਰਗਾਹ ਵਿਚ ਮੰਨਿਆ ਜਾਂਦਾ ਹੈ। ਪਉਣ ਪਾਣੀ ਸਭ ਦੇਵਤੇ ਉਸਦਾ ਹੁਕਮ ਮੰਨਦੇ ਹਨ। ਸੋ ਇਸ ਕਰਕੇ

ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਆਦਮੀ ਦੇ ਅੰਦਰ ਨਾਮ ਦੀ ਅਉਖਧ ਰੱਖੀ ਹੋਈ ਹੈ, ਦਵਾਈ ਸੰਭਾਲ ਕੇ ਰੱਖੀ ਹੋਈ ਹੈ। ਪਰ ਪੂਰੇ ਗੁਰੂ ਤੋਂ ਬਿਨਾਂ ਇਸ ਦੀ ਬਿਧ ਨਹੀਂ ਬਣਦੀ।"

ਗੁਰਿ ਪੂਰੈ ਸੰਜਮੁ ਕਰਿ ਦੀਆ॥ ਪੰਨਾ - 259

ਜਦੋਂ ਸਮਰੱਥ ਗੁਰੂ ਸੰਜਮ ਕਰਕੇ 'ਅੰਮ੍ਰਿਤ ਨਾਮ' ਦੇ ਦਿੰਦੇ ਨੇ ਉਸ ਵੇਲੇ ਰੋਗ ਸਰੀਰ ਦੇ ਵਿਚ ਰਿਹਾ ਹੀ ਨਹੀਂ ਕਰਦਾ, ਖਤਮ ਹੋ ਜਾਂਦਾ ਹੈ।

ਸੋ ਵੈਦ ਨੇ ਬੇਨਤੀ ਕੀਤੀ, "ਪਾਤਸ਼ਾਹ! ਮੇਰੇ ਤੇ ਵੀ ਕਿਰਪਾ ਕਰੋ, ਮੈਨੂੰ ਵੀ ਉਹ ਦਵਾਈ ਦੇ ਦਿਓ।

ਗੁਰੂ ਨਾਨਕ ਦੇਵ ਜੀ ਜਿਸ ਨੂੰ ਵੀ ਮਿਲੇ, ਉਸ ਨੂੰ ਸਿਰੇ ਲਾਇਆ ਹੈ ਵਿਚਾਲੇ ਨਹੀਂ ਛੱਡਿਆ। ਵੈਦ ਜੀ ਨੂੰ ਨਾਮ ਦੀ ਦਾਤ ਬਖਸ਼ ਦਿਤੀ।

ਸੋ ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਕਿੰਨਾ-ਕੁ ਗੁਰੂ ਨਾਨਕ ਪਾਤਸ਼ਾਹ ਬਾਰੇ ਸੁਣਾਈ ਜਾਈਏ ਤੁਹਾਨੂੰ, ਜਿੰਨੀ ਉਸਤਤ ਕਰੀ ਜਾਈਏ ਓਨੀ ਹੋਰ ਵਧਦੀ ਜਾਂਦੀ ਹੈ। ਧਿਆਨ ਨਾਲ ਸੁਣੋ, ਆਪ ਜੀ ਇਕ ਦਿਨ ਆਰਾਮ ਨਾਲ ਪਲੰਘ ਤੇ ਘਰ ਹੀ ਪਏ ਸੀ। ਮਾਤਾ ਜੀ ਨੇ ਦਾਸੀ ਨੂੰ ਕਿਹਾ ਤੂੰ ਨਾਨਕ ਜੀ ਨੂੰ ਬੁਲਾ ਲਿਆ ਤੇ ਮੈਂ ਪ੍ਰਸ਼ਾਦਾ ਤਿਆਰ ਕਰਿਆ ਹੋਇਆ ਹੈ, ਠੰਡਾ ਨਾ ਹੋ ਜਾਵੇ, ਜਾਹ ਜਗਾ ਲਿਆ, ਓਹ ਅੰਦਰ ਪਏ ਨੇ। ਮਾਤਾ ਨੂੰ ਤਾਂ ਸੁੱਤੇ ਹੀ ਨਜ਼ਰ ਆਉਂਦੇ ਸੀ, ਅੱਖਾਂ ਵਾਲਿਆਂ ਨੂੰ ਨਹੀਂ ਸੀ ਸੁੱਤੇ ਨਜ਼ਰ ਆਉਂਦੇ। ਸਚਮੁਚ ਹੀ ਤੁਲਸਾਂ ਦਾਸੀ ਸ਼ਰਧਾ ਰੱਖਦੀ ਸੀ ਕਿਉਂਕਿ ਇਸ ਨੂੰ ਬਹੁਤੀ ਸੰਗਤ ਬੇਬੇ ਨਾਨਕੀ ਦੀ ਪ੍ਰਾਪਤ ਸੀ ਜਿਹੜੀ ਹਰ ਵਕਤ ਸੁਣਾਈ ਜਾਂਦੀ ਸੀ ਕਿ ਵੀਰ ਜੀ ਤਾਂ ਪ੍ਰਮੇਸ਼ਰ ਦਾ ਹੀ ਸਰੂਪ ਨੇ, ਇਹ ਤਾਂ ਸਾਰੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਨੇ।

ਸੋ ਜਦੋਂ ਤੁਲਸਾਂ ਅੰਦਰ ਗਈ ਤਾਂ ਖਿਆਲ ਆਇਆ ਕਿ ਮਹਾਂਪੁਰਸ਼ਾਂ ਨੂੰ ਆਵਾਜ਼ ਨਹੀਂ ਮਾਰਨੀ ਚਾਹੀਦੀ। ਇਸ ਦਾ ਕਾਰਨ ਹੁੰਦਾ ਹੈ ਸਾਧ-ਸੰਗਤ ਜੀ! ਉਹ ਇਹ ਹੈ ਕਿ ਜਿਹੜੇ ਪੂਰਨ ਮਹਾਤਮਾ ਨੇ, ਜਦੋਂ ਉਹ ਸੰਸਾਰ ਨੂੰ ਸੁੱਤੇ ਲਗਦੇ ਨੇ, ਉਸ ਵੇਲੇ ਉਹ ਸਰੀਰ ਵਿਚ ਨਹੀਂ ਹੋਇਆ ਕਰਦੇ। ਇਕ ਵਾਰੀ ਇਹ ਗੱਲ ਮੈਨੂੰ ਵੱਡੇ ਮਹਾਰਾਜ ਜੀ ਨੇ ਦੱਸੀ ਸੀ। ਕੋਈ ਗੱਲ ਚੱਲ ਪਈ ਸੀ, ਪ੍ਰਸੰਗ ਦੇ ਉਤੇ ਗੱਲ ਆ ਗਈ, ਆਪ ਦੇ ਨਾਲ ਹੀ।

ਸੰਤ ਮਹਾਰਾਜ ਜੀ ਕਹਿਣ ਲੱਗੇ, "ਅਸੀਂ ਰਾਤ ਨੂੰ ਸੌਂਦੇ ਨਹੀਂ ਹੁੰਦੇ।"

ਮੈਂ ਕਿਹਾ, "ਮਹਾਰਾਜ! ਪਏ ਤਾਂ ਹੁੰਦੇ ਹੋ?"

ਕਹਿੰਦੇ, "ਸਰੀਰ ਪਿਆ ਹੁੰਦਾ ਹੈ। ਅਸੀਂ ਨਹੀਂ ਹੁੰਦੇ ਵਿਚ।"

ਮੈਂ ਹਿੰਮਤ ਕਰੀ, ਮੈਂ ਕਿਹਾ, "ਮਹਾਰਾਜ! ਫੇਰ ਕਿਤੇ ਚਲੇ ਜਾਂਦੇ ਹੋ?"

ਕਹਿੰਦੇ, "ਹਾਂ! ਫੇਰ ਅਸੀਂ ਉਨ੍ਹਾਂ ਪ੍ਰੇਮੀਆਂ ਨੂੰ ਮਿਲਦੇ ਹਾਂ ਜਿਹੜੇ ਸਾਨੂੰ ਯਾਦ ਕਰਦੇ ਨੇ, ਕਿਸੇ ਨੂੰ ਸੁਪਨੇ ਵਿਚ, ਕਿਸੇ ਦਾ ਕੋਈ ਕੰਮ ਕਰਦੇ ਹਾਂ। ਕੋਈ ਪਹਾੜਾਂ ਤੇ ਬੈਠਾ ਹੈ ਫੌਜੀ, ਉਹ ਅਰਾਧਨਾ ਕਰ ਰਿਹਾ ਹੈ, ਕੋਈ ਦੂਰ ਦੇਸਾਂ-ਪ੍ਰਦੇਸ਼ਾਂ ਵਿਚ ਬੈਠਾ ਹੈ। ਇਸ ਸਮੇਂ ਸਾਨੂੰ ਕਿਸੇ ਪਾਸਪੋਰਟਾਂ ਦੀ ਲੋੜ ਨਹੀਂ ਹੁੰਦੀ, ਸੂਖਮ ਸਰੀਰ ਨਾਲ ਹੀ ਅਸੀਂ ਕੰਮ ਕਰਦੇ ਹਾਂ, ਸਗੋਂ ਬਹੁਤਾ ਕੰਮ ਕਰਦੇ ਹਾਂ ਅਸੀਂ। ਸਰੀਰਕ ਰੂਪ ਵਿਚ ਤਾਂ ਆਹ ਸਾਢੇ ਤਿੰਨ ਹੱਥ ਦੇ ਸਰੀਰਕ ਢਾਂਚੇ ਜਿਹੇ ਨੂੰ ਨਾਲ ਲੈ ਜਾਣਾ ਪੈਂਦਾ ਹੈ। ਸੂਖਮ ਸਰੀਰ ਨਾਲ ਚੁਟਕੀ ਦੇ ਵਿਚ ਜਿਥੇ ਜੀਅ ਕਰਦਾ ਹੈ ਚਲੇ ਜਾਈਦੈ।"

ਮੈਂ ਕਿਹਾ, "ਮਹਾਰਾਜ! ਫੇਰ ਸਰੀਰ ਕਿਵੇਂ ਕਾਇਮ ਰਹਿੰਦਾ ਹੈ?"

ਕਹਿੰਦੇ, ਇਕ silver cod (ਇਕ ਚਾਨਣੀ ਤਾਰ ਹੁੰਦੀ ਹੈ, ਜਦੋਂ ਮਹਾਂਪੁਰਸ਼ ਸਰੀਰ ਤੋਂ ਬਾਹਰ ਹੁੰਦੇ ਹਨ ਤਾਂ silver cod ਨਾਲ ਰੂਹ ਦਾ ਸਬੰਧ ਜੁੜਿਆ ਰਹਿੰਦਾ ਹੈ) ਸਰੀਰ ਦੇ ਨਾਲ ਜੁੜੀ ਰਹਿੰਦੀ ਹੈ, ਜਿੰਨੀ ਦੂਰ ਜਾਂਦੇ ਹਾਂ, ਉਹ ਓਨੀ ਹੀ ਵਧ ਜਾਂਦੀ ਹੈ, ਸਕਿੰਟਾਂ ਵਿਚ ਹੀ ਵਧ-ਘਟ ਜਾਂਦੀ ਹੈ। ਜਿੰਨੇ ਬ੍ਰਹਿਮੰਡਾਂ ਵਿਚ ਜਾਓ ਓਨਾਂ ਹੀ ਵਧ ਜਾਂਦੀ ਹੈ।"

ਇਸੇ ਕਰਕੇ ਸਾਰੇ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਉਨ੍ਹਾਂ ਨੂੰ ਐਵੇਂ ਹੀ ਇਕ ਦਮ ਨਾ ਜਗਾਓ, ਬੜੇ ਅਰਾਮ ਦੇ ਨਾਲ ਹੌਲੀ-ਹੌਲੀ ਕੋਈ ਖੜਕਾ ਕਰੋ ਜਿਸ ਦੇ ਕਰਕੇ ਉਹ ਸਰੀਰ ਵਿਚ ਵਾਪਸ ਆ ਜਾਣ। ਉਡਦੇ ਤਾਂ ਅਸੀਂ ਵੀ ਹਾਂ ਪਰ ਸਾਨੂੰ ਸੂਖਮ ਸਰੀਰ ਨਾਲ ਉਡਣਾ ਨਹੀਂ ਆਉਂਦਾ, ਖਿਆਲ ਦੇ ਨਾਲ ਉਡਦੇ ਹਾਂ, ਸੂਖਮ ਸਰੀਰ ਨਹੀਂ ਸਾਡਾ ਸਥੂਲ ਸਰੀਰ ਵਿਚੋਂ, ਵਖਰਾ ਨਹੀਂ ਹੁੰਦਾ ਪਰ ਅਸੀਂ ਸੁਤੇ ਹੋਏ ਖਿਆਲ ਰਾਹੀਂ ਨਿਕਲ ਜਾਂਦੇ ਹਾਂ, ਅਸੀਂ ਸੁਪਨਾ ਦੇਖਦੇ ਹਾਂ, ਹੁੰਦੇ ਸਰੀਰ ਦੇ ਵਿਚ ਹੀ ਹਾਂ। ਐਨਾ ਸਾਡਾ ਤੇ ਮਹਾਂਪੁਰਖਾਂ ਦਾ ਫਰਕ ਹੈ।

ਸੋ ਉਥੇ ਤੁਲਸਾਂ ਨੇ ਆ ਕੇ ਦੇਖਿਆ ਦੇਖ ਕੇ ਆਪ ਨੇ ਕੋਈ ਗੱਲ ਨਹੀਂ ਕੀਤੀ, ਸਿਰਫ ਆਪਣਾ ਮਸਤਕ ਮਹਾਰਾਜ ਜੀ ਦੇ ਚਰਨਾਂ ਦੇ ਅੰਗੂਠੇ ਨਾਲ ਲਾ ਦਿਤਾ। ਅੰਗੂਠਾ ਮਸਤਕ ਦੇ ਨਾਲ ਛੋਹਣ ਦੀ ਦੇਰ ਸੀ ਇਕ-ਦਮ ਤੜਕ ਦੇ ਕੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ, ਬੱਜਰ ਕਪਾਟ ਖੁਲ੍ਹ ਗਏ, ਤ੍ਰਿਭਵਣ ਦੀ ਸੋਝੀ ਹੋ ਗਈ। ਸਾਰੀ ਗੁਪਤ ਦੁਨੀਆਂ ਦੇਖ ਰਹੀ ਹੈ। ਗੁਰੂ ਨਾਨਕ ਜੀ ਨੂੰ ਦੇਖ ਰਹੀ ਹੈ। ਇਕ ਸਿਖ ਅਰਦਾਸ ਕਰ ਰਿਹਾ ਹੈ ਭਾਈ ਮਨਸੁਖ, ਲੰਕਾ ਨੂੰ ਸਮਾਨ ਲੈ ਕੇ ਜਾ ਰਿਹਾ ਹੈ, ਜਹਾਜ਼ ਵਿਚ। ਜਹਾਜ਼ ਡੋਲ ਰਿਹਾ ਹੈ, ਸਮੁੰਦਰ ਵਿਚ ਇਹੋ ਜਿਹੇ ਵਰੋਲੇ ਨੇ ਘੇਰਿਆ। ਉਸ ਵੇਲੇ ਮਲਾਹ ਕਹਿੰਦੇ ਨੇ ਕਿ ਅਸੀਂ ਆਪਣਾ ਜ਼ੋਰ ਲਾ ਰਹੇ ਹਾਂ ਪਰ ਸਾਨੂੰ ਜਹਾਜ਼ ਦੇ ਬਚਣ ਦਾ ਕੋਈ ਭਰੋਸਾ ਨਹੀਂ। ਹੁਣ ਤੁਸੀਂ ਆਪਣੇ ਪੀਰਾਂ-ਫਕੀਰਾਂ ਨੂੰ ਧਿਆਨ ਵਿਚ ਲਿਆਓ। ਜਹਾਜ਼ ਵਿਚ ਮਨਸੁਖ ਦਾ ਸਮਾਨ ਜ਼ਿਆਦਾ ਭਰਿਆ ਹੋਇਆ ਸੀ। ਆਪ ਇਕਾਗਰ ਚਿਤ ਹੋ ਕੇ ਉਸ ਵੇਲੇ -

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥
ਪੰਨਾ - 750

ਉਨ੍ਹਾਂ ਦੇ ਅੱਗੇ ਅਰਦਾਸ ਕਰਦੇ ਨੇ, ਹੇ ਪ੍ਰਭੂ! ਆਪ

ਦਾ ਆਸਰਾ ਲੈ ਕੇ ਚੱਲਿਆ ਸੀ ਤੇ ਹੁਣ ਬੜਾ ਭਾਰੀ ਸੰਕਟ ਆ ਗਿਆ ਤੇ ਹੁਣ ਸਹਾਇਤਾ ਕਰਨ ਵਾਲਾ ਕੋਈ ਨਹੀਂ। ਮੈਂ ਕਿਸੇ ਖਵਾਜ਼ਾ ਖਿਜ਼ਰ ਨੂੰ ਨਹੀਂ ਮੰਨਣਾ ਪਾਤਸ਼ਾਹ! ਹੋਰ ਸਾਰਿਆਂ ਦਾ ਤਾਂ ਕਿਸੇ ਦਾ ਕੋਈ ਹੈ ਤੇ ਕਿਸੇ ਦਾ ਕੋਈ, ਮੇਰਾ ਤਾਂ ਤੂੰ ਹੀ ਹੈਂ ਪਾਤਸ਼ਾਹ।

ਤੁਲਸਾਂ ਦਾਸੀ ਦੇਖ ਰਹੀ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਜਹਾਜ਼ ਨੂੰ ਥੰਮ੍ਹ ਕੇ ਕੱਢ ਰਹੇ ਨੇ। ਚੁੱਪ ਕਰਕੇ ਵਾਪਸ ਮੁੜ ਗਈ ਕਿ ਜੇ ਮੈਂ ਹੁਣ ਜਗਾ ਲਿਆ ਤਾਂ ਜਹਾਜ਼ ਡੁੱਬ ਜਾਏਗਾ। ਵਾਪਸ ਆ ਗਈ, ਮਾਤਾ ਜੀ ਕਹਿੰਦੇ, "ਤੂੰ ਜਗਾ ਕੇ ਨਹੀਂ ਆਈ, ਪ੍ਰਸ਼ਾਦਾ ਠੰਡਾ ਹੋ ਰਿਹਾ ਹੈ।"

ਕਹਿੰਦੀ, "ਮਾਤਾ ਜੀ! ਉਹ ਤਾਂ ਇਥੇ ਨਹੀਂ ਹਨ, ਉਹ ਤਾਂ ਆਪਣੇ ਕਿਸੇ ਗੁਰਸਿਖ ਦਾ ਜਹਾਜ਼ ਬੰਨੇ ਲਾ ਰਹੇ ਨੇ, ਜੋ ਡੁੱਬ ਰਿਹਾ ਹੈ। ਥੋੜ੍ਹੀ ਦੇਰ ਠਹਿਰੋ ਉਹ ਆਪੇ ਆ ਜਾਣਗੇ।"

ਮਾਤਾ ਜੀ ਕਹਿੰਦੇ, "ਤੇਰੀ ਇਹ ਹਿੰਮਤ! ਘਰ ਦੀ ਦਾਸੀ ਹੋ ਕੇ ਤੂੰ ਵੀ ਲੋਕਾਂ ਵਾਂਗ ਗੱਲਾਂ ਕਰਨ ਲੱਗ ਗਈ, ਲੋਕਾਂ ਨੇ ਤਾਂ ਕਹਿਣੀਆਂ ਹੀ ਨੇ ਤੂੰ ਵੀ ਕਹਿਣ ਲੱਗ ਗਈ? ਨਾਰਾਜ਼ ਹੋ ਗਏ ਮਾਤਾ ਜੀ। ਜਾ ਕੇ ਉਚੀ-ਉਚੀ ਆਵਾਜ਼ਾਂ ਮਾਰਨ ਲੱਗ ਗਏ। ਮਹਾਰਾਜ ਜੀ ਸਾਵਧਾਨ ਹੋ ਗਏ।

ਕਹਿੰਦੀ, "ਪੁੱਤਰ! ਅੱਗੇ ਤਾਂ ਲੋਕ ਹੀ ਕਹਿੰਦੇ ਸੀ ਤੇ ਹੁਣ ਘਰ ਦੇ ਦਾਸ ਵੀ ਕਹਿਣ ਲੱਗ ਗਏ।"

ਮਹਾਰਾਜ ਜੀ ਕਹਿੰਦੇ, "ਕੀ ਕਹਿੰਦੇ ਨੇ ਦਾਸ? ਕਿਸਨੇ ਤੁਹਾਨੂੰ ਸਤਾਇਆ ਹੈ?"

"ਆਹ ਜਿਹੜੀ ਖੜ੍ਹੀ ਹੈ-ਤੁਲਸਾਂ! ਮੈਂ ਇਸ ਨੂੰ ਕਿਹਾ ਸੀ ਕਿ ਜਗਾ ਲਿਆ, ਪ੍ਰਸ਼ਾਦਾ ਛਕ ਲੈਣ। ਮੈਨੂੰ ਹੋਰ ਹੀ ਸੁਣਾਉਂਦੀ ਹੈ ਕਿ ਉਹ ਤਾਂ ਕਿਸੇ ਸਿੱਖ ਦਾ ਜਿਸ ਦਾ ਨਾਂ ਮਨਸੁਖ ਹੈ, ਜਹਾਜ਼ ਕੱਢ ਰਹੇ ਨੇ।"

ਹੁਣ ਗੱਲ ਤਾਂ ਸਹੀ ਸੀ। ਮਹਾਰਾਜ ਜੀ ਨੇ ਸੋਚਿਆ ਕਿ ਜਰ ਨਾ ਸਕੀ ਤੇ ਕਹਿੰਦੇ, "ਇਹ ਤਾਂ ਝੱਲੀ ਹੈ, ਇਸਦਾ ਕੀ ਹੈ?"

ਉਹ ਉਸ ਵੇਲੇ ਮਸਤਾਨੀ ਹੋ ਗਈ।

ਐਨੇ ਨੂੰ ਬੇਬੇ ਜੀ ਆ ਗਏ, ਕਹਿਣ ਲੱਗੇ, "ਵੀਰ ਜੀ! ਤਰਸ ਕਰੋ ਏਸ ਉਤੇ।"

ਮਹਾਰਾਜ ਜੀ ਕਹਿੰਦੇ, "ਬੇਬੇ! ਦੁਨੀਆਂ ਵਲੋਂ ਅਣਜਾਣ ਰਹੇਗੀ, ਪ੍ਰਮੇਸ਼ਰ ਵਲੋਂ ਬਿਲਕੁਲ ਸੁਰਤ ਵਿਚ ਰਹੇਗੀ, ਕਿਰਿਆ ਸਾਧੇਗੀ, ਅਜਰ ਨੂੰ ਜਰੇਗੀ। ਤਾਕਤ ਹੁੰਦੀ ਹੋਈ ਅੰਦਰ ਜਰ ਜਾਏਗੀ।"

ਸੋ ਕਹਿਣ ਲੱਗੇ ਕਿ ਚਰਨ ਮਸਤਕ ਨੂੰ ਛੋਹਣ ਦੇ ਨਾਲ ਹੀ ਕਿੱਡਾ ਵੱਡਾ ਪ੍ਰਕਾਸ਼ ਹੋ ਗਿਆ, ਕਿਡੇ ਵੱਡੇ ਸਤਿਗੁਰੂ ਨਾਨਕ ਪਾਤਸ਼ਾਹ ਨੇ ਕਿ ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾਂਦੀ।

ਭਾਈ ਲਹਿਣਾ ਜੀ ਕਹਿਣ ਲੱਗੇ, "ਤੁਸੀਂ ਕਿਰਪਾ ਕਰਕੇ ਮੈਨੂੰ ਇਹ ਦੱਸ ਸਕਦੇ ਹੋ ਕਿ ਕਿਹੜੀ ਸੰਪਰਦਾ ਵਿਚੋਂ ਨੇ ਗੁਰੂ ਪਾਤਸ਼ਾਹ। ਕਿਉਂਕਿ ਸੰਪਰਦਾ ਨੂੰ ਦੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਵੈਰਾਗੀ ਸੰਪਰਦਾ ਦੇ ਨੇ ਜਾਂ ਕਿਸੇ ਸੰਨਿਆਸੀ ਸੰਪਰਦਾ ਨਾਲ ਸਬੰਧ ਰਖਦੇ ਨੇ ਜਾਂ ਕਿਸੇ ਹੋਰ ਸੰਪਰਦਾ ਦੇ ਨਾਲ ਨੇ ਤੇ ਇਨ੍ਹਾਂ ਦੇ ਗੁਰੂ ਦਾ ਨਾਉਂ ਕੀ ਹੈ?"

ਆਪ ਕਹਿਣ ਲੱਗੇ, "ਲਹਿਣਾ ਜੀ! ਵਿਸ਼ਵਾਸ ਕਰੋ ਕਿ ਗੁਰੂ ਨਾਨਕ ਦੇਵ ਜੀ ਆਪ ਹੀ ਗੁਰੂ ਪ੍ਰਮੇਸ਼ਰ ਹਨ ਪਰ ਫੇਰ ਵੀ ਆਪਣੇ ਗੁਰੂ ਦਾ ਪਤਾ ਵੀ ਦਿਤਾ ਹੈ ਗੁਰਬਾਣੀ ਦੇ ਅੰਦਰ ਅਤੇ ਕਿਹਾ ਹੈ -

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ॥ ਪੰਨਾ - 599

ਸੋ ਮਹਾਰਾਜ ਜੀ ਕਹਿੰਦੇ ਸਾਨੂੰ ਤਾਂ ਆਪ ਨਿਰੰਕਾਰ ਗੁਰੂ ਮਿਲਿਆ ਹੈ ਭਾਈ! ਪਰ ਆਪ ਵੀ ਨਿਰੰਕਾਰ ਦਾ ਸਰੂਪ ਨੇ। ਆਪ ਇਸ ਧਰਤੀ ਉਤੇ ਸਰੀਰ ਧਾਰਨ ਕਰਕੇ ਵੀ ਕੰਮ ਕਰ ਰਹੇ ਨੇ ਤੇ ਆਪ ਹੀ ਦਰਗਾਹ ਦੇ ਵਿਚ ਨਿਰੰਕਾਰ ਰੂਪ ਹੋ ਕੇ ਬਿਰਾਜਮਾਨ ਹਨ। ਆਪ ਹੀ ਸਿੱਖ ਬਣੇ ਹੋਏ ਨੇ ਤੇ ਆਪ ਹੀ ਗੁਰੂ ਬਣੇ ਹੋਏ ਨੇ।"

ਕਹਿਣ ਲੱਗੇ, "ਕਿਸ ਤਰ੍ਹਾਂ?"

ਭਾਈ ਜੋਧ ਕਹਿਣ ਲੱਗਿਆ, "ਮੈਂ ਤੁਹਾਨੂੰ ਦਸਦਾ ਹਾਂ, ਧਿਆਨ ਨਾਲ ਸੁਣਿਓ। ਜਦੋਂ ਆਪ ਮੋਦੀਖਾਨੇ ਦਾ ਕੰਮ ਕਰ ਰਹੇ ਸੀ ਸੁਲਤਾਨਪੁਰ, ਉਸ ਵੇਲੇ ਬਿਲਕੁਲ ਸੰਸਾਰੀ ਲਗਦੇ ਸੀ। ਸੰਸਾਰੀਆਂ ਵਾਂਗੂ ਮੋਦੀਖਾਨੇ ਅਧੀਨ ਵਸਤੂਆਂ ਦਾ ਹਿਸਾਬ-ਕਿਤਾਬ ਰੱਖਦੇ, ਚੀਜ਼ਾਂ ਦਿੰਦੇ-ਲੈਂਦੇ ਸੀ।

ਉਨ੍ਹਾਂ ਦਿਨਾਂ ਦੇ ਅੰਦਰ ਅੱਠ ਵਜ਼ੀਰ ਹੋਇਆ ਕਰਦੇ ਸਨ। ਜਿਹੜਾ ਵੱਡਾ ਵਜ਼ੀਰ ਹੁੰਦਾ ਉਸ ਨੂੰ ਵਜ਼ੀਰ-ਏ-ਆਜ਼ਮ ਕਹਿੰਦੇ ਸਨ, ਜਿਹੜਾ ਖਜ਼ਾਨਾ ਮੰਤਰੀ ਹੁੰਦਾ ਉਸ ਨੂੰ ਦੀਵਾਨ ਕਹਿੰਦੇ ਸਨ, ਰੱਖਿਆ ਮੰਤਰੀ ਨੂੰ ਬਖਸ਼ੀ ਕਿਹਾ ਕਰਦੇ ਸਨ। ਇਸੇ ਤਰ੍ਹਾਂ ਜਿਹੜਾ ਗ੍ਰਹਿ ਮੰਤਰੀ ਹੁੰਦਾ ਉਸ ਨੂੰ ਖਾਨ-ਏ-ਖਾਨਾ ਕਹਿੰਦੇ ਸਨ। ਜਿਹੜਾ ਰਾਸ਼ਨ ਆਦਿ ਨਾਲ ਸਬੰਧਿਤ ਹੁੰਦਾ ਉਸ ਨੂੰ ਮੋਦੀ ਆਖਿਆ ਕਰਦੇ ਸਨ।

"ਭਾਈ ਲਹਿਣਾ ਜੀ, ਆਪ ਮੋਦੀ ਦਾ ਕੰਮ ਕਰ ਰਹੇ ਸੀ ਪਰ ਇਕ ਦਿਨ ਆਪ ਅਚਾਨਕ ਇਸ਼ਨਾਨ ਕਰਨ ਜਾਂਦੇ ਨੇ। ਉਸ ਵੇਲੇ ਆਪ ਜੀ ਦਾਸ ਨੂੰ ਆਪਣੇ ਵਸਤਰ ਫੜਾ ਦਿੰਦੇ ਨੇ ਤੇ ਹਰ ਰੋਜ਼ ਦੇ ਵਾਂਗ ਆਪ ਨੇ ਪਾਣੀ ਵਿਚ ਚੁੱਭੀ ਮਾਰੀ ਤੇ ਪਹਿਲਾਂ ਤਾਂ ਹਰ ਰੋਜ਼ ਪਾਣੀ ਵਿਚੋਂ ਬਾਹਰ ਆ ਜਾਂਦੇ ਸਨ ਤੇ ਅੱਜ ਬਾਹਰ ਨਹੀਂ ਆਏ, ਨਾ ਕੋਈ ਖੜਕਾ ਹੋਇਆ। ਬਾਹਰ ਦਾਸ ਇੰਤਜ਼ਾਰ ਕਰਦਾ ਰਿਹਾ ਕਿ ਹੁਣ ਆਉਂਦੇ ਨੇ, ਹੁਣ ਆਉਂਦੇ ਨੇ। ਖਿਆਲ ਹੋਇਆ ਕਿਤੇ ਪਾਰ ਨਾ ਨਿਕਲ ਗਏ ਹੋਣ। ਫੇਰ ਸੋਚਦਾ ਹੈ ਕਿ ਖੜਕਾ ਨਹੀਂ ਹੋਇਆ, ਅਨੁਮਾਨ ਲਾਉਂਦਾ ਹੈ ਕਿ ਚੁੱਭੀ ਹੀ ਐਡੀ ਮਾਰੀ ਹੋਵੇ ਕਿ ਪਰਲੇ ਕੰਢੇ ਚਲੇ ਗਏ ਹੋਣ। ਦਿਨ ਚੜ੍ਹੇ ਤੱਕ ਉਡੀਕੀ ਗਿਆ। ਜਿੱਧਰ ਨੂੰ ਵੇਈ ਨਦੀ ਦਾ ਪਾਣੀ ਜਾਂਦਾ ਸੀ ਕਦੇ ਉਧਰ

ਨੂੰ ਜਾਂਦਾ ਹੈ ਤੇ ਮੀਲ ਦੋ ਮੀਲ ਓਧਰ ਨੂੰ ਚਲਿਆ ਗਿਆ ਕਿ ਸ਼ਾਇਦ ਤੈਰਦੇ-ਤੈਰਦੇ ਚਲੇ ਗਏ ਹੋਣ। ਜਦੋਂ ਕੁਝ ਵੀ ਸਮਝ ਵਿਚ ਨਾ ਆਇਆ ਤਾਂ ਉਸ ਵੇਲੇ ਰੋਣ ਲੱਗ ਗਿਆ, ਉਚੀ-ਉਚੀ ਰੋਂਦਾ ਹੈ। ਉਸੇ ਤਰ੍ਹਾਂ ਰੋਂਦਾ-ਰੋਂਦਾ ਜਦੋਂ ਉਹ ਸ਼ਹਿਰ ਵਿਚ ਗਿਆ ਤਾਂ ਲੋਕਾਂ ਨੇ ਪੁਛਿਆ ਕਿ ਤੂੰ ਕਿਉਂ ਰੋਂਦਾ ਹੈ?"

ਕਹਿੰਦਾ, "ਨਾਨਕ ਜੀ ਅੱਜ ਵੇਈ ਵਿਚੋਂ ਬਾਹਰ ਨਹੀਂ ਆਏ। ਪਾਨੀ ਵਿਚ ਵੜੇ ਨੇ, ਮੈਨੂੰ ਬਸਤਰ ਫੜਾਏ ਨੇ ਪਰ ਆਪ ਪਾਨੀ ਵਿਚੋਂ ਬਾਹਰ ਨਹੀਂ ਆਏ।"

ਉਸ ਵੇਲੇ ਸਾਰਿਆਂ ਦੀ ਰੁਚੀ ਏਧਰ ਹੋ ਗਈ ਕਿਉਂਕਿ ਆਪ ਦੀ ਮਹਿਮਾ ਬਹੁਤ ਫੈਲੀ ਹੋਈ ਸੀ ਤੇ ਚਲਦੀ-ਚਲਦੀ ਗੱਲ ਨਵਾਬ ਦੌਲਤ ਖਾਂ ਕੋਲ ਪਹੁੰਚ ਗਈ।

ਉਹ ਕਹਿੰਦਾ, "ਗੁਰੂ ਨਾਨਕ! ਗੁਰੂ ਨਾਨਕ (ਪਾਤਸ਼ਾਹ) ਵਰਗਾ ਬੰਦਾ ਤਾਂ ਮੈਂ ਦੇਖਿਆ ਹੀ ਨਹੀਂ। ਉਹ ਤਾਂ ਖੁਦਾ ਦਾ ਨੂਰ ਹੈ ਤੇ ਪੂਰਾ ਈਮਾਨਦਾਰ ਹੈ, ਲੁਟਾਈ ਜਾਂਦਾ ਹੈ ਤੇ ਫੇਰ ਵਾਧਾ ਨਿਕਲਦਾ ਹੈ। ਇਨ੍ਹਾਂ ਤੋਂ ਪਹਿਲੇ ਜਿਹੜੇ ਸਨ ਉਹ ਘਾਟਾ ਪਾਉਂਦੇ ਸਨ ਤੇ ਉਨ੍ਹਾਂ ਤੋਂ ਵਸੂਲੀ ਕਰਨ ਲਈ, ਉਨ੍ਹਾਂ ਨੂੰ 'ਕਾਠ' ਲਾਉਣਾ ਪੈਂਦਾ ਸੀ।' ਕਾਠ ਲਾਉਣਾ ਇਕ ਸਜ਼ਾ ਹੁੰਦੀ ਸੀ। ਪਹੀਏ ਦੇ ਅੰਦਰ ਇਕ ਪੈਰ ਤੇ ਦੂਜੇ ਦੇ ਅੰਦਰ ਦੂਜਾ ਪੈਰ ਫਸਾ ਦਿੰਦੇ ਸਨ। ਇਕ ਪਹੀਆ ਇਕ ਪਾਸੇ ਨੂੰ ਘੁਮਾ ਦਿੰਦੇ ਸਨ ਤੇ ਦੂਜਾ ਦੂਜੇ ਪਾਸੇ ਨੂੰ, ਲੱਤਾਂ ਟੁੱਟਣ ਵਾਲੀਆਂ ਹੋ ਜਾਂਦੀਆਂ ਸਨ।

ਸੋ ਕਹਿਣ ਲੱਗਿਆ ਕਿ ਨਾਨਕ ਜੀ ਤਾਂ ਬਹੁਤ ਚੰਗੇ ਨੇ, ਇਹ ਤਾਂ ਬੜਾ ਮਾੜਾ ਕੰਮ ਹੋਇਆ। ਉਸੇ ਵੇਲੇ ਆ ਕੇ ਵੇਈ ਵਿਚ ਇਧਰ-ਓਧਰ ਲਭਦੇ ਨੇ, ਡੁਬੋਲੀਏ ਤੈਰਾਕ ਵੀ ਲਭਦੇ ਫਿਰਦੇ ਨੇ, ਕਿਤੇ ਪਤਾ ਨਾ ਲੱਗਿਆ, ਜਾਲ ਪਵਾਏ ਤਾਂ ਵੀ ਪਤਾ ਨਾ ਲੱਗਿਆ।

ਸਾਧਸੰਗਤ ਜੀ! ਅੱਜ ਦੇ ਸਾਡੇ ਲਿਖਾਰੀ ਇਹ ਗੱਲ ਕਹਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਵੇਈ ਦੇ ਪਰਲੇ ਪਾਸੇ ਤੈਰ ਕੇ ਨਿਕਲ ਗਏ ਤੇ ਉਥੇ ਕੋਈ ਜੰਗਲ ਹੋਏਗਾ ਤੇ ਉਹ ਉਥੇ ਬਹਿ ਗਏ ਹੋਣਗੇ। ਕਿਉਂਕਿ ਇਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਕੋਈ ਥਹੁ-ਪਤਾ ਨਹੀਂ ਹੈ ਤੇ ਗੁਰੂ ਮਹਾਰਾਜ ਦੀ ਕ੍ਰਿਆ ਨੂੰ ਆਪਣੀ ਅਕਲ ਨਾਲ ਮਾਪਦੇ ਨੇ। ਹੁਣ ਦੱਸੋ ਕਿ ਉਥੇ ਹਨ੍ਹੇਰਾ ਸੀ? ਚਾਰੇ ਪਾਸੇ ਤਲਾਸ਼ ਹੋ ਰਹੀ ਸੀ, ਪੈੜੂਏ ਲੱਗੇ ਹੋਏ ਸਨ, ਕਿਤੇ ਪਾਰ ਨਾ ਨਿਕਲ ਗਏ ਹੋਣ, ਐਨੀ ਉਨ੍ਹਾਂ ਨੂੰ ਸੋਝੀ ਹੀ ਨਾ ਆਈ? ਉਹ ਅਣਜਾਣ ਸਨ ਕਿ ਪਾਣੀ ਵਿਚ ਹੀ ਖੜ੍ਹੇ ਨੇ? ਕਿਸੇ ਨੇ ਤਾਂ ਕਿਹਾ ਹੋਣੈ ਕਿ ਪਾਰ ਦੇਖੋ, ਕਿਤੇ ਪਰਲੇ ਪਾਸੇ ਨਾ ਚਲੇ ਗਏ ਹੋਣ। ਕਿਤੇ ਖੁਰਾ-ਪੈੜ ਨਹੀਂ ਮਿਲਦੀ, ਕੋਈ ਨਿਸ਼ਾਨ ਨਹੀਂ ਮਿਲਦਾ, ਦੂਰ-ਦਰਾਜ ਤੱਕ ਤਲਾਸ਼ ਕਰੀ। ਜਾਲ ਪੁਆਏ ਗਏ ਵੱਡੇ-ਵੱਡੇ ਮੱਛ ਜਾਲ ਵਿਚ ਫਸ ਗਏ, ਕੱਟ ਕੱਟ ਕੇ ਦੇਖੇ ਪਰ ਆਪ ਕਿਤੇ ਨਾ ਮਿਲੇ। ਅਖੀਰ ਸਭ ਨਿਰਾਸ਼ ਹੋ ਗਏ। ਭਾਈਆ ਜੈ ਰਾਮ ਜੀ ਬਹੁਤ ਉਦਾਸ ਨੇ। ਨਵਾਬ ਨੇ ਮੋਦੀਖਾਨੇ ਨੂੰ ਤਾਲਾ ਲਗਵਾ ਦਿਤਾ ਤੇ ਬੜੇ ਅਫਸੋਸ ਵਿਚ ਨੇ। ਇਕ ਬੇਬੇ ਨਾਨਕੀ ਹੈ ਜਿਹੜੀ ਆਪਣੇ ਵਿਸ਼ਵਾਸ ਵਿਚ ਸਲਾਮਤ ਰਹੀ ਤੇ ਕਹਿਣ ਲੱਗੀ, "ਨਾ! ਮੇਰੇ ਵੀਰ ਨੂੰ ਕੋਈ ਦਰਿਆ ਡੋਬ ਨਹੀਂ ਸਕਦਾ, ਕੋਈ ਅੱਗ ਜਲਾ ਨਹੀਂ ਸਕਦੀ, ਕੋਈ ਸਸ਼ਤਰ ਉਨ੍ਹਾਂ ਨੂੰ ਕੱਟ ਨਹੀਂ ਸਕਦਾ ਕਿਉਂਕਿ ਉਸ ਦੇ ਭੈ ਵਿਚ ਸਭ ਕੁਝ ਵਰਤ ਰਿਹਾ ਹੈ।

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰਿਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮੁ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥ ਪੰਨਾ - 464

ਕਹਿੰਦੇ, ਜਦੋਂ ਸਾਰੀ ਸ੍ਰਿਸ਼ਟੀ ਭੈ ਵਿਚ ਹੈ ਤੇ ਉਹ ਤਾਂ ਆਪ ਨਿਰੰਕਾਰ ਦਾ ਰੂਪ ਨੇ, ਉਨ੍ਹਾਂ ਨੂੰ ਕੋਈ ਨਹੀਂ ਡੋਬ ਸਕਦਾ। ਨਿਹਚਾ ਕਰੋ ਇਹ ਉਨ੍ਹਾਂ ਦਾ ਕੋਈ ਕੌਤਕ ਹੈ।

ਤੇ ਉਧਰ ਆਪ ਜੀ (ਗੁਰੂ ਨਾਨਕ ਪਾਤਸ਼ਾਹ) ਦਰਗਾਹ ਦੇ ਅੰਦਰ ਪਹੁੰਚਦੇ ਨੇ, ਜਿਸ ਦਾ ਪਤਾ ਆਪ ਨੇ ਆਪ ਆਪਣੀ ਬਾਨੀ ਦੇ ਅੰਦਰ ਦਿਤਾ ਹੈ -

ਧਾਰਨਾ - ਸਚਖੰਡ 'ਚ ਬੁਲਾਇਆ ਨਿਰੰਕਾਰ ਨੇ,
ਜਗਤ ਗੁਰੂ ਨਾਨਕ ਨੂੰ -2, 2.
ਮੇਰੇ ਪਿਆਰੇ ਜਗਤ ਗੁਰੂ ਨਾਨਕ ਨੂੰ-2, 2.
ਸਚਖੰਡ 'ਚ ਬੁਲਾਇਆ ਨਿਰੰਕਾਰ ਨੇ,...।

ਆਪ ਨੂੰ ਸੁਨੇਹਾ ਆਇਆ, ਆਪ ਫੁਰਮਾਨ ਕਰਦੇ ਨੇ ਬਾਣੀ ਵਿਚ ਕਿ-

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਪੰਨਾ - 150

ਇਥੋਂ ਨਹੀਂ, ਦਰਗਾਹ ਵਿਚੋਂ ਹੀ ਫੁਰਮਾਨ ਹੋਇਆ ਸੀ -

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਪੰਨਾ - 150

ਮਾਲਕ ਨੇ ਮੈਨੂੰ ਸੱਚੇ ਮਹਲ ਵਿਚ ਬੁਲਾਇਆ ਤੇ ਉਥੇ ਪ੍ਰਮੇਸ਼ਰ ਨੇ ਇਹ ਪੁੱਛਣਾ ਕੀਤਾ ਕਿਉਂਕਿ ਦੋਏ ਇਕੋ ਰੂਪ ਨੇ। ਇਕ ਵਾਰੀ ਤਾਂ ਪ੍ਰਕਾਸ਼ ਹੀ ਪ੍ਰਕਾਸ਼ ਦਿਸਦਾ ਹੈ, ਦੂਜੀ ਵਾਰੀ ਸਾਕਾਰ ਰੂਪ ਦੇ ਅੰਦਰ ਨਿਰੰਕਾਰ ਤੇ ਗੁਰੂ ਨਾਨਕ ਪਾਤਸ਼ਾਹ ਨਜ਼ਰ ਆਉਂਦੇ ਨੇ।

ਕਹਿੰਦੇ, "ਹੇ ਨਾਨਕ! ਸੰਸਾਰ ਦੇ ਉਤੇ ਆਪ ਗਏ ਸੀ ਤੇ ਅਜੇ ਤੱਕ ਆਪ ਨੇ ਕੰਮ ਸ਼ੁਰੂ ਨਹੀਂ ਕਰਿਆ।"

ਗੁਰੂ ਨਾਨਕ ਜੀ ਕਹਿੰਦੇ, "ਨਿੰਰਕਾਰ ਜੀ! ਜਗਤ ਬੁਰੀ ਤਰ੍ਹਾਂ ਜਲ ਰਿਹਾ ਹੈ। ਮੱਸਿਆ ਦੀ ਰਾਤ ਪਈ ਹੋਈ ਹੈ ਤੇ ਧਰਮ ਕਿਤੇ ਦਿਸਦਾ ਨਹੀਂ, ਸਾਰੇ ਕੂੜ ਦੀ ਹਨ੍ਹੇਰੀ ਰਾਤ ਪਸਰ ਚੁੱਕੀ ਹੈ -

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਪੰਨਾ - 145

ਰਾਜੇ ਕਲਜੁਗ ਅੰਦਰ ਕਸਾਈ ਹੋ ਗਏ ਤੇ ਜਿੰਨੇ ਸਾਧੂ, ਸੰਤ, ਆਚਾਰੀਆ ਨੇ, ਸਭ ਤੇਰੇ ਪਿਆਰ ਤੋਂ ਹੀਣੇ ਹੋ ਕੇ ਕੇਵਲ ਭੇਖਾਂ ਦੇ ਅੰਦਰ, ਰੂਪਾਂ, ਰੇਖਾਂ ਦੇ ਵਿਚ ਫਸੇ ਹੋਏ ਨੇ। ਸੱਚ ਨਹੀਂ ਲੱਭਦਾ, ਬਹਿਸਾਂ ਕਰਦੇ ਨੇ –

ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥
ਭਾਈ ਗੁਰਦਾਸ ਜੀ, ਵਾਰ 1/21

ਲੜਾਈ ਹੈ ਕੇਵਲ। ਤੇਰੇ ਨਾਮ ਦੀ ਗੱਲ ਚਲ ਨਹੀਂ ਰਹੀ ਪ੍ਰਭੂ ਤੇਰੇ ਨਾਲ ਕਿਸੇ ਦਾ ਪਿਆਰ ਨਹੀਂ। ਜਿਹੜੇ ਜੋਗੀ ਨੇ ਇਹ ਸ਼ਕਤੀਆਂ ਦੇ ਵਿਚ ਪਰਚੇ ਹੋਏ ਨੇ, ਜਿਹੜੇ ਵੱਡੇ-ਵੱਡੇ ਡੇਰੇਦਾਰ ਨੇ ਉਹ ਮਾਇਆ ਵਿਚ ਪਰਚੇ ਹੋਏ, ਏਸ ਵਿਉਂਤ ਵਿਚ ਨੇ ਕਿ ਮਾਇਆ ਕਿਵੇਂ ਬਹੁਤੀ ਆਵੇ। ਉਹ ਮਾਇਆ ਦੇ ਪੁਜਾਰੀ ਨੇ, ਤੇਰੇ ਨਹੀਂ। ਸੋ ਪਾਤਸ਼ਾਹ! ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ। ਰਾਜੇ, ਕਰਮਚਾਰੀ ਪਰਜਾ ਦਾ ਲਹੂ ਪੀ ਰਹੇ ਹਨ।

ਦੂਸਰਾ ਆਪ ਦੀ ਇਹ ਮਰਿਆਦਾ ਹੈ ਕਿ ਜਦੋਂ ਤੱਕ ਗੁਰੂ ਧਾਰਨ ਨਾ ਕੀਤਾ ਜਾਵੇ ਉਨੀ ਦੇਰ ਤੱਕ ਇਹ ਮਿਸ਼ਨ ਨਹੀਂ ਚੱਲ ਸਕਦਾ। ਸੋ ਮੈਂ ਸੰਸਾਰ ਵਿਚ ਨਿਗ੍ਹਾ ਮਾਰ ਕੇ ਦੇਖਿਆ ਪਰ –

ਬੀਜਉ ਸੂਝੈ ਕੋ ਨਹੀ ਬਹੈ ਦਲੀਚਾ ਪਾਇ॥
ਪੰਨਾ – 936

ਮੈਨੂੰ ਕੋਈ ਨਜ਼ਰ ਨਹੀਂ ਆਇਆ ਜਿਹੜਾ ਦਲੀਚਾ ਪਾ ਕੇ ਬੈਠ ਜਾਏ। ਸੋ ਮੈਂ ਆਪ ਨੂੰ, ਨਿਰੰਕਾਰ ਨੂੰ ਗੁਰੂ ਧਾਰਨ ਕਰਨ ਵਾਸਤੇ ਆਇਆ ਹਾਂ।" ਆਪਨੇ ਫੁਰਮਾਨ ਕੀਤਾ ਹੈ-

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥
ਪੰਨਾ – 599

ਕਹਿੰਦੇ, "ਓਹੀ ਮੈਨੂੰ ਗੁਰੂ ਮਿਲਿਆ।"

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ **(ਚੌਪਈ)**

ਗੁਰੂ ਨਿਰੰਕਾਰ ਹੈ ਤੇ ਨਿਰੰਕਾਰ ਤੋਂ ਚਲਦੀ ਹੈ ਇਹ ਸੰਪਰਦਾ, ਜਿਸ ਨੂੰ ਸਿਖਮਤ ਕਹਿੰਦੇ ਹਨ।

ਸੋ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਮੈਨੂੰ ਦੀਕਸ਼ਾ ਦਿਓ, ਸਰੂਪ ਸੰਸਾਰ ਨੂੰ ਆਪ ਦਾ ਕੀ ਦੱਸਿਆ ਜਾਵੇ ਜਿਸ ਦੀ ਅਰਾਧਨਾ ਕਰਕੇ ਸੰਸਾਰ ਆਪ ਤੱਕ ਪਹੁੰਚ ਸਕੇ।"

ਨਿਰੰਕਾਰ ਜੀ ਕਹਿੰਦੇ, "ਹੇ ਨਾਨਕ! ਮੈਨੂੰ ਪ੍ਰਾਕ੍ਰਿਤਕ ਲੋਕਾਂ ਨੇ ਪ੍ਰਾਕਿਰਤੀ ਵਾਂਗ ਦੇਖਣ ਦਾ ਯਤਨ ਕੀਤਾ ਹੈ – ਕੋਈ ਚਾਰ ਬਾਹਾਂ ਵਾਲਾ ਮੈਨੂੰ ਦੇਖਦਾ ਹੈ, ਕੋਈ ਗਦਾ, ਸੰਖ ਤੇ ਚੱਕਰ ਵਾਲਾ ਦੇਖਦਾ ਹੈ, ਕੋਈ ਕਿਸੇ ਤਰ੍ਹਾਂ ਦੀ ਭਾਵਨਾ ਮੇਰੇ ਤੇ ਬਣਾ ਰਿਹਾ ਹੈ ਤੇ ਕੋਈ ਕਿਸੇ ਤਰ੍ਹਾਂ ਦੀ।

ਮੇਰਾ ਅਸਲੀ ਸਰੂਪ ੧ੴ (ਇਕੰਕਾਰ) ਦਾ ਹੈ। ਓਅੰਕਾਰ ਦਾ ਜੋ ਮੇਰਾ ਸਰੂਪ ਹੈ ਉਹ ਸ਼ਬਦ ਧੁਨ ਹੈ, ਜਿਸ ਨੂੰ 'ਸ਼ਬਦ ਬ੍ਰਹਮ' ਕਹਿੰਦੇ ਨੇ। ਉਹ ਰੂਪ, ਰੰਗ, ਰੇਖ, ਭੇਖ, ਚੱਕਰ, ਚਿਹਨ, ਜਾਤ-ਪਾਤ ਤੋਂ ਨਿਆਰਾ ਕੇਵਲ ਹੋਂਦ ਮਾਤਰ ਹੈ।

ਜੋ ਮੇਰਾ 'ਏਕੰਕਾਰ' ਦਾ ਸਰੂਪ ਹੈ ਉਹ ਹੈ ਕੇਵਲ ਇਕ (੧), ਓਅੰਕਾਰ (ੳ) ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂੰਨੀ ਸੈਭੰ ਗੁਰ ਪ੍ਰਸਾਦਿ॥ ਇਥੇ ਮੈਂ ਏਕੰਕਾਰ ਹੀ ਹਾਂ। ਮੇਰਾ ਇਹ ਰੂਪ, ਮੇਰੀ ਹੋਂਦ ਸਤ ਹੈ, ਨਾਮ ਸ਼ਕਤੀ ਹੈ, ਮੈਂ ਆਪ ਹੀ ਇਕ ਤੋਂ ਅਨੇਕ ਹੋਇਆ ਹਾਂ ਇਕ ਕਰਤਾ ਹਾਂ। ਸਾਰੇ ਦ੍ਰਿਸ਼ਟਮਾਨ ਵਿਚ ਮੈਂ ਵਿਆਪਕ ਹੁੰਦਾ ਪੁਰਖ ਹਾਂ, ਕੋਈ ਹੋਰ ਮੈਥੋਂ ਬਿਨਾਂ ਨ ਹੋਣ ਕਰਕੇ ਨਿਰਭਉ, ਨਿਰਵੈਰ ਹਾਂ। ਕਾਲ ਮੇਰਾ ਹੀ ਪੈਦਾ ਕੀਤਾ ਹੋਇਆ ਹੈ, ਮੈਂ ਕਾਲ ਰਹਿਤ ਹਾਂ। ਮੈਂ ਕਾਲ ਰਹਿਤ ਹੋਂਦ (ਹਸਤੀ) ਹਾਂ। ਜੂਨਾਂ ਵਿਚ ਮੈਂ ਨਹੀਂ ਆਉਂਦਾ। ਮੈਂ ਗਿਆਨ ਹਾਂ ਪਰ ਮੈਂ ਆਪਣੇ ਵਿਚ ਪੂਰੀ ਤਰ੍ਹਾਂ ਅਭੇਦ ਹੋਏ, ਮੇਰਾ ਹੀ ਰੂਪ ਬਣੇ, ਗੁਰੂ ਦੀ ਕ੍ਰਿਪਾ ਹੋਣ ਤੇ ਹੀ ਸ਼ਾਖਸ਼ਾਤ ਹੁੰਦਾ ਹਾਂ। ਸਾਰਾ ਦ੍ਰਿਸ਼, ਅਦ੍ਰਿਸ਼ ਮੈਂ ਆਪ ਹੀ ਹਾਂ।

ਸਾਰਾ ਸਮਝਾ ਦਿਤਾ ਕਿ ਇਹ ਸਰੂਪ ਮੇਰਾ ਸੰਸਾਰ ਵਿਚ ਦੱਸੀਂ। ਹੁਣ ਤੁਸੀਂ ਇਸ ਤੇ ਆਪਣੀ ਮੋਹਰ ਲਾਓ ਕਿਉਂਕਿ ਤੁਹਾਡਾ ਸਿੱਕਾ ਚਲਣਾ ਹੈ ਸੰਸਾਰ ਦੇ ਅੰਦਰ, ਮੋਹਰ ਤੁਹਾਡੀ ਹੋਣੀ ਚਾਹੀਦੀ ਹੈ।

ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ ਦੋਵੇ ਹੱਥ ਜੋੜੇ, ਨਿਰੰਕਾਰ ਦੇ ਸਾਹਮਣੇ ਹੋ ਕੇ ਕਿਹਾ, ***"ਆਦਿ ਸਚਿ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥*** ਹੇ ਪ੍ਰਭੂ ਤੂੰ ਅਨਾਦ ਹੈ ਜਦੋਂ ਸੰਸਾਰ ਦਾ ਆਦਿ ਹੋਇਆ ਉਸ ਵੇਲੇ ਵੀ ਤੂੰ ਆਪ ਹੀ ਸੀ ਤੈਥੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ। ਜਦੋਂ ਸਮੇਂ ਦੀ ਹੋਂਦ ਹੋਈ ਉਸ ਸਮੇਂ ਵੀ ਤੂੰ ਆਪ ਹੀ ਸੀ, ਹੁਣ ਵੀ ਤੁਸੀਂ ਆਪ ਹੀ ਹੋ; ਮਾਇਆ, ਪਸਾਰੇ ਦੀ ਸਾਜਨਾਂ ਤੋਂ ਆਪਣੇ ਆਪ ਤੋਂ ਹੀ ਕੀਤੀ, ਜਦੋਂ ਰਚਨਾ ਤੇਰੇ ਵਿਚ ਲੈਅ ਹੋਵੇਗੀ ਉਸ ਵੇਲੇ ਵੀ ਤੂੰ ਆਪ ਹੀ ਹੋਵੇਂਗਾ, ਆਪਣਾ ਖੇਲ੍ਹ ਆਪ ਹੀ ਕਰ ਰਿਹਾ ਹੈਂ। ਜਦੋਂ ਸੰਕੋਚਦਾ ਹੈਂ ਤਾਂ ਵੀ ਆਪ ਹੀ ਆਪਣੀ ਮਹਿਮਾਂ ਵਿਚ ਸਥਿਤ ਹੋ ਜਾਂਦਾ ਹੈਂ। ਤੂੰ ਆਪ ਹੀ ਪਸਰ ਕੇ ਦ੍ਰਿਸ਼ਟਮਾਨ ਹੋ ਜਾਂਦਾ ਹੈਂ ਅਤੇ ਸੁੰਗੜ ਕੇ ਆਪ ਹੀ ਰਹਿ ਜਾਂਦਾ ਹੈਂ।

ਹੁਕਮ ਹੋਇਆ ਕਿ ਤਾਰਕ ਮੰਤਰ ਜੋ ਹੈ ਕਲਜੁਗ ਦਾ, ਉਹ ਵਾਹਿਗੁਰੂ ਮੰਤਰ ਹੈ। ਵਾਹਿਗੁਰੂ ਮੰਤਰ ਵਿਚ ਮੇਰਾ ਅਦ੍ਵੈਤ ਰੂਪ ਸੰਮਿਲਤ ਹੈ ਤੇ ਉਸ ਵੇਲੇ ਨਿਰੰਕਾਰ ਜੀ ਨੇ ਇਕ ਪਿਆਲਾ ਲੈ ਆਂਦਾ। ਕਿਹੋ-ਜਿਹਾ ਪਿਆਲਾ ਹੈ, ਉਹ ਸਾਡੇ ਪਿਆਲੇ ਵਰਗਾ ਨਹੀਂ ਹੈ। ਸਾਨੂੰ ਦੱਸਣ ਵਾਸਤੇ ਇਹ ਸ਼ਬਦ ਵਰਤਿਆ ਹੈ ਜਨਮ ਸਾਖੀ ਵਿਚ। ਉਹ ਨਾਮ ਅੰਮ੍ਰਿਤ ਦਾ ਲਬਾਲਬ ਭਰਿਆ ਹੋਇਆ ਪਿਆਲਾ ਸੀ।

ਨਿਰੰਕਾਰ ਜੀ ਕਹਿੰਦੇ, "ਹੇ ਨਾਨਕ! ਇਹ ਮੇਰੇ 'ਨਾਮ ਅੰਮ੍ਰਿਤ' ਦਾ ਪਿਆਲਾ ਮੈਂ ਤੈਨੂੰ ਦਿੰਦਾ ਹਾਂ, ਤੂੰ ਇਹ ਪੀ।"

ਉਸੇ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ 'ਨਾਮ ਅੰਮ੍ਰਿਤ' ਦਾ ਪਿਆਲਾ ਪੀਤਾ ਤੇ ਪੀਂਦੇ ਸਾਰ ਵਾਹਿਗੁਰੂ ਜੀ ਦਾ ਪਰੀਪੂਰਨ ਹੁਕਮ ਪ੍ਰਗਟ ਹੋ ਗਿਆ।

ਫੇਰ ਨਿਰੰਕਾਰ ਨੇ ਬਚਨ ਕੀਤਾ, "ਹੇ ਨਾਨਕ! ਤੇਰੀ

ਸਾਰੀ ਪਵਿੱਤਰਤਾ, ਮੇਰੀ ਹੋਏਗੀ ਤੇ ਤੇਰੇ ਸਾਰੇ ਚਰਿਤ੍ਰ ਮੇਰੇ ਹੋਣਗੇ, ਜਿੰਨੇ ਤੂੰ ਕੰਮ ਕਰੇਂਗਾ ਉਹ ਮੈਂ ਕਰਦਾ ਹੋਵਾਂਗਾ ਤੇ ਤੁਹਾਨੂੰ ਕੋਈ ਲੇਪ ਨਹੀਂ ਲਗੇਗੀ -

ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ॥
ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਰਤੇ॥
ਪੰਨਾ - 1357

ਸੋ ਹੁਣ ਤੁਸੀਂ ਜਾਓ ਸੰਸਾਰ ਦੇ ਅੰਦਰ। ਹੇ ਨਾਨਕ! ਜੋ ਤੇਰੇ ਤੇ ਯਕੀਨ ਕਰੇਗਾ, ਇਹ ਮੇਰਾ ਬਚਨ ਰਿਹਾ ਕਿ ਮੈਂ ਉਸ ਨੂੰ ਕਾਲ ਦੇ ਚੱਕਰ ਵਿਚੋਂ ਕੱਢ ਲਵਾਂਗਾ। ਜੋ ਤੇਰੇ ਤੇ ਵਿਸ਼ਵਾਸ ਲਿਆਏਗਾ, ਤੇਰੀ ਬਾਣੀ ਤੇ ਵਿਸ਼ਵਾਸ ਲਿਆਏਗਾ ਉਹ ਮੇਰੇ ਤੱਕ ਪਹੁੰਚ ਜਾਏਗਾ। ਸੋ ਜੋ ਮੈਂ ਤੈਨੂੰ ਮੰਤਰ ਦਿਤਾ ਹੈ ਇਸ ਦਾ ਜੋ ਜਾਪ ਕਰੇਗਾ, ਸਮਝੇਗਾ ਉਹ ਮੇਰੇ ਹੁਕਮ ਨੂੰ ਸਮਝ ਜਾਏਗਾ। ਉਹ ਹਉਮੈਂ ਦੇ ਚੱਕਰ ਵਿਚੋਂ ਨਿਕਲ ਜਾਏਗਾ-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥
ਪੰਨਾ - 1

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਕਿ ਮੈਨੂੰ ਨਿਰੰਕਾਰ ਨੇ ਸਿਫਤ ਸਲਾਹ ਦਾ ਕਪੜਾ ਬਖਸ਼ਿਆ -

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਪੰਨਾ - 150

ਮੈਂ ਤਾਂ ਬੇਕਾਰ ਸੀ। ਸਾਨੂੰ ਬੇਕਾਰ ਕਹਿੰਦੇ ਨੇ; ਅਸੀਂ ਬੇਕਾਰ ਹਾਂ, ਮਹਾਰਾਜ ਬੇਕਾਰ ਨਹੀਂ ਸੀ। ਅਸੀਂ ਬੇਕਾਰ ਫਿਰਦੇ ਹਾਂ ਦੁਨੀਆਂ ਦੇ ਕੰਮ ਕਰਦੇ ਫਿਰਦੇ ਹਾਂ, ਪ੍ਰਮੇਸ਼ਰ ਦੇ ਕੰਮ ਵਲੋਂ ਬਿਲਕੁਲ ਬੇਕਾਰ ਹਾਂ। ਪ੍ਰਮੇਸ਼ਰ ਲਾਉਂਦਾ ਹੈ, ਅਸੀਂ ਲੱਗ ਜਾਂਦੇ ਹਾਂ। ਸਮਝ ਨਹੀਂ ਆ ਰਹੀ ਹੈਰਾਨ ਹੋਈਦਾ ਹੈ ਕਿ ਇਹ ਕਿੰਨੇ ਭਾਗਾਂ ਵਾਲਾ ਬੰਦਾ ਹੈ ਮਾਇਆ ਵਿਚੋਂ ਨਿਕਲ ਕੇ ਪ੍ਰਮੇਸ਼ਰ ਵੱਲ ਲੱਗ ਰਿਹਾ ਹੈ ਲੇਕਿਨ ਲੱਗਣ ਨਹੀਂ ਦੇ ਰਹੀ ਮਾਇਆ ਇਸ ਨੂੰ। ਮੁੜ-ਮੁੜ ਕੇ ਫੇਰ ਉਥੇ ਨੂੰ ਜਾਂਦਾ ਹੈ ਕਿਉਂਕਿ 'ਮੇਰਾ-ਮੇਰਾ' ਅਤੇ 'ਮਮਤ੍ਵ' ਨਹੀਂ ਛਡਦਾ ਇਹ। ਮੈਂ ਤੇ ਮੇਰੀ ਨੂੰ ਛੱਡਣ ਵਾਸਤੇ ਤਿਆਰ ਨਹੀਂ, ਮੁਰਦਾ ਬਣਨ ਨੂੰ ਤਿਆਰ ਨਹੀਂ, ਜੀਉਂਦਾ ਰਹਿਣਾ ਚਾਹੁੰਦਾ ਹੈ। ਸੋ ਬੇਕਾਰੀ ਦੇ ਵਿਚ ਰਹਿਣਾ ਚਾਹੁੰਦਾ ਹੈ, ਕਾਰ ਨਹੀਂ ਲਗਣਾ ਚਾਹੁੰਦਾ। ਮਹਾਰਾਜ ਜੀ ਕਹਿੰਦੇ-

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਪੰਨਾ - 150

ਮੈਨੂੰ ਤਾਂ ਕਾਰ ਤੇ ਲਾ ਦਿਤਾ।

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਪੰਨਾ - 150

ਹੁਣ ਦਿਨ ਰਾਤ ਮੈਂ ਨਿਰੰਕਾਰ ਦੀ ਕਾਰ ਕਰ ਰਿਹਾ ਹਾਂ -

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਪੰਨਾ - 150

ਮੈਨੂੰ ਸੱਚੇ ਮਹੱਲ ਬੁਲਾ ਕੇ ਸਿਰੋਪਾ ਦਿਤਾ -

ਸਚੀ ਸਿਫਤਿ ਸਾਲਾਹ ਕਪੜਾ ਪਾਇਆ॥ ਪੰਨਾ - 150

ਸਿਫਤ ਸਲਾਹ ਦਾ ਮੈਨੂੰ ਕੱਪੜਾ ਬਖਸ਼ਿਆ, ਸਿਰੋਪਾ ਬਖਸ਼ਿਆ -

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਪੰਨਾ - 150

ਤੇ ਅੰਮ੍ਰਿਤ ਨਾਮ ਦਾ ਭੋਜਨ ਮੈਨੂੰ ਉਥੋਂ ਪ੍ਰਾਪਤ ਹੋਇਆ -

ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਪੰਨਾ - 150

ਜਿਹੜਾ ਇਸ ਭੋਜਨ ਨੂੰ ਲੈਣ ਸਾਡੇ ਕੋਲ ਆਏਗਾ ਉਹ ਗੁਰੂ ਦੀ ਮੱਤ ਧਾਰਨ ਕਰਕੇ ਰੱਜ ਕੇ ਖਾਏਗਾ, ਉਸ ਨੂੰ ਸੁਖ ਦੀ ਪ੍ਰਾਪਤੀ ਹੋਏਗੀ।

ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਪੰਨਾ - 150

ਅਸੀਂ ਇਥੇ ਆ ਕੇ ਪ੍ਰਮੇਸ਼ਰ ਦਾ ਅਨਹਦ-ਨਾਦ ਵਜਾਇਆ ਹੈ, ਸ਼ਬਦ ਵਜਾਇਆ ਹੈ, ਨਿਰੰਕਾਰ-ਓਅੰਕਾਰ ਦਾ। ਵਾਹਿਗੁਰੂ ਸ਼ਬਦ ਦਾ।

ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ ਪੰਨਾ - 150

ਤੇ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕੀ ਦੇਖਦੇ ਨੇ ਕਿ ਅੰਤ ਹੀ ਨਹੀਂ, ਜਿਧਰ ਵੀ ਦੇਖਦੇ ਨੇ ਸ੍ਰਿਸ਼ਟੀਆਂ ਹੀ ਸ੍ਰਿਸ਼ਟੀਆਂ ਕੇਵਲ ਮਾਦੇ ਦੀਆਂ ਹੀ ਨਹੀਂ, ਪਤਾ ਨਹੀਂ ਕਾਹਦੀਆਂ ਬਣੀਆਂ ਹੋਈਆਂ, ਬੇਅੰਤ ਖਾਣੀਆਂ, ਬੇਅੰਤ ਬਾਣੀਆਂ, ਬੇਅੰਤ ਪਾਣੀ, ਬੇਅੰਤ ਪੌਣਾਂ, ਬੇਅੰਤ ਅਗਨੀਆਂ ਕੋਈ ਅੰਤ ਹੀ ਨਹੀਂ ਕਿਉਂਕਿ ਹੁਕਮ ਦੀ ਪਛਾਣ ਹੋ ਗਈ, ਹੁਕਮ ਦੀ ਪਛਾਣ ਹੋਣ ਦੇ ਨਾਲ ਕੀ ਦੇਖਦੇ ਹਨ ਕਿ -

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਪੰਨਾ - 5

ਅਵਾਜ਼ ਆਈ, "ਹੇ ਨਾਨਕ! ਤੂੰ ਮੇਰੇ ਹੁਕਮ ਨੂੰ ਸਮਝਿਆ ਹੈ, ਪ੍ਰਗਟ ਕਰ।" ਉਸ ਵੇਲੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

ਧਾਰਨਾ - ਕੀਮਤ ਤੇਰੀ ਜੀ, ਨਾ ਪੈਂਦੀ,
ਕੀਮਤ ਤੇਰੀ ਓ, ਨਾ ਪੈਂਦੀ -2, 2.
ਹਉ ਕੇਵਡ ਆਖਾ ਨਾਉ ਮਾਲਕਾ, ਨਾ ਪੈਂਦੀ-
ਕੀਮਤ ਤੇਰੀ ਜੀ, ਨਾ ਪੈਂਦੀ -2, 2.
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥
ਪੰਨਾ - 14

"ਨਿਰੰਕਾਰ ਜੀ! ਕੋਈ ਵੀ ਯਤਨ ਨਹੀਂ ਸੰਸਾਰ ਦਾ ਜਿਸ ਦੇ ਨਾਲ ਤੇਰੇ ਨਾਮ ਦੀ ਕੀਮਤ ਪੈ ਜਾਏ, ਤੇਰੇ ਹੁਕਮ ਦੀ ਕੀਮਤ ਪੈ ਜਾਏ ਤੇ ਤੇਰੀ ਕੀਮਤ ਪੈ ਜਾਏ।"

ਉਸ ਵੇਲੇ ਨਿਰੰਕਾਰ ਜੀ ਨੇ ਬਚਨ ਕੀਤਾ, "ਹੇ ਨਾਨਕ! ਤੈਨੂੰ ਮੇਰਾ ਹੁਕਮ ਪੂਰੀ ਤਰ੍ਹਾਂ ਦੇ ਨਾਲ ਸਮਝ ਆਇਆ ਹੈ ਤੇ ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰ ਪ੍ਰਮੇਸ਼ਰ। ਜੋ ਕੋਈ ਤੇਰੇ

ਉਤੇ ਵਿਸ਼ਵਾਸ ਲਿਆਏਗਾ, ਉਸ ਦੇ ਮੈਂ ਗੁਨਾਹ ਮਾਫ ਕਰ ਦੇਵਾਂਗਾ, ਰਿਆਇਤ ਕਰ ਦੇਵਾਂਗਾ ਤੇ ਜੋ ਤੇਰੀ ਬਾਨੀ ਦੇ ਉਤੇ ਅਮਲ ਕਰੇਗਾ, ਉਸ ਨੂੰ ਦਰਗਾਹ ਵਿਚ ਵਾਸਾ ਮਿਲ ਜਾਏਗਾ।"

ਸੋ ਇਸ ਤਰ੍ਹਾਂ ਆਪ ਜੀ ਸਾਰਾ ਦ੍ਰਿਸ਼ ਦੇਖ ਰਹੇ ਨੇ ਕਿਉਂਕਿ ਮਹਾਂਪੁਰਸ਼ ਸਾਰੇ ਹੀ ਪਹੁੰਚੇ ਨੇ। ਮੁਹੰਮਦ ਸਾਹਿਬ ਨੂੰ ਚਾਲ੍ਹੀਵੇਂ ਸਾਲ ਵਿਚ ਜਾ ਕੇ ਇਕ ਗਾਰ (ਗੁਫਾ) ਦੇ ਅੰਦਰ ਐਸਾ ਤਜਰਬਾ ਹੋਇਆ ਸੀ ਤੇ ਈਸਾ ਜੀ ਨੂੰ ਵੱਡੀ ਉਮਰ ਵਿਚ ਜਾ ਕੇ ਹੋਇਆ ਸੀ। ਪਹਿਲੀਆਂ ਉਮਰਾਂ ਸਧਾਰਨ ਬੰਦਿਆਂ ਵਾਂਗ ਲੰਘੀਆਂ ਸਨ ਲੇਕਿਨ ਗੁਰੂ ਨਾਨਕ ਪਾਤਸ਼ਾਹ ਪਹਿਲੇ ਦਿਨ ਤੋਂ ਹੀ ਇਸ ਪਾਸੇ ਸਨ ਯਾਨੀ ਆਪ ਗੁਰੂ ਅਵਤਾਰ ਸਨ। ਸਤਿਗੁਰੂ ਰੂਪ ਹੋ ਕੇ ਨਿਰੰਕਾਰ ਆਪ ਹੀ ਪ੍ਰਗਟ ਹੋਏ ਸਨ ਤੇ ਜਦੋਂ ਨਿਰੰਕਾਰ ਜੀ ਦੀ ਦਰਗਾਹ ਵਿਚ ਹੁਕਮ ਦੀ ਸੋਝੀ ਹੋਈ ਤਾਂ ਆਪ ਬੇਅੰਤ ਬੇਅੰਤ ਦੇਖਦੇ ਹਨ, ਇਕ, ਦੋ, ਚਾਰ, ਦਸ ਨਹੀਂ, ਗਿਣਤੀ ਤੋਂ ਬਾਹਰ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

ਧਾਰਨਾ – ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,
ਸੱਚੇ ਦਰ ਖੜ੍ਹੇ ਪਿਆਰਿਓ –2, 2.
ਸੱਚੇ ਦਰ ਜੀ, ਖੜ੍ਹੇ ਪਿਆਰਿਓ –2, 2.
ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,.. –2

ਦਰਗਾਹ ਦਾ ਵੇਰਵਾ ਜਨਮ ਸਾਖੀ ਦੇ ਅੰਦਰ ਏਸ ਤਰ੍ਹਾਂ ਨਾਲ ਅੰਕਿਤ ਕੀਤਾ ਹੈ ਕਿ ਲੱਖXਲੱਖ, ਜਦੋਂ ਕਰੋੜ–ਕਰੋੜ ਕਹਿ ਦੇਈਏ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਇਹ ਸਹੀ ਰਕਮ ਨਹੀਂ ਹੈ, ਇਹ ਇਸ ਤੋਂ ਵੀ ਵੱਧ ਹੈ। ਸਾਰੇ ਮਹਾਂਪੁਰਸ਼ ਗਏ ਨੇ।

ਮੁਹੰਮਦ ਸਾਹਿਬ ਨੂੰ ਜਿਸ ਵਕਤ ਦਰਗਾਹ ਵਿਚ ਸੱਦਿਆ ਗਿਆ ਤਾਂ ਉਨ੍ਹਾਂ ਨੇ ਸੱਤ ਅਰਸ਼ ਤੇ ਕੁਰਸ਼ ਦੱਸੇ ਤੇ ਪੰਜਵੇਂ ਦੇ ਅੰਦਰ ਉਨ੍ਹਾਂ ਨੂੰ ਈਸਾ ਜੀ ਮਿਲੇ, ਚੌਥੇ ਦੇ ਵਿਚ ਇਬਰਾਹੀਮ ਪੈਗੰਬਰ ਮਿਲੇ, ਕੁਝ ਦੂਸਰੇ ਵਿਚ ਮਿਲੇ, ਕੁਝ ਤੀਸਰੇ ਵਿਚ ਮਿਲੇ, ਕੁਝ ਪਹਿਲੇ 'ਚ ਮਿਲੇ ਤੇ ਆਪ ਸੱਤਵੇਂ ਵਿਚ ਪਹੁੰਚਦੇ ਨੇ ਤੇ ਅੱਲਾ–ਤਾਲਾ ਨਾਲ ਗੱਲ ਹੁੰਦੀ ਹੈ ਲੇਕਿਨ ਇਕ ਪੜਦਾ ਵਿਚਾਲੇ ਪਿਆ ਹੈ। ਹੁਕਮ ਆਉਂਦਾ ਹੈ, ਐਸਾ ਜ਼ਿਕਰ ਆਉਂਦਾ ਹੈ ਕਿ ਸਾਂਗੋ–ਪਾਂਗ ਆਮ੍ਹਣੇ–ਸਾਮ੍ਹਣੇ ਨਹੀਂ ਹੋਏ ਤੇ ਹੁਕਮ ਆਇਆ ਕਰਦਾ ਸੀ। ਉਹ ਹੁਕਮ ਜੋ ਆਉਂਦਾ ਸੀ ਉਸ ਦੇ ਮੁਤਾਬਕ ਕੁਰਾਨ–ਸ਼ਰੀਫ ਦੀ ਰਚਨਾ ਹੋਈ।

ਗੁਰੂ ਨਾਨਕ ਪਾਤਸ਼ਾਹ ਜਦੋਂ ਆਪ ਪਹੁੰਚਦੇ ਨੇ ਤਾਂ ਆਪ ਨੇ ਬਗਦਾਦ ਵਿਚ ਇਹ ਗੱਲ ਦੱਸੀ ਸੀ ਪੀਰ ਦਸਤਗੀਰ ਨੂੰ ਕਿ ਪੀਰ ਜੀ! ਜਿੰਨੀ ਨਦਰ ਪ੍ਰਮੇਸ਼ਰ ਬਖਸ਼ਦਾ ਹੈ ਉਨਾ ਦਿਸਣ ਲੱਗ ਜਾਂਦਾ ਹੈ। ਜਿਸ ਨੇ ਸੱਤ ਦੇਖੇ ਉਸ ਨੇ ਸੱਤ ਕਹਿ ਦਿਤੇ, ਜਿਸ ਨੇ ਬੇਅੰਤ ਦੇਖੇ ਉਸ ਨੇ ਬੇਅੰਤ ਕਹਿ ਦਿਤੇ। ਸੋ ਗੁਰੂ ਨਾਨਕ ਪਾਤਸ਼ਾਹ ਨੇ ਬੇਅੰਤ–ਬੇਸ਼ੁਮਾਰ ਕਿ ਕੋਈ ਅੰਤ ਹੀ ਨਹੀਂ ਹੈ ਦੇਖਿਆ –

ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥
ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥
ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ॥
ਲਖ ਲਖ ਓਥੈ ਆਸਣਾ ਗੁਰ ਚੇਲੇ ਰਹਿਰਾਸ॥
ਲਖ ਲਖ ਦੇਵੀ ਦੇਵਤੇ ਲਖ ਦਾਨੋਂ ਲਖ ਨਿਵਾਸ॥
ਲਖ ਪੀਰ ਪੈਗੰਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ॥
ਕਿਸ ਹੀ ਸਾਂਤਿ ਨ ਆਈਆ ਬਿਨੁ ਸਤਿਗੁਰ ਕੇ ਉਪਦੇਸ॥
ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ॥
ਏਤੜਿਆ ਅਪਵਿਤ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ॥
ਸਿਰ ਨਾਥਾ ਕੈ ਇਕ ਨਾਥ ਸਤਿਨਾਮ ਕਰਤਾਰ॥
ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸੁਮਾਰ॥

ਜਨਮਸਾਖੀ

ਇਕ ਦੋ ਚਾਰ ਨਹੀਂ ਹੈ ਬੇਅੰਤ ਹੀ ਬੇਅੰਤ ਹੈ ਲੇਕਿਨ ਜੋ ਅਸੀਂ ਜਾਣਦੇ ਹਾਂ, ਸਾਨੂੰ ਪਤਾ ਹੈ ਉਹ ਗਿਣਤੀ ਦੇ ਵਿਚ ਹੈ ਕਿਉਂਕਿ ਇਸ ਸੰਸਾਰ ਤੋਂ ਬਾਅਦ ਜਿਹੜਾ ਸੂਖਸ਼ਮ ਹੈ ਉਸ ਨੂੰ 'ਗੰਧਰਵ ਲੋਕ' ਕਹਿੰਦੇ ਨੇ ਉਸ ਨੂੰ ਪਹਿਲਾ ਅਰਸ਼ ਕਹਿ ਲਓ।

ਦੂਸਰਾ ਜੋ ਹੈ ਉਹ ਦੇਵ ਗੰਧਰਵ ਹੈ। ਗਿਣੀ ਜਾਓ ਆਪੇ ਹੀ –

ਤੀਸਰਾ ਜਿਹੜਾ ਹੈ ਉਹ 'ਪਿਤਰ ਲੋਕ' ਹੈ।

ਚੌਥਾ ਹੈ 'ਸਵਰਗ ਲੋਕ', ਪੰਜਵਾਂ 'ਇੰਦਰ ਲੋਕ' ਹੈ, ਛੇਵਾਂ 'ਕਰਮਦੇਵ ਲੋਕ' ਹੈ, ਸੱਤਵਾਂ 'ਅਜਾਨ ਦੇਵ ਲੋਕ' ਹੈ, ਅੱਠਵਾਂ 'ਪ੍ਰਜਾਪਤਿ ਲੋਕ' ਹੈ, ਨੌਵਾਂ 'ਬ੍ਰਹਮ ਲੋਕ' ਹੈ, ਦੱਸਵਾਂ 'ਸ਼ਿਵ ਲੋਕ' ਹੈ, ਗਿਆਰ੍ਹਵਾਂ 'ਬੈਕੁੰਠ ਧਾਮ' ਹੈ। ਤੇਰ੍ਹਵਾਂ ਅਸੀਂ 'ਸਚਖੰਡ' ਨੂੰ ਕਹਿੰਦੇ ਹਾਂ।

ਲੇਕਿਨ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਗਿਣਤੀ ਨਾ ਕਰੋ, ਗਿਣਤੀਆਂ ਉਥੇ ਫੇਲ੍ਹ ਹੋ ਜਾਂਦੀਆਂ ਨੇ।

ਲੇਖਾ ਹੋਇ ਤਾ ਲਿਖੀਐ ਲੇਖੈ ਹੋਇ ਵਿਣਾਸੁ॥

ਪੰਨਾ – 5

ਉਥੇ ਤਾਂ ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ ਕੋਈ ਅੰਤ ਨਹੀਂ ਕਿਸੇ ਪਾਸੇ ਵੀ ਅੰਤ ਨਹੀਂ ਹੈ। ਸੋ ਇਸ ਦੇ ਨਾਲ ਕੀ ਹੁੰਦਾ ਹੈ 'ਵਿਸਮਾਦ' ਵਿੱਚ ਆ ਜਾਂਦਾ ਹੈ ਤੇ ਗਿਣਤੀਆਂ–ਮਿਣਤੀਆਂ ਛੁਟ ਜਾਂਦੀਆਂ ਨੇ। ਜਿਹੜੇ ਸਵਰਗ ਦੇ ਵਿਚ ਨੇ ਜਦੋਂ ਲੱਖਾਂ ਹੀ ਸਵਰਗ ਨੇ ਤਾਂ ਕਿਥੇ–ਕਿਥੇ ਕੋਈ ਟਿਕਿਆ ਹੋਇਆ ਹੈ। ਸੋ ਐਸੀ ਦ੍ਰਿਸ਼ਟੀ ਗੁਰੂ ਨਾਨਕ ਪਾਤਸ਼ਾਹ ਨੂੰ ਪ੍ਰਾਪਤ ਹੋਈ ਕਿਉਂਕਿ ਨਿਰੰਕਾਰ ਨੇ ਕਿਹਾ ਕਿ ਹੇ ਨਾਨਕ! ਤੇਰੇ ਤੇ ਮੇਰੇ ਵਿਚ ਜਿਹੜਾ ਫਰਕ ਜਾਣੇਗਾ ਉਹ ਪਰਵਾਣ ਨਹੀਂ ਹੋਏਗਾ ਤੇ ਮੈਂ 'ਪਾਰਬ੍ਰਹਮ ਪ੍ਰਮੇਸ਼ਰ' ਤੇ ਤੂੰ 'ਗੁਰੂ ਪ੍ਰਮੇਸ਼ਰ', ਤੂੰ ਸੰਸਾਰ ਦਾ ਉਧਾਰ ਕਰ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ –

ਅਨਿਕ ਕਲਾ ਲੈ ਠਾਕੁਰ ਚੜਿਆ॥

ਚੌਦਾਂ ਕਲਾਂ ਲੈ ਕੇ ਸ੍ਰੀ ਰਾਮ ਜੀ ਆਏ ਸੀ। ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਸਨ। ਉਨ੍ਹਾਂ ਦੇ ਵੇਲੇ ਦੁਨੀਆਂ ਐਨੀ ਮਾੜੀ ਨਹੀਂ ਸੀ। ਭੁੱਲੜ ਦੁਨੀਆਂ ਥੋੜ੍ਹੀ ਹੀ ਸੀ – ਰਾਵਣ ਹੀ ਸੀ, ਇਕੋ ਹੀ ਸੀ ਜਿਹੜਾ ਗਲਤ

(ਬਾਕੀ ਪੰਨਾ 38 ਤੇ)

ਰੰਗਲੇ ਸੱਜਣ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਭਾਈ ਗੁਰਬਖਸ਼ ਸਿੰਘ ਜੀ 'ਕਮਾਲ ਪੁਰਾ'

ਬਾਲੀ ਬਰੇਸ (ਛੋਟੀ ਉਮਰ) ਵਿਚ ਜੋ ਪ੍ਰਮਾਰਥ ਦੇ ਆਤਮ-ਚਲੂਲੇ ਰੰਗ ਇਸ ਨਵ-ਯੁਵਕ ਨੂੰ ਚੜ੍ਹੇ, ਇਸ ਦੀ ਨਜ਼ੀਰ ਮਿਲਣੀ ਬਹੁਤ ਵਿਰਲੀ ਹੈ। ਲੁਧਿਆਣਾ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਸਵੀਂ ਸ਼ਰੇਣੀ ਦੀ ਪੜ੍ਹਾਈ ਕਰਦਿਆਂ ਹੋਇਆਂ ਪ੍ਰਮਾਰਥ ਦਾ ਪਰਮ ਤੀਬਰ ਵੈਰਾਗ ਇਸ ਵੀਰੜੇ ਗੁਰਮੁਖ ਨੂੰ ਐਸਾ ਉਠਿਆ ਕਿ ਝਲਿਆ ਨ ਜਾਵੇ, ਕੋਈ ਪੂਰਬਲੇ ਜਨਮ ਦੇ ਸ਼ੁਭ ਅੰਕੁਰ ਉਗਣੇ ਸਨ। ਇਸ ਵੀਰ ਨੂੰ ਇਸ ਗੱਲ ਦਾ ਪੱਕਾ ਨਿਸਚਾ ਸੀ ਕਿ ਪ੍ਰਮਾਰਥੀ ਰੰਗ ਚਲੂਲੇ ਚਾੜ੍ਹਨ ਵਾਲਾ ਵੈਦਾਂ ਦਾ ਸੰਗ ਲੁਧਿਆਣੇ ਨੇੜੇ ਹੀ ਇਕੱਠਾ ਹੁੰਦਾ ਰਹਿੰਦਾ ਹੈ। ਐਸੀ ਬਿਧ ਬਣੀ ਕਿ ਪਿੰਡ ਨਾਰੰਗਵਾਲ ਸ. ਕਿਸ਼ਨ ਸਿੰਘ (ਜੰਗ ਕੇ) ਦੇ ਗ੍ਰਹਿ ਵਿਖੇ ਅਖੰਡਪਾਠ ਦਾ ਸਮਾਗਮ ਰਚਿਆ ਹੋਇਆ ਸੀ, ਪੰਜ ਅਖੰਡ ਪਾਠੀ ਗੁਰੂ ਨੇਤ ਅਨੁਸਾਰ ਅਜਿਹੇ ਗੁਰਮੁਖ ਜਨ ਚੁਣੇ ਹੋਏ ਸਨ, ਜੋ ਨਾਮ ਸਿਮਰਨ ਅਭਿਆਸ ਦੇ ਪੁਤਲੇ ਸਨ, ਕਮਾਈ ਅਤਿ ਗਾਖੜੀ ਅਤੇ ਗੂੜ੍ਹੀ ਪੂਰਨ ਗੁਰਮਤਿ ਅਨੁਸਾਰ ਹੋ ਚੁਕੀ ਸੀ। ਅਖੰਡ ਪਾਠ ਬੜੇ ਚੜ੍ਹਦੇ ਰੰਗਾਂ ਵਿਚ ਹੋ ਰਿਹਾ ਸੀ। ਅਜੇ ਅਰੰਭ ਹੋਇਆ ਹੀ ਸੀ ਕਿ ਗਿਆਨੀ ਨਾਹਰ ਸਿੰਘ ਜੀ ਲੁਧਿਆਣਾ ਤੋਂ ਖਾਲਸਾ ਹਾਈ ਸਕੂਲ ਦੇ ਭੁਝੰਗੀਆਂ ਦਾ ਜਥਾ ਲੈ ਕੇ ਆ ਪੁਜੇ, ਜਿਨ੍ਹਾਂ ਵਿਚ ਵੀਰ ਗੁਰਬਖਸ਼ ਸਿੰਘ ਜੀ 'ਕਮਾਲ ਪੁਰੀਏ' ਭੁਝੰਗੀ ਵੀ ਸਨ। ਇਨ੍ਹਾਂ ਵਿਚੋਂ ਜਿਨ੍ਹਾਂ ਜਿਨ੍ਹਾਂ ਨੇ ਜਹਾਜ਼ੇ ਚੜ੍ਹਨ ਦੀ ਅਭਿਲਾਖਾ ਪ੍ਰਗਟ ਕੀਤੀ, ਤਿਨ੍ਹਾਂ ਨੂੰ ਤਤਕਾਲ ਹੀ ਸਕੇਸ਼ੀ ਇਸ਼ਨਾਨ ਕਰਾਇ ਕੇ ਅਖੰਡ ਪਾਠ ਸਮਾਗਮ ਵਿਚ ਹਾਜ਼ਰ ਕੀਤਾ ਗਿਆ।

ਉਨ੍ਹਾਂ ਦਿਨਾਂ ਵਿਚ ਜਥੇ ਦੀ ਪੱਕੀ ਮਰਯਾਦਾ ਮੁਢ ਤੋਂ ਹੀ ਚਲੀ ਆ ਰਹੀ ਸੀ ਕਿ ਅੰਮ੍ਰਿਤ ਛਕਣ ਦੇ ਵਪਾਰੀਆਂ ਨੂੰ ਮੁਢ ਤੋਂ ਅੰਤ ਤਾਈਂ ਸਾਰਾ ਅਖੰਡ ਪਾਠ ਸੁਣਨ ਲਈ ਤਤਪਰ ਹੋਣਾ ਪੈਂਦਾ ਸੀ। ਅਖੰਡ ਪਾਠ ਦੀ ਸਾਰੀ ਸਮੱਗਰੀ ਤਿਆਰ ਸੀ। ਆਰੰਭ ਦੇ ਅਰਦਾਸੇ ਵਿਚ ਅਖੰਡ ਪਾਠ ਸਰਵਣ ਕਰਨਹਾਰੇ ਹਿਤਕਾਰੀ ਜਨ ਵੀ ਆਏ ਖਲੋਏ। ਵੀਰ ਪਿਆਰੇ ਗੁਰਬਖਸ਼ ਸਿੰਘ ਜੀ ਭੀ ਖੁਸ਼ੀਆਂ ਨਾਲ ਗੱਦ ਗੱਦ ਹੋਏ ਹੋਏ ਆਇ ਖਲੋਤੇ। ਅਰਦਾਸ ਹੋ ਕੇ ਅਖੰਡ ਪਾਠ ਆਰੰਭ ਹੋ ਗਿਆ। ਸਰੋਤੇ ਅਧਿਕਾਰੀ ਜਨ ਆਪੋ ਆਪਣੀ ਸਰੋਤ-ਨਿਸ਼ੱਸਤ ਵਿਖੇ ਅਰੂੜ ਹੋ ਗਏ। ਇਨ੍ਹਾਂ ਸਾਰੇ ਸਰੋਤਿਆਂ ਵਿਚੋਂ ਕੇਵਲ ਵੀਰ ਗੁਰਬਖਸ਼ ਸਿੰਘ ਜੀ ਹੀ ਐਸੇ ਨਿਤਰੇ, ਕਿ ਜਿਸ ਨੇ ਆਦਿ ਮਧਿ ਅੰਤ ਤਾਈਂ ਇਕੋ ਨਿਸ਼ੱਸਤ ਵਿਚ ਹੀ ਬੈਠਿਆਂ ਅਖੰਡ ਬਿਰਤੀ ਨਾਲ ਸਾਰਾ ਅਖੰਡ ਪਾਠ ਸੁਣਿਆ। ਕੁਝ ਛਕਿਆ ਨਹੀਂ, ਨ ਜਲ ਨ ਪਰਸ਼ਾਦਾ, ਕੜਾਹ ਪ੍ਰਸ਼ਾਦ ਦੀ ਦੇਗ ਦਾ ਛਾਂਦਾ ਪੰਚਾ-ਅੰਮ੍ਰਿਤ ਸਮਝ ਕੇ ਜ਼ਰੂਰ ਛਕਦੇ ਰਹੇ। ਉਠਣ ਦੀ ਰੁਚੀ ਹੀ ਨਹੀਂ ਫੁਰੀ। ਮਨ ਬਚ ਕਰਮ ਕਰਕੇ ਗੁਰਬਾਣੀ ਦੇ ਸਰਵਣ ਕਰਨ ਵਿਚ ਹੀ ਬਿਰਤੀ ਅਰੂੜ ਰਹੀ। ਜਿਉਂ ਜਿਉਂ ਪਾਠ ਸਰਵਣ ਕਰਨ, ਤਿਉਂ ਤਿਉਂ ਚੇਹਰੇ ਦਾ ਰੰਗ ਹੀ ਹੋਰ ਬਦਲਦਾ ਜਾਵੇ। ਐਸਾ ਜਾਪਦਾ ਸੀ ਕਿ ਆਪਣੇ ਗੁਰਮੁਖ ਪਿਤਾ ਦੀ ਸੰਗਤ ਵਿਚ ਸਦੀਵ ਰਹਿਣ ਕਰਕੇ ਬਹੁਤ ਛੋਟੀ ਉਮਰ ਤੋਂ ਹੀ ਵੀਰ ਗੁਰਬਖਸ਼ ਸਿੰਘ ਜੀ ਦਾ ਸਤਿਸੰਗੀ ਸੁਭਾਵ ਹੀ ਸੀ। ਪਰ ਇਹ ਪਹਿਲਾ ਸਮਾਂ ਹੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਦਾ ਪਾਠ ਸਰਵਣ ਕਰਨ ਦਾ ਅਵਸਰ ਉਸ ਨੂੰ ਨਸੀਬ ਹੋਇਆ। ਪਾਠ ਸੁਣਦੇ ਕੀ ਸਨ, ਪਾਠ ਪੀਂਦੇ ਸਨ। ਜਿਉਂ ਜਿਉਂ ਅਮੋਘ ਬਾਣ ਬਾਣੀ ਦੇ ਲਗਦੇ ਸਨ, ਤਿਉਂ ਤਿਉਂ ਹੋਰ ਤੋਂ ਹੋਰ ਵੈਰਾਗ ਵਿਆਕੁਲਤਾ ਉਹਨਾਂ ਦੀ ਵਧਦੀ ਜਾਂਦੀ ਸੀ। ਓਧਰ ਬਾਣੀ ਦੇ ਬਾਣ ਵਾਹੁਣ ਵਾਲੇ ਅਤੇ ਰਸੀਏ ਨਾਮ ਅਭਿਆਸੀ ਪਾਠੀ ਜਨ ਸਿੰਨ੍ਹ ਸਿੰਨ੍ਹ ਕੇ ਤੀਰ ਚਲਾਉਂਦੇ ਸਨ, ਮਾਨੋ ਵੈਰਾਗੀਅੜੇ ਗੁਰਬਖਸ਼ ਸਿੰਘ ਜੀ ਦੀ ਬ੍ਰਿਹਨੀ-ਬਿਰਤੀ ਨੂੰ ਬੇਧਨ ਲਈ ਇਹ ਸਾਰਾ ਸਰੰਜਾਮ ਹੋ ਰਿਹਾ ਸੀ। ਇਹ ਪਹਿਲੀ ਨਜ਼ਰ ਦੇਖੀ ਤੇ ਵੀਰ ਗੁਰਬਖਸ਼ ਸਿੰਘ ਦੇ ਨੇੜੇ ਹੋ ਕੇ ਦੇਖੀ ਕਿ ਅਖੰਡ ਪਾਠ ਸੁਣਦਿਆਂ ਸੁਣਦਿਆਂ ਵੀਰ ਦੀ ਸਾਰੀ ਰੋਮਾਵਲੀ ਰੁਮਕ ਉਠੀ। ਐਸਾ ਜਾਪੇ ਕਿ "ਗੁਰਮੁਖ ਰੋਮਿ ਰੋਮਿ ਹਰਿ ਧਿਆਵੈ" ਵਾਲੇ ਗੁਰਵਾਕ ਦਾ ਪੂਰਨ ਪ੍ਰਭਾਵ ਬੱਝ ਰਿਹਾ ਸੀ। ਯਾ ਤਾਂ ਪੰਜੇ ਗੁਰਮੁਖ ਅਖੰਡ ਪਾਠੀਆਂ ਦੀ ਬਿਰਹ-ਬੇਧਨੀ-ਅਮਿਓ-ਰਸਾਇਣੀ ਸੇਧ ਵੀਰੜੇ ਦੇ ਹਿਰਦੇ ਰੂਪੀ ਗੁਲਜ਼ਾਰੀ ਦੇ ਉਪਰ ਸਿਧੀ ਸੱਟ ਵਜਵੀਂ ਪੈਂਦੀ ਰਹੀ, ਇਸ ਕਰਕੇ ਇਹ ਆਕਲ-ਵਿਆਕਲਨੀ ਦਸ਼ਾ ਵਾਪਰ ਗਈ ਹੋਣੀ ਹੈ, ਯਾ ਪਹਿਲਾਂ ਹੀ ਕਿਤੇ ਸੁਣਤੇ ਸੁਣਤੀ ਗੁਰਮਤਿ ਨਾਮ ਵੀਰ ਦੀ ਸਰੋਤ ਵਿਚ ਪੈ ਗਿਆ ਹੋਣਾ ਹੈ। ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅੰਮ੍ਰਿਤ ਰੂਪ ਗੁਰਬਾਣੀ ਦੇ ਨਿਸਬਾਸਰ ਅਧੈਨ ਕਰਕੇ ਅੰਮ੍ਰਿਤ ਕਲਾ ਸੁਤੇ ਹੀ ਸਫੁਰਨ ਹੋ ਗਈ ਹੋਣੀ ਹੈ। ਚੇਹਰੇ ਦਾ ਰੰਗ ਦਮ-ਬ-ਦਮ ਚਲੂਲੀ ਭਾਹ ਵਿਚ ਪਲਟਦਾ ਜਾਵੇ। ਦਰਸ਼ਨ ਕਰਨਹਾਰਿਆਂ ਤੋਂ ਇਹ ਦਰਸ਼ਨ ਸਹਾਰਿਆ ਨਾ ਜਾਵੇ। ਇਕ ਤਾਂ ਬਾਲੀ ਬਰੇਸ ਅਤੇ ਸਰੀਰਕ ਸੁੰਦਰਤਾ ਪਹਿਲਾਂ ਹੀ ਕੁਦਰਤ ਨੇ ਚੋਖੀ ਸਰਲਤਾ ਵਿਚ ਬਖਸ਼ੀ ਹੋਈ ਸੀ, ਉਪਰੋਂ ਸਤਿਸੰਗ-ਰੰਗਾਂ ਦੀ ਅਮਿਓ-ਰਸ-ਪ੍ਰਗਾਸਨੀ ਭਾਹ ਚੜ੍ਹ ਗਈ। ਅੰਮ੍ਰਿਤ-ਮੱਜਨੀ-ਇਸ਼ਨਾਨ ਤਾਂ ਲਗਾਤਾਰ ਨਿਸਬਾਸਰੀ ਵੇਗ ਵਿਚ ਕਰਦੇ ਹੀ ਰਹੇ ਸਨ, ਹੁਣ ਸੁਕੇਸ਼ ਇਸ਼ਨਾਨ ਕਰਨ ਦਾ ਫੇਰ ਹੁਕਮ ਪੰਜਾ ਪਿਆਰਿਆਂ ਵਲੋਂ ਚੜ੍ਹ ਗਿਆ। ਅੰਮ੍ਰਿਤ-ਸੰਚਾਰ ਦਾ ਸਮਾਗਮ ਅਰੰਭ ਹੋ ਗਿਆ। ਓਹੀ ਪੰਜੇ ਗੁਰਮੁਖ ਪਿਆਰੇ ਪਾਠੀ ਸਜਣ, ਜੋ ਅੰਮ੍ਰਿਤ ਕਲਾ ਵਰਤਾਉਂਦੇ ਰਹੇ ਸਨ, ਜਿਨ੍ਹਾਂ ਦੇ ਰੋਮ ਰੋਮ ਵਿਚੋਂ ਅੰਮ੍ਰਿਤ-ਫੁਹਾਰੇ ਛੁਟਦੇ ਸਨ, ਅੰਮ੍ਰਿਤ-ਸਮਾਗਮੀ-ਪੰਜਾਂ ਪਿਆਰਿਆਂ ਦੀ ਸੇਵਾ ਲਈ ਤੱਤਪਰ ਹੋ ਗਏ। ਅੰਮ੍ਰਿਤ-ਅਧਿਕਾਰੀ ਜਗਿਆਸੂ ਜਨ ਬਾਰੰਬਾਰ ਇਕ ਇਕ ਕਰਕੇ ਪੰਜਾਂ ਪਿਆਰਿਆਂ ਅਗੇ ਪੇਸ਼ ਹੋਣ ਲਗੇ। ਸਾਰੇ ਅੰਮ੍ਰਿਤ-ਅਧਿਕਾਰੀਆਂ ਵਿਚੋਂ ਚਾਰ ਅੰਮ੍ਰਿਤ-ਅਧਿਕਾਰੀ ਸੱਜਣ ਹੀ ਚੁਣੇ ਗਏ।

ਸਭ ਤੋਂ ਪ੍ਰਿਥਮ ਸਾਡੇ ਵੀਰ ਪਿਆਰੜੇ ਵੀਰ ਗੁਰਬਖਸ਼ ਸਿੰਘ ਜੀ ਨਿਰਸੰਦੇਹ ਚੋਣ ਵਿਚ ਆਏ। ਉਨ੍ਹਾਂ ਦੇ ਅਧਿਕਾਰਾਂ ਵਿਚ ਕੋਈ ਭੀ ਸੰਦੇਹ ਨਹੀਂ ਸੀ। ਪੰਜਾਂ ਪਿਆਰਿਆਂ ਗੋਚਰੀ

ਪੜਤਾਲ ਵਿਚ ਕੋਈ ਭੀ ਸੰਦੇਹ ਨਹੀਂ ਸੀ। ਪੰਜਾਂ ਪਿਆਰਿਆਂ ਗੋਚਰੀ ਪੜਤਾਲ ਵਿਚ ਉਹ ਨਰੋਤਮ ਅਤੇ ਸੂਰੇ ਉਤਰੇ। ਉਸ ਤੋਂ ਦੂਸਰੇ ਦਰਜੇ ਤੇ ਵੀਰ ਲਾਲ ਸਿੰਘ ਜੀ ਸਨ, ਜੋ ਭੁਯੰਗੀ ਸਭਾ ਲੁਧਿਆਣੇ ਦੀ ਸਕੱਤਰੀ ਦੀ ਸੇਵਾ ਭੀ ਕਰਦੇ ਰਹੇ ਸਨ। ਇਹ ਭਾਈ ਗੁਰਬਖਸ਼ ਸਿੰਘ ਜੀ ਦੀ ਨਿਆਈਂ ਇਕ-ਤਾਰ-ਲਿਵ ਵਿਚ ਅਤੇ ਇਕੋ ਨਿਸ਼ੱਸਤ ਵਿਚ ਬੈਠ ਕੇ ਸਾਰਾ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਸੁਣ ਸਕੇ ਸਨ। ਫੇਰ ਭੀ ਬਹੁਤ ਹੱਦ ਤਕ ਵਧੇਰੀ ਤੇ ਘਨੇਰੀ ਹਾਜ਼ਰੀ ਪੂਰੀ ਕੀਤੀ। ਗੱਲ ਕੀ, ਇਸ ਵੀਰ ਲਾਲ ਸਿੰਘ ਜੀ ਦੇ ਅੰਮ੍ਰਿਤ-ਅਧਿਕਾਰੀ ਚੁਣਨ ਵਿਚ ਭੀ ਕੋਈ ਇਤਨੀ ਦਿੱਕਤ ਪੇਸ਼ ਨਹੀਂ ਆਈ। ਚੁਣੇ ਜਾਣ ਦਾ ਜਦ ਪੰਜਾਂ ਪਿਆਰਿਆਂ ਵਲੋਂ ਹੁਕਮ ਹੋਇਆ ਤਾਂ ਵੀਰ ਲਾਲ ਸਿੰਘ ਜੀ ਨਿਹਾਲੋ ਨਿਹਾਲ ਤੇ ਗਦ ਗਦ ਹੋ ਗਏ। ਤੀਜੇ ਦਰਜੇ ਤੇ ਵੀਰ ਨਾਹਰ ਸਿੰਘ ਜੀ (ਜੋ ਅੱਜ ਕਲ੍ਹ ਗਿਆਨੀ ਨਾਹਰ ਸਿੰਘ ਕਹਾਉਂਦੇ ਹਨ) ਚੋਣ ਵਿਚ ਕਬੂਲ ਕੀਤੇ ਗਏ। ਚਾਹੇ ਉਨ੍ਹਾਂ ਦੀ ਆਤਮ-ਅਧਿਕਾਰਤਾ-ਬਿਰਤੀ ਹੈਰਾਨ ਹੋਣ ਕਰਕੇ ਖਿੰਡੀ ਖਪਰੀ ਦਸ਼ਾ ਵਿਚ ਹੀ ਸੀ, ਪਰੰਤੂ ਉਨ੍ਹਾਂ ਦੇ ਰਾਹੀਂ ਅਨੇਕਾਂ ਦੀਵਿਆਂ ਨੂੰ ਜਗਾਣ ਵਾਲੀ ਸੇਵਾ ਇਤਨੀ ਪ੍ਰਬਲ ਸੀ ਕਿ ਉਨ੍ਹਾਂ ਨੂੰ ਅੰਮ੍ਰਿਤ-ਅਧਿਕਾਰੀਆਂ ਦੀ ਚੋਣ ਵਿਚ ਅਵੱਸ਼ ਹੀ ਲਿਆ ਗਿਆ। ਚੌਥਾ ਭੁਝੰਗੀ ਜੋ ਚੁਣਿਆ ਗਿਆ, ਉਸ ਦਾ ਨਾਮ ਭਾਈ ਖੇਮ ਸਿੰਘ ਸੀ (ਪਿੰਡ ਰਕਬਾ ਜ਼ਿਲਾ ਲੁਧਿਆਣਾ, ਜੋ ਕਈ ਬਰਸ ਹੋਏ ਚਲਾਣਾ ਕਰ ਚੁਕੇ ਹਨ)।

ਅੰਮ੍ਰਿਤ ਸੰਚਾਰ ਆਰੰਭ ਹੋ ਗਿਆ। ਵੀਰ ਗੁਰਬਖਸ਼ ਸਿੰਘ ਜੀ ਨੇ ਪਹਿਲਾ ਹੀ ਅੰਮ੍ਰਿਤ ਦਾ ਚੁਲਾ ਛਕਿਆ ਸੀ ਕਿ ਉਹ ਇਕ-ਦਮ ਲੋਟ ਪੋਟ ਦਸ਼ਾ ਵਿਚ ਅਲਮਸਤ ਹੋ ਗਏ। ਵੀਰ ਦੇ ਨੇਤਰਾਂ ਅੰਦਰ ਪਹਿਲਾ ਹੀ ਅੰਮ੍ਰਿਤ ਦਾ ਛੱਟਾ ਵਜਿਆ ਸੀ ਕਿ ਅੱਖੀਆਂ ਟਟਾਰੇ ਜਾ ਲੱਗੀਆਂ। ਦਸਵੇਂ ਦੁਆਰ ਵਿਖੇ ਅੰਮ੍ਰਿਤ-ਅੰਜਲੀਆਂ ਦੇ ਸੰਚਾਰ ਹੋਣ ਸਾਰ ਹੀ ਉਸ ਦੇ ਕਪਾਟ ਖੁਲ੍ਹ ਗਏ। ਗੁਰ-ਦੀਖਿਆ ਜਦੋਂ ਪੰਜਾਂ ਪਿਆਰਿਆਂ ਦੁਆਰਾ ਮਿਲੀ ਤਾਂ ਉਸ ਵੀਰ ਨੂੰ ਕੋਈ ਸੁਧ ਬੁਧ ਨ ਰਹੀ। ਨਿਰੰਕਾਰੀ ਮੰਡਲਾਂ ਵਿਚ ਜਾ ਖੇਡੇ। ਉਸ ਵੀਰ ਦੇ ਚੇਹਰੇ ਦੀ ਜੋਤਿ-ਝਲਕ ਝੱਲੀ ਨ ਜਾਏ। ਰੋਮ ਰੋਮ ਵਿਖੇ ਗੁਰਮਤਿ ਨਾਮ ਪ੍ਰਵੇਸ਼ ਹੋ ਗਿਆ। ਹਿਰਦੇ ਨਾਭੀ ਕਮਲ ਅੰਦਰ ਅੰਮ੍ਰਿਤੀਸ਼ਰ ਚਸ਼ਮਾ ਐਸਾ ਸਫੁਟ ਹੋਇਆ ਕਿ ਅਮਿਉ-ਰਸਾਇਣੀ-ਜਲਵਾ ਉਛਲ ਉਛਲ ਬਾਹਰ ਨੂੰ ਆਵੇ। ਪਿਆਰੇ ਗੁਰਬਖਸ਼ ਸਿੰਘ ਦੇ ਆਪ ਮੁਹਾਰੇ ਹੀ ਦੋਨੋਂ ਹੱਥ ਜੁੜ ਗਏ। ਐਸਾ ਪ੍ਰਤੀਤ ਹੋਵੇ ਕਿ ਅਜਰ ਨੂੰ ਜਰਨ ਦੀਆਂ ਅੰਤਰਗਤੀ ਬੇਨਤੀਆਂ ਹੋ ਰਹੀਆਂ ਹਨ। ਐਸਾ ਅਜਰ ਨੂੰ ਜਰਿਆ ਤੇ ਐਸਾ ਰਸ ਗਟਾਕ ਪਿਆਲਾ ਪੀਤਾ ਕਿ ਅੰਦਰੇ ਅੰਦਰ ਹੀ ਘੁਟ ਘੁਟ ਕੇ ਗਟਾਕ ਰਸ ਪੀ ਜਾਣ ਤੇ ਪੀਵੀ ਜਾਣ ਤੇ ਕਿਸੇ ਨੂੰ ਲਖਾਉਣ ਨਹੀਂ। ਇਸ ਵੀਰ ਦੀ ਅਚਰਜ ਦਸ਼ਾ ਦੇਖ ਕੇ ਪੰਜੇ ਪਿਆਰੇ ਭੀ ਅਤਿਅੰਤ ਮਹਿਜੂਜ਼ ਹੋਏ। ਇਹ ਪਹਿਲਾ ਨਜ਼ਾਰਾ ਸੀ ਕਿ ਅੰਮ੍ਰਿਤ ਛਕਣਹਾਰ ਦੀ ਅਜਿਹੀ ਆਤਮ-ਕਲਾ ਪਰਤੱਖ ਪੇਖੀ ਗਈ। ਉਸ ਪਿਆਰੇ ਨੂੰ ਤਾਂ ਖਬਰ ਨਹੀਂ ਕੀ ਪ੍ਰਤੀਤ ਹੋਇਆ ਹੋਣਾ ਹੈ, ਸਾਨੂੰ ਪੇਖਣਹਾਰਿਆਂ ਨੂੰ ਐਸਾ ਜਾਪੇ ਕਿ ਅਮਰ ਅਟਾਰੇ ਅਰਸ਼ੀ ਮੰਡਲਾਂ ਵਿਚ ਬੈਠੇ ਹਨ, ਇਸ ਸੰਸਾਰ ਨਾਲ ਕੁਝ ਵਾਸਤਾ ਹੀ ਨਹੀਂ। ਸਰੀਰਕ ਦੁਖ ਭੁਖ ਰੋਗ ਸਭ ਦੂਰ ਹੋ ਗਏ, ਖਾਣ ਪੀਣ ਛਕਣ ਛਕਾਉਣ ਦੀ ਰੁਚੀ ਤਾਂ ਉਥੇ ਕੀ ਸਫੁਰ ਹੋਣੀ ਸੀ, ਅਮੀ ਰਸਾਇਣ ਇਉਂ ਅੰਦਰੋਂ ਅਗੰਮੀ ਕਲਾ ਟੁੰਮ ਟੁੰਮ ਕੇ ਜਗਾਵੇ ਕਿ ਉਡ ਉਡ ਕੇ ਪ੍ਰਮਾਤਮਾ ਦੇ ਦੇਸ਼ ਵਿਚ ਹੀ ਜਾ ਵਸੀਏ, ਮੁੜ ਕੇ ਹਿਠਾਹਾਂ ਨਾ ਉਤਰੀਏ।

ਪਤਾ ਨਹੀਂ ਕਿਸ ਵੇਲੇ ਅੰਮ੍ਰਿਤ-ਸੰਚਾਰ ਸਮਾਗਮ ਸਮਾਪਤ ਹੋਇਆ। ਚੜ੍ਹੀ ਖੁਮਾਰੀ ਦੇ ਲੋਰ ਵਿਚ ਦਾਸ ਦੇ ਨਾਲ ਪੰਜਾਂ ਪਿਆਰਿਆਂ ਵਿਚੋਂ ਦੋ ਪਿਆਰੇ ਹੋਰ ਅਦ੍ਰਿਸ਼ਟ ਹੀ ਨੰਗੇ ਪੈਰੀਂ ਓਥੋਂ ਨਿਕਲ ਕੇ ਬਾਹਰਵਾਰ ਢਾਬ ਵਲ ਨੂੰ ਤੁਰ ਪਏ। ਥੋੜੇ ਕਦਮਾਂ ਤੇ ਜਾ ਕੇ ਕੀ ਪਤਾ ਲਗਾ ਕਿ ਉਹ ਨਵੀਨ ਚੋਜਲ ਹੰਸਾਂ ਦੀ ਜੋੜੀ (ਵੀਰ ਗੁਰਬਖਸ਼ ਸਿੰਘ ਅਤੇ ਲਾਲ ਸਿੰਘ) ਸਾਡੇ ਪਿਛੇ ਦੌੜੀ ਚਲੀ ਆਉਂਦੀ ਹੈ। ਮਿੰਟਾਂ ਸਕਿੰਟਾਂ ਵਿਚ ਅਸੀਂ ਢਾਬ ਵਾਲੀ ਮੰਜ਼ਲ ਵਿਚ ਜਾਇ ਪੁਜੇ। ਇਹ ਢਾਬ ਨਾਰੰਗਵਾਲ ਤੇ ਗੁਜਰਵਾਲ ਦੇ ਵਿਚਕਾਰ ਨਿਰੀ ਉਦਿਆਨ ਤੇ ਇਕਾਂਤ ਵਿਚ ਵਾਕਿਆ ਹੈ। ਨਿਰਮਲ ਜਲ ਡਲ੍ਹ ਡਲ੍ਹ ਕਰਦਾ ਸੀ। ਉਸ ਦੇ ਕਿਨਾਰੇ ਨਵੀਨ ਹੰਸਲੇ ਵੀਰ ਗੁਰਬਖਸ਼ ਸਿੰਘ ਜੀ ਜਾਇ ਸਮਾਧ-ਸਥਿਤ ਹੋਏ। ਅਸੀਂ ਤਾਂ ਦੂਰੋਂ ਬੈਠੇ ਬਿਠਾਏ ਲੇਟੇ ਲਿਟਾਏ ਨਵਲ ਰਲਿਆਲੇ ਵੀਰ ਦੇ ਚੋਜ ਵੇਖ ਵੇਖ ਕੇ ਬਿਸਮ ਹੋ ਰਹੇ ਹਾਂ। ਵੇਖ ਵੇਖ ਕੇ ਅਸਾਡੀ ਬਿਰਤੀ ਦੂਣ ਸਵਾਈਆਂ ਦਹ ਦੂਣ ਉਡਾਰੀਆਂ ਮਾਰ ਰਹੀ ਹੈ। ਵਿਚਾਰਾ ਲਾਲ ਸਿੰਘ ਤਾਂ ਦੂਰ ਪਿਆ ਲੇਟ ਰਿਹਾ ਹੈ। ਹਾਲੋਂ ਬੇਹਾਲ ਹੋ ਰਿਹਾ ਹੈ। ਲੰਗਰ ਸਜਿਆ ਸਜਾਇਆ ਛਡ ਕੇ, ਬਿਨਾਂ ਖਾਣ ਪਾਨ ਕੀਤੇ ਦੇ ਹੀ ਉਸ ਉਦਿਆਨ ਦੇ ਬਸੇਰੇ ਵਿਚ ਉਤਰੇ ਹਨ। ਇਕ ਛਿਨ ਵਿਚ ਐਸਾ ਪ੍ਰਤੀਤ ਹੋਇਆ ਕਿ ਕਈ ਘੜੀਆਂ ਬਤੀਤ ਹੋ ਗਈਆਂ ਹਨ ਤੇ ਐਸਾ ਜਾਪਿਆ ਕਿ ਪਿਛਲੇ ਮਰਜੀਵੜੇ ਲੰਗਰ ਛਕਾਉਣਹਾਰੇ ਸੇਵਕ ਬੜੀ ਬਿਹਬਲਤਾ ਸਹਿਤ ਸਾਡੀ ਉਡੀਕ ਕਰਦੇ ਹਨ ਅਤੇ ਉਡੀਕ ਕਰਦੇ ਕਰਦੇ ਸਰਬਲੋਹੀ ਬਿਬੇਕ ਦੇ ਛਾਂਦੇ ਲੈ ਕੇ ਢਾਬ ਵਲ ਨੂੰ ਤੁਰਨ ਲਗੇ ਹਨ। ਅਸਾਡੇ ਸਾਰਿਆਂ ਦੇ ਹਿਰਦੇ 'ਚੋਂ ਇਕ-ਦਮ ਇਹੀ ਅਵਾਜ਼ ਨਿਕਲੀ, ਚਲੋ ਇਸ ਥਾਂ ਤੋਂ ਚਲ ਤੁਰੀਏ, ਨਿਕਲ ਕੇ ਕਿਸੇ ਹੋਰ ਥਾਂ ਜਾਇ ਗੁਪਤ ਹੋਈਏ।'

ਪਤਾ ਨਹੀਂ, ਕਿਹੜੀ ਆਕਰਖਣ ਸ਼ਕਤੀ ਖਿਚੀ ਚਲੀ ਜਾਂਦੀ ਸੀ ਤੇ ਕਿਧਰ ਨੂੰ ਲਈ ਜਾਂਦੀ ਸੀ। ਗੱਲ ਕੀ, ਧੂੰਹਦੇ ਧੂੰਹਦੇ ਅਸੀਂ ਪਿੰਡ ਫਲੇਵਾਲ ਦੀ ਜੂਹ ਵਿਚ ਆ ਵੜੇ, ਜੋ ਨਾਰੰਗਵਾਲ ਤੋਂ ਦੋ ਕੋਹ ਦੇ ਫਾਸਲੇ ਤੇ ਹੈ। ਇਹ ਸੁਧ ਨਹੀਂ ਰਹੀ ਕਿ ਗੁਜਰਵਾਲ ਨੂੰ, ਜੋ ਦੋਹਾਂ ਪਿੰਡਾਂ ਦੇ ਵਿਚਕਾਰ ਆਉਂਦਾ ਹੈ, ਕਦੋਂ ਲੰਘ ਆਏ ਹਾਂ। ਫਲੇਵਾਲ ਪਹੁੰਚ ਕੇ ਅਸੀਂ ਭਾਈ ਸਰਵਣ ਸਿੰਘ ਦੀ ਕੁਟੀਆ ਵਿਚ ਜਾ ਵੜੇ, ਜੋ ਫਲੇਵਾਲ ਤੋਂ ਫਰਲਾਂਗ ਦੋ ਫਰਲਾਂਗ ਦੇ ਫਾਸਲੇ ਤੇ ਹੈ। ਬੜਾ ਨਿਵੇਕਲਾ ਸਥਾਨ ਸੀ। ਛੱਪਰ ਛਾਏ ਹੋਏ ਸਨ, ਛੱਪਰ ਤੋਂ ਬਾਹਰਵਾਰ ਬੈਠੇ ਹੀ ਕੂਪ ਦੇ ਕਿਨਾਰੇ ਤੇ ਸਜ ਕੇ ਵੀਰ ਗੁਰਬਖਸ਼ ਸਿੰਘ ਜੀ ਨੇ ਇਕ ਪ੍ਰੇਮ-ਬੇਧਨੀ ਕੀਰਤਨ ਧੁਨੀ ਦੀ ਐਸੀ ਕਿਲਕਾਰ ਲਾਈ ਕਿ ਸਾਰੇ ਜੰਗਲ-ਮੰਡਲ ਨੂੰ ਚੀਰ ਕੇ ਦੂਰ ਦੁਰਾਡੇ ਤਾਈਂ ਜਾਇ ਪ੍ਰਵੇਸ਼ ਹੋਈ। ਕੀਰਤਨ ਅਰੰਭ ਹੋ ਗਿਆ, ਅਸੀਂ ਭੀ ਸਾਰੇ ਨਾਲ ਹੀ ਜੁਟ ਗਏ। ਕੁਟੀਆ ਦੇ

ਅੰਦਰੋਂ ਭਾਈ ਸਰਵਣ ਸਿੰਘ ਜੀ ਨੇ ਵਾਜਾ ਤੇ ਢੋਲਕੀ ਕੀਰਤਨੀ ਸਾਜ ਆਣ ਮੌਜੂਦ ਕੀਤੇ। ਫਿਰ ਤਾਂ ਅਪਾਰ ਤੇ ਅਗਾਧ ਕੀਰਤਨ-ਧੁਨੀਆਂ ਲਗ ਗਈਆਂ। ਪਤਾ ਨਹੀਂ ਕਿਤਨਾ ਸਮਾਂ ਇਨ੍ਹਾਂ ਕੀਰਤਨ-ਰੰਗਾਂ ਵਿਚ ਬਤੀਤਿਆ। ਅੱਖੀਆਂ ਝਮਕੀਆਂ ਤੋਂ ਪਤਾ ਲਗਾ ਕਿ ਫਲੇਵਾਲ ਦੀ ਬੇਅੰਤ ਸੰਗਤ ਸਨਮੁਖ ਆਇ ਜੁੜੀ ਹੈ। ਗੁਰਮੁਖ ਪਿਆਰੇ ਬਾਬਾ ਰਾਮ ਸਿੰਘ ਜੀ ਤੇ ਮਾਈ ਪ੍ਰੇਮ ਕੌਰ ਜੀ ਨੈਨ ਨੀਰ ਪੁਲਕ੍ਰਿਤ ਹੋਏ ਖਲੋਤੇ ਹਨ। ਪਰਸਪਰ ਰਮਜ਼ਾਂ ਮਿਲ ਗਈਆਂ, ਇਸ਼ਾਰੇ ਹੋਣ ਦੀ ਦੇਰ ਹੀ ਸੀ ਕਿ ਓਥੇ ਇਕਾਂਤ ਛਾਇ ਛੱਪਰ ਅੰਦਰ ਹੀ ਅਖੰਡ ਪਾਠ ਸਮਾਗਮ ਦੇ ਸਰੰਜਾਮ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਚਾਦਨੀਆਂ ਤਾਂ ਅੰਦਰ ਪਹਿਲਾਂ ਹੀ ਲਗੀਆਂ ਲਗਾਈਆਂ ਸਨ ਤੇ ਵਿਛਾਈਆਂ ਭੀ ਹੋਈਆਂ ਹਵਾਈਆਂ ਸਨ। ਪ੍ਰੇਮ-ਮਟਕ ਵਿਚ ਲੜਖੜਾਂਦੇ ਹੋਏ ਤੇ ਕੀਰਤਨ ਅਲਾਪ ਅਲਾਂਦੇ ਹੋਏ ਹੀ ਤਿਆਰ ਹੋਏ ਅਖੰਡ ਪਾਠ ਮੰਡਲ ਦੇ ਅੰਦਰ ਸਾਰੇ ਦੇ ਸਾਰੇ ਜਾਇ ਪਰਵੇਸ਼ ਹੋਏ। ਬਿਸਮਾਦੀ ਕੀਰਤਨ ਅਰੰਭ ਹੋ ਗਿਆ। ਚਾਰ ਚੁਫੇਰਿਓਂ ਅਗੰਮੀ ਕੀਰਤਨੀਏ ਆ ਜੁੜੇ। ਐਸੇ ਜੁੜੇ ਕਿ ਇਕ ਵਜੇ ਤਕ ਜੁੜੇ ਹੀ ਰਹੇ। ਬਾਬਾ ਰਾਮ ਸਿੰਘ ਜੀ ਦੀ ਪ੍ਰੇਮ-ਰਮਜ਼ਨੀ ਦੇ ਪ੍ਰਾਇਣ ਹੋ ਕੇ ਸਭਨਾਂ ਨੇ ਸੌਚ ਇਸ਼ਨਾਨ ਕੀਤਾ, ਨਿਤਨੇਮ ਅਰੰਭ ਕੀਤੇ। ਅੰਮ੍ਰਿਤ ਵੇਲੇ ਚਾਰ ਵਜਦੇ ਨੂੰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ। ਇਹ ਪਹਿਲਾ ਆਸਾ ਜੀ ਦੀ ਵਾਰ ਦਾ ਕੀਰਤਨ ਹੈ ਜਿਸ ਵਿਚ ਅਜ਼ਗੈਬੀ ਦੇ ਖੇੜੇ ਖਿੜੇ। ਸੁਧਾ-ਪਾਇਨੀ-ਅੰਮ੍ਰਿਤ ਭਰੇ ਕੀਰਤਨ ਦੇ ਐਸੇ ਰੰਗ ਚੜ੍ਹੇ ਕਿ ਜੋ ਜੋ ਭੀ ਆਵੇ, ਸੋ ਸੋ ਵੀਰ ਗੁਰਬਖਸ਼ ਸਿੰਘ ਦੇ ਚੇਹਰੇ ਨੂੰ ਦੇਖ ਦੇਖ ਕੇ ਹੀ ਵੈਰਾਗੀ ਬਣਦਾ ਜਾਵੇ ਤੇ ਜਿਉਂ ਬੈਠੇ, ਮੁੜ ਕੇ ਉਠਣ ਜੋਗਾ ਨਾ ਰਹੇ।

ਗੱਲ ਕੀ, ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਪੈਣ ਸਾਰ ਹੀ ਸਾਢੇ ਗਿਆਰਾਂ ਵਜੇ ਦੇ ਕਰੀਬ ਸ੍ਰੀ ਅਖੰਡ ਪਾਠ ਦਾ ਅਰੰਭ ਹੋ ਗਿਆ। ਅਖੰਡ ਪਾਠੀ ਸੱਜਣ ਇਕ ਦੂੰ ਇਕ ਚੜ੍ਹਦੇ ਸਨ, ਪ੍ਰੇਮ ਵੈਰਾਗ ਦੇ ਪੁਤਲੇ ਸਨ। ਘੰਟਿਆਂ ਬੱਧੀ ਬੜੀਆਂ ਉੱਚੀਆਂ ਧੁਨਾਂ ਸਹਿਤ ਇਕ ਇਕ ਅਖੰਡ ਪਾਠੀ ਸੱਜਣ ਨੇ ਐਸਾ ਹਿਰਦੇ-ਵੇਧਕ ਪਾਠ ਕੀਤਾ ਕਿ ਸਾਰੀ ਸੁਣਨਹਾਰੀ ਸੰਗਤ ਆਪ-ਮੁਹਾਰੀ ਝੂਲੇ, ਅਤੇ ਝੂਲ ਝੂਲ ਅਨੰਦ ਰਸ ਦੇ ਗਟਾਕ ਪੀਏ। ਪਾਠ ਦੀ ਇਕ ਇਕ ਤੁਕ ਸਾਰੇ ਸਰੋਤੇ ਜਨਾਂ ਦੇ ਅੰਦਰ ਧਸਦੀ ਜਾਵੇ, ਵਸਦੀ ਜਾਵੇ, ਰਸਦੀ ਜਾਵੇ। ਪਹਿਲਾ ਅਖੰਡ ਪਾਠੀ ਬੈਠਾ ਤੇ ਬੈਠੇ ਨੂੰ ਤਿੰਨ ਘੰਟੇ ਤੋਂ ਭੀ ਉਪਰ ਹੋ ਗਏ। ਉਠਾਇਆਂ ਉਠੇ ਨਾ, ਉਠਾਉਣ ਵਾਲਾ ਅਖੰਡ ਪਾਠੀ ਭੀ ਪਹਿਲੇ ਅਖੰਡ ਪਾਠੀ ਦੇ ਕੋਲ ਸਮਾਧ-ਸਥਿਤ ਹੋ ਗਿਆ। ਉਸ ਦੀ ਬੈਠਣ ਦੀ ਸੁਧ ਬੁਧ ਨ ਰਹੀ। ਮੇਰੇ ਹਿਰਦੇ ’ਚੋਂ ਅਜ਼ਗੈਬੀ ਲੋਰ ਲਹਿਰ ਉੱਠੀ ਕਿ ਹੁਣ ਨਵਲ ਸੁਹਾਗਵੰਤੇ ਵੀਰ ਗੁਰਬਖਸ਼ ਸਿੰਘ ਜੀ ਅਖੰਡ ਪਾਠ ਕਰਨਗੇ। ਕਿਸੇ ਨੂੰ ਕੋਈ ਪਤਾ ਨਹੀਂ ਕਿ ਇਹ ਅਖੰਡ ਪਾਠੀ ਹੈਨ ਭੀ ਕਿ ਨਹੀਂ, ਨਾ ਹੀ ਮੈਨੂੰ ਪਤਾ ਸੀ ਤੇ ਨਾ ਹੀ ਉਨ੍ਹਾਂ ਨੂੰ ਅਖੰਡ ਪਾਠ ਵਿਚ ਕਦੇ ਲਾਇਆ ਸੀ। 16 ਬਰਸਾਂ ਦੀ ਬਰੇਸ ਦੇ ਭੁਯੰਗੀ ਨੂੰ ਇਕ-ਦਮ ਅਖੰਡ ਪਾਠੀ ਬਣਾ ਦੇਣਾ ਇਹ ਸਤਿਗੁਰਾਂ ਦੀ ਅਗਾਧ ਕਲਾ ਸੀ। ਇਸ ਹਿਰਦੇ ਵਿਚੋਂ ਉਤਸ਼ਾਹਕ ਇਸ਼ਾਰਾ ਹੋਣ ਦੀ ਦੇਰ ਹੀ ਸੀ ਕਿ ਹੰਸਲੇ ਵੀਰ ਗੁਰਬਖਸ਼ ਸਿੰਘ ਜੀ ਹੋ ਰਹੇ ਅਖੰਡ ਪਾਠ ਦੇ ਤਾਬਿਆ ਬੈਠੇ ਦੋ ਹੰਸਲਿਆਂ ਦੇ ਸਿਰ ਤੇ ਜਾ ਖਲੋਤੇ ਤੇ ਖਲੇ ਖਲੋਤਿਆਂ ਨੇ ਹੀ ਬੜੀ ਤੇਜ਼ ਰਫਤਾਰ ਵਿਚ ਹੋ ਰਹੇ ਅਖੰਡ ਪਾਠ ਦੀ ਤੁਕ ਜਾ ਫੜੀ ਤੇ ਖਲੋਤਿਆਂ ਨੇ ਹੀ ਐਸੀ ਧੁਨੀ ਗੁੰਜਾਈ ਕਿ ਤਾਬਿਆਂ ਬੈਠੇ ਦੋਨੋਂ ਪਹਿਲੇਰੇ ਅਖੰਡ ਪਾਠੀ ਸਜਣ ਪ੍ਰੇਮ-ਲਟਕ ਵਿਚ ਲਾਂਭੇ ਹੋ ਗਏ। ਪਿਆਰਾ ਪ੍ਰੇਮ-ਲਹਿਰ ਵਿਚ ਵਲੂੰਦਰਿਆ ਹੋਇਆ ਵੀਰ ਗੁਰਬਖਸ਼ ਸਿੰਘ ਰਸ-ਗੀਧੇ ਹਿਰਦੇ ਵਿਚ ਸ਼ਬਦ ਧੁਨੀ ਨਾਲ ਭਰਪੂਰ ਲੀਣ ਹੋਇਆ ਹੋਇਆ ਚੌਂਕੜਾ ਮਾਰ ਕੇ ਤਾਬੇ ਜਾ ਸਜਿਆ ਅਤੇ ਅਸਚਰਜ ਕੌਤਕੀ ਵੇਗਾਂ ਵਿਚ ਅਖੰਡ ਪਾਠ ਅਰੰਭ ਕਰ ਦਿਤਾ। ਸੁਣਨਹਾਰੇ ਦੰਗ ਰਹਿ ਗਏ, ਸਭੇ ਮਸਤੰਗ ਹੋ ਗਏ। ਸਰੋਤਿਆਂ ਤੇ ਐਸੇ ਰੰਗ ਚੜ੍ਹੇ ਕਿ ਅਸਚਰਜ ਰਸ-ਲਟਕ ਵਿਚ ਝੂੰਮਣ ਤੇ ਝੂਲਣ ਲਗ ਪਏ। ਪਾਠ ਕਰੰਦੇ ਵੀਰ ਗੁਰਬਖਸ਼ ਸਿੰਘ ਦੇ ਮੁਖ ਦੀਆਂ ਲਾਲੀਆਂ, ਐਸੀਆਂ ਰੰਗ ਚਲੂਲ ਗੁਲਾਲੀਆਂ ਹੋਇ ਬਿਗਸੀਆਂ ਕਿ ਝੱਲੀਆਂ ਨਾ ਜਾਣ। ਇਕ ਕਟਕ ਕੌਤਕੀ ਨਜ਼ਾਰਾ ਬੱਝ ਗਿਆ। ਇਸਤ੍ਰੀ ਮਰਦ ਦੂਰ ਤਾਈਂ ਬੈਠੇ ਬੈਠੇ ਉਠ ਕੇ ਖਲੋ ਗਏ ਤੇ ਦੋ ਕਰ ਜੋੜ ਬਿਨੈ ਅਲਾਪੀ, ਅੰਦਰੇ ਅੰਦਰ ਵਿਗਸਾਪੀ ਲਹਿਰ ਵਿਚ ਅਨੰਦ ਮਾਨਣ ਲਗੇ। ਪੰਜ ਘੰਟੇ ਤਾਈਂ ਇਹੀ ਅਨੰਦ-ਨਜ਼ਾਰਾ ਖਿੜਿਆ ਰਿਹਾ। ਉਠਣ ਵਾਲਾ ਕੋਈ ਉਠੇ ਨਾ, ਬੈਠਣ ਵਾਲਾ ਕੋਈ ਬੈਠੇ ਨਾ, ਖੜ੍ਹਨ ਵਾਲੇ ਖੜੇ ਹੀ ਰਹੇ। ਲਾਗੇ ਚਾਗੇ ਦੇ ਸਾਰੇ ਪਿੰਡਾਂ ਵਿਚ ਜਾ ਖਬਰ ਹੋਈ। ਹੁਮ-ਹੁਮਾ ਕੇ ਸੰਗਤਾਂ ਆ ਗਈਆਂ। ਜੰਗਲ ਵਿਚ ਮੰਗਲ ਬਣ ਗਿਆ। ਸਾਰਾ ਵਿਸਥਾਰ ਕੀ ਦਸਣਾ ਹੈ, ਸੰਖੇਪ ਮਾਤ੍ਰ ਹੀ ਬਹੁਤੇਰਾ ਹੈ ਕਿ ਉਹ ਸਾਰਾ ਅਖੰਡ ਪਾਠ ਏਸੇ ਵੇਗ ਵਿਚ ਸਮਾਪਤ ਹੋਇਆ।

ਭੋਗ ਪਏ, ਪੰਚਾ ਅੰਮ੍ਰਿਤੀ ਭੋਗ ਲਗੇ। ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੇ ਗਫੇ ਸਭ ਨੇ ਭੁੰਚੇ। ਭੁੰਚਣ ਸਾਰ ਹੀ ਉਹ ਪੰਜੇ ਹੰਸਲੇ ਉਥੋਂ ਫੇਰ ਉਡਾਰੀਆਂ ਮਾਰ ਤੁਰੇ। ਸਾਰੀ ਸੰਗਤ ਲੰਗਰ ਵਲ ਧਾ ਕੇ ਚਲੀ ਗਈ। ਲੰਗਰ ਵਿਚ ਲੰਗਰ ਦੇ ਵਰਤਾਉਣ ਦੇ ਅਰਦਾਸੇ ਹੋ ਗਏ। ਸਰਬ ਲੋਹੀ ਲੰਗਰ ਸਜਿਆ ਸਜਾਇਆ ਹੀ ਰਹਿ ਗਿਆ। ਸਾਨੂੰ ਪੰਜਾਂ ਨੂੰ ਖਬਰੇ ਕਿਹੜੀ ਧੂਹ ਸੀ, ਜਿਹੜੀ ਲੈ ਤੁਰੀ। ਵੈਸਾਖ 1910 ਦਾ ਮਹੀਨਾ ਹੈ, ਗਰਮੀ ਖਾਸੀ ਹੋ ਗਈ ਸੀ, ਨਗਨ ਪੈਰੀਂ ਹੀ ਪਧਾਰ ਨਿਕਲੇ, ਸੀਸਾਂ ਉਤੇ ਕੰਬਲ ਦੇ ਦੁਮਾਲੇ ਹਨ। ਗਾਤਰੇ ਸਜਾਏ ਹੋਏ ਹਨ। ਚਕਰ ਗਲ ਵਿਚ ਲਟਕਦੇ ਹਨ। ਇਕ ਇਕ ਆਸਨ ਓੜ੍ਹਿਆ ਹੋਇਆ ਹੈ। ਤੇੜ ਕਛਹਿਰੇ ਹੀ ਕਛਹਿਰੇ ਹਨ, ਪਜਾਮਾ ਕਿਸੇ ਦੇ ਨਹੀਂ। ਨਾ ਕੋਈ ਰਾਹ ਹੈ ਨਾ ਪੰਧ ਹੈ। ਕਿਸੇ ਅਜ਼ਗੈਬੀ ਧੂਹ ਤੇ ਧੂਹੇ ਜਾਂਦੇ ਹਾਂ, ਪਤਾ ਨਹੀਂ ਕਿਥੇ ਜਾਂਦੇ ਹਾਂ। ਜਾਂਦਿਆਂ ਜਾਂਦਿਆਂ ਜਿਥੇ ਵੀਰ ਗੁਰਬਖਸ਼ ਸਿੰਘ ਜੀ ਕਿਲਕਾਰਨੀ ਧੁਨੀ ਲਾਇ ਖੜੋਵਣ, ਉਥੇ ਸਾਰੇ ਖੜ ਜਾਵੀਏ। ਗੁਰਬਖਸ਼ ਸਿੰਘ ਜੀ ਦੀ ਅਤਿ ਆਤਮ ਅਰੂੜ ਦਸ਼ਾ ਨੂੰ ਵੇਖ ਕੇ ਹੋਰ ਤਾਂ ਸਭ ਵਿਗਸਣ ਵਿਗਸਾਉਣ, ਪਰ ਪਿਆਰਾ ਲਾਲ ਸਿੰਘ ਝੂਰੇ ਤੇ ਝੂਰ-ਵਿਸੂਰਿਆਂ ਵਿਚ ਅੱਗ ਵਾਂਗੂ ਤਪਦੇ ਟਿਬਿਆਂ ਤੇ ਲੇਟਦਾ ਜਾਵੇ। ਹਾਵਾ ਪਛਤਾਵਾ ਇਹ ਕਿ ਮੇਰੀ ਇਹੀ ਦਸ਼ਾ ਅੰਮ੍ਰਿਤ ਛਕਣ ਸਾਰ ਕਿਉਂ ਨਹੀਂ ਹੋ ਗਈ। ਮੂਧੇ ਮੂੰਹ ਪਏ ਲਾਲ ਸਿੰਘ ਨੂੰ ਬੜੀ ਮੁਸ਼ਕਲਾਂ ਨਾਲ ਉਠਾ ਕੇ ਅਗਾਹਾਂ ਤੋਰਿਆ ਜਾਵੇ। ਤੁਰੇ ਜਾਂਦਿਆਂ ਨੂੰ ਕਿਸੇ ਨੂੰ ਇਹ ਪਤਾ ਨਹੀਂ ਕਿਸ ਰਸਤੇ ਜਾ ਰਹੇ ਹਾਂ।

LLLLLL

ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ
PERENNIAL PSYCHOLOGY OF THE BHAGVAD GITA

ਮੂਲ ਲੇਖਕ - ਡਾ ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 64)

ਯੋਗੀ ਵਾਲੀ ਦ੍ਰਿਸ਼ਟੀ

ਅਰਜਨ ਬਚਨ ਕਰਦਾ ਹੈ -

ਜੋ ਆਪ ਨੇ ਮੇਰੇ ਉਤੇ ਕ੍ਰਿਪਾ ਕਰਕੇ ਪਰਮ ਗੁਪਤ ਉਪਦੇਸ਼ ਦਿਤਾ ਹੈ ਉਸ ਨਾਲ ਮੇਰਾ ਮੋਹ ਹਟ ਗਿਆ ਹੈ।

ਹੇ ਕਮਲ ਨੈਣ! ਮੈਂ ਬੜਾ ਵਿਸਥਾਰਪੂਰਵਕ ਸੁਣਿਆ ਹੈ ਕਿ ਸਭ ਜੀਵਾਂ ਦੀ ਉਤਪਤੀ ਤੇ ਨਾਸ ਆਪ ਤੋਂ ਹੀ ਹੁੰਦਾ ਹੈ ਤੇ ਆਪ ਦੇ ਅਬਿਨਾਸ਼ੀ ਹੋਣ ਦੀ ਵਡਿਆਈ ਵੀ ਸੁਣੀ ਹੈ।

3. ਹੇ ਪ੍ਰਮੇਸ਼ਵਰ! ਜਿਸ ਤਰ੍ਹਾਂ ਆਪ, ਆਪਣੇ ਆਪ ਨੂੰ ਦਸਦੇ ਹੋ, ਆਪ ਬਿਲਕੁਲ ਉਸ ਤਰ੍ਹਾਂ ਦੇ ਹੀ ਹੋ। ਹੇ ਪਰਸ਼ੋਤਮ! ਮੈਂ ਆਪ ਦੇ ਸਰੂਪ ਨੂੰ ਹਰ ਰੂਪ ਵਿਚ ਦੇਖਣਾ ਚਾਹੁੰਦਾ ਹਾਂ।

4. ਹੇ ਪ੍ਰਭੂ! ਜੇ ਮੈਂ ਆਪ ਦਾ ਉਹ ਸਰੂਪ ਦੇਖਣ ਯੋਗ ਹਾਂ ਤਾਂ ਹੇ ਯੋਗੀਸ਼ੂਰ! ਉਹ ਆਪਣਾ ਅਬਿਨਾਸ਼ੀ ਸਰੂਪ ਮੈਨੂੰ ਦਿਖਾਓ।

ਇਸ ਅਧਿਆਇ ਦੀ ਮਹੱਤਤਾ ਪਿਛਲੇ ਅਧਿਆਇ ਨਾਲੋਂ ਵਧੇਰੀ ਹੈ। ਕਾਰਣ ਇਹ ਹੈ ਕਿ ਇਹ ਪ੍ਰਮਾਤਮਾ ਦਾ ਆਕਾਰ ਰੂਪ ਤੇ ਨਿਰਾਕਾਰ ਰੂਪ ਦੋਨੋਂ ਹੀ ਪੂਰੀ ਤਰ੍ਹਾਂ ਵਰਨਣ ਕਰਦਾ ਹੈ। ਇਸ ਵਿਚ ਮਨੁਖਤਾ ਦਾ ਨਿਸ਼ਾਨਾ ਵੀ ਦੱਸਿਆ ਗਿਆ ਹੈ। ਇਸ ਵਿਚ ਅਰਜਨ ਇਹ ਦਸਦਾ ਹੈ ਕਿ ਉਸ ਨੂੰ ਅਧਿਆਤਮਵਾਦ ਦਾ ਗੁਪਤ ਗਿਆਨ ਕ੍ਰਿਸ਼ਨ ਜੀ ਨੇ ਬੜੇ ਹੀ ਵਿਸ਼ੇਸ਼ ਰੂਪ ਵਿਚ ਤੇ ਬੜਾ ਵਿਸ਼ੇਸ਼ ਜਾਣ ਕੇ ਦਿਤਾ ਹੈ। ਅਰਜਨ ਇਹ ਵੀ ਦਸਦਾ ਹੈ ਜਿਹੜਾ ਵੀ ਗਿਆਨ ਕ੍ਰਿਸ਼ਨ ਜੀ ਨੇ ਉਸਨੂੰ ਦਿਤਾ ਹੈ ਉਸ ਨਾਲ ਉਸ ਦਾ ਅਗਿਆਨ ਦੂਰ ਹੋ ਗਿਆ ਹੈ। ਉਸ ਨੂੰ ਗੂੜ੍ਹ ਗਿਆਨ ਪ੍ਰਾਪਤ ਹੋਇਆ ਹੈ ਤੇ ਉਸ ਨੂੰ ਪਤਾ ਲੱਗਾ ਹੈ ਕਿ ਸਾਰੇ ਸੰਸਾਰ ਦਾ, ਸਭ ਦਾ ਰਚਨਹਾਰ ਇਕ ਪ੍ਰਮਾਤਮਾ ਹੈ। ਕ੍ਰਿਸ਼ਨ ਜੀ ਨੇ ਉਸ ਨੂੰ ਇਹ ਵੀ ਦੱਸਿਆ ਕਿ ਸਾਰੇ ਬ੍ਰਹਿਮੰਡ ਦੀ ਰਚਨਹਾਰ ਇਕ ਉਹ ਅਨੰਤ ਸ਼ਕਤੀ ਹੈ ਉਹ ਹੀ ਸਭ ਤੋਂ ਵੱਡੀ ਅਤੇ ਸਭ ਦੀ ਮਾਲਕ ਹੈ।

ਯੋਗ ਦੇ ਬਹੁਤ ਵੱਡੇ ਗੁਰੂ ਕ੍ਰਿਸ਼ਨ ਜੀ ਆਪ ਅਰਜਨ ਨੂੰ ਸਵੈ ਚੇਤਨਤਾ ਦੇ ਮਾਰਗ ਤੇ ਲੈ ਜਾ ਰਹੇ ਹਨ ਉਸ ਦਾ ਮਾਰਗ ਦਰਸ਼ਨ ਕਰ ਰਹੇ ਹਨ। ਅਜੇ ਅਰਜਨ ਦੀਆਂ ਦੋ ਇਛਾਵਾਂ ਬਾਕੀ ਹਨ - ਇਕ ਹੈ ਕਿ ਉਹ ਇਹ ਜਾਣ ਲਵੇ ਕਿ ਬ੍ਰਹਮ ਦੀਆਂ ਕੀ ਅਨੰਤ ਅਥਾਹ ਸ਼ਕਤੀਆਂ ਹਨ ਜਿਹੜੀਆਂ ਹੋਰ ਕਿਸੇ ਕੋਲ ਨਹੀਂ, ਬ੍ਰਹਮ ਨਿਰਾਕਾਰ ਹੈ, ਅਕਾਲ ਮੂਰਤ ਹੈ। ਬ੍ਰਹਮ ਨੂੰ ਅਸੀਂ ਨੇਤਰਾਂ ਨਾਲ ਨਹੀਂ ਦੇਖ ਸਕਦੇ, ਨਾ ਹੀ ਇੰਦ੍ਰੀਆਂ ਨਾਲ ਕਿਸੇ ਤਰ੍ਹਾਂ ਮਹਿਸੂਸ ਕਰ ਸਕਦੇ ਹਾਂ। ਮਨ ਨਾਲ ਵੀ ਨਹੀਂ ਜਾਣਿਆ ਜਾ ਸਕਦਾ। ਅਰਜਨ ਵਾਸਤਵ ਵਿਚ ਬ੍ਰਹਮ ਦੀਆਂ ਦੋਨੋਂ ਤਰ੍ਹਾਂ ਦੀਆਂ ਸ਼ਕਤੀਆਂ ਜਾਨਣਾ ਚਾਹੁੰਦਾ ਹੈ। ਸੂਖਮ ਤੇ ਪ੍ਰਤੱਖ ਦੋਨਾਂ ਦਾ ਪ੍ਰਕਾਸ਼ ਦੇਖਣਾ ਚਾਹੁੰਦਾ ਹੈ। ਅਰਜਨ ਕ੍ਰਿਸ਼ਨ ਜੀ ਨੂੰ ਬੇਨਤੀ ਕਰਦਾ ਹੈ ਕਿ ਉਹ ਉਸ ਨੂੰ ਬ੍ਰਹਮ ਦੇ ਸਵੈ ਵਿਦਮਾਨ ਹੋਣ ਦੀਆਂ ਸ਼ਕਤੀਆਂ ਦਿਖਾਉਣ।

5. ਹੇ ਪਾਰਥ! ਮੇਰੇ ਸੈਂਕੜੇ ਹਜ਼ਾਰਾਂ ਭਾਂਤ ਭਾਂਤ ਦੇ ਵਰਣ ਤੇ ਆਕਾਰਾਂ ਵਾਲੇ ਅਲੌਕਿਕ ਰੂਪਾਂ ਨੂੰ ਦੇਖ।

6. ਹੇ ਭਾਰਤ! ਅਨੇਕ ਸੂਰਜ, ਵਸੂ, ਰੁਦਰ, ਅਸ਼ਵਨੀ ਅਤੇ ਮਰੁਤ ਦੇਖ। ਅਨੇਕ ਅਸਚਰਜ ਰੂਪਾਂ ਨੂੰ ਦੇਖ ਜੋ ਤੂੰ ਪਹਿਲਾਂ ਕਦੇ ਨਹੀਂ ਦੇਖੇ।

7. ਹੇ ਗੁੜਾਕੇਸ਼! ਹੁਣ ਮੇਰੇ ਇਸ ਸਰੀਰ ਵਿਚ ਤੂੰ ਸਾਰੇ ਜਗਤ ਨੂੰ ਇਕੱਠਾ ਹੋਇਆ ਦੇਖ, ਹੋਰ ਵੀ ਜੋ ਕੁਝ ਤੂੰ ਦੇਖਣਾ ਚਾਹੁੰਦਾ ਹੈਂ ਦੇਖ।

8. ਪਰ ਤੂੰ ਇਨ੍ਹਾਂ ਨੇਤਰਾਂ ਨਾਲ ਉਹ ਨਹੀਂ ਦੇਖ ਸਕਦਾ, ਇਸ ਕਰਕੇ ਮੈਂ ਤੈਨੂੰ ਦਿਬਯ ਦ੍ਰਿਸ਼ਟੀ ਦਿੰਦਾ ਹਾਂ ਉਸ ਨਾਲ ਤੂੰ ਮੇਰੇ ਪ੍ਰਭਾਵ ਤੇ ਯੋਗ ਸ਼ਕਤੀ ਨੂੰ ਦੇਖ।

ਕ੍ਰਿਸ਼ਨ ਜੀ ਕਹਿੰਦੇ ਹਨ, "ਹੇ ਅਰਜਨ! ਮੇਰੇ ਬੇਅੰਤ ਰੂਪ ਹਨ, ਰੰਗ ਹਨ, ਆਕਾਰ ਹਨ। ਬੜੀਆਂ ਹੀ ਅਲੌਕਿਕ ਗੱਲਾਂ ਹਨ ਜਿਹੜੀਆਂ ਤੂੰ ਦੇਖੀਆਂ ਨਹੀਂ। ਸਾਰਾ ਸੰਸਾਰ, ਸਾਰੀ ਸ੍ਰਿਸ਼ਟੀ ਜੜ੍ਹ ਤੇ ਚੇਤਨ ਮੇਰੇ ਸਰੀਰ ਦੇ ਇਕ ਹਿੱਸੇ ਵਿਚ ਹੀ ਵਸਦੀ ਹੈ ਮੈਨੂੰ ਸਾਰੇ ਨੂੰ ਤੂੰ ਨਹੀਂ ਦੇਖ ਸਕਦਾ, ਤੂੰ ਮੇਰੇ ਸਮੁੱਚੇਪਨ ਤੋਂ ਅਜੇ ਜਾਣੂੰ ਨਹੀਂ ਹੈਂ, ਤੇਰੇ ਕੋਲ ਉਹ ਨੇਤਰ ਨਹੀਂ ਹਨ, ਇਸ ਕਰਕੇ ਮੈਂ ਤੈਨੂੰ ਦਿਬਯ ਦ੍ਰਿਸ਼ਟੀ ਦਿੰਦਾ ਹਾਂ ਜਿਸ ਨਾਲ ਤੂੰ ਪ੍ਰਮਾਤਮਾ ਦਾ ਸਮੁੱਚਾ ਰੂਪ ਦੇਖ ਸਕੇਂ।

ਯੋਗਿਕ ਗ੍ਰੰਥਾਂ ਅਨੁਸਾਰ ਜਿਹੜਾ ਯੋਗੀ ਸਮਾਧੀ ਸਥਿਤ ਹੋ ਕੇ ਸਮੁੱਚੇ ਸਰੀਰ ਦੀ ਵਰਤੋਂ ਦੇਖਣ ਲਈ ਕਰਦਾ ਹੈ, ਉਸ ਨੂੰ ਗੁਪਤ ਨੇਤਰ ਜਾਂ ਤੀਸਰਾ ਨੇਤਰ ਹੈ ਪ੍ਰਾਪਤ ਹੁੰਦਾ ਹੈ ਜਿਸ ਨਾਲ ਉਹ ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਨਾਲ ਦੇਖ ਸਕਦਾ ਹੈ। ਜਦੋਂ ਮਨ ਨੂੰ ਸਮੇਂ ਅਤੇ ਸਥਾਨ ਤੋਂ ਪਰ੍ਹੇ ਤੇ ਕਾਰਣ ਤੋਂ ਪਰ੍ਹੇ ਲੈ ਜਾਇਆ ਜਾਂਦਾ ਹੈ, ਇਹ ਅਥਾਹ ਦੀ ਥਾਹ ਪਾ ਲੈਂਦਾ ਹੈ ਅਨੰਤ ਤਕ ਪਹੁੰਚ ਜਾਂਦਾ ਹੈ। ਉਹ ਗੁਰੂ ਜਿਸ ਕੋਲ ਯੋਗ ਦੀ ਪੂਰੀ ਸਾਧਨਾ ਹੈ ਪੂਰੀ ਮਹਾਰਤ ਹੈ ਉਹ ਆਪਣੀ ਚੇਤਨਤਾ ਦਾ ਵਿਸਥਾਰ ਆਪਣੇ ਪਿਆਰੇ ਪਾਠਕ ਨੂੰ ਵੀ ਦੇ ਸਕਦਾ ਹੈ ਤੇ ਉਸ ਦੇ ਦਿਬਯ ਚਕਸ਼ੂ ਵੀ ਖੋਲ੍ਹ ਸਕਦਾ ਹੈ। ਕ੍ਰਿਸ਼ਨ ਜੀ ਸ਼ਕਤੀ ਪਥ ਕਰਕੇ ਅਰਜਨ ਤੇ ਕ੍ਰਿਪਾ ਕਰਦੇ ਹਨ ਜਿਸ

ਨਾਲ ਉਹ ਪ੍ਰਮਾਤਮਾ ਦਾ ਸੋਹਣਾ ਰੂਪ ਦੇਖ ਸਕਦਾ ਹੈ। ਜਦੋਂ ਜਗਿਆਸੂ ਸਮਾਧੀ ਲਗਾਉਣ ਦਾ ਅਭਿਆਸ ਕਰਦਾ ਹੈ, ਜਦੋਂ ਉਹ ਥੱਕ ਜਾਂਦਾ ਹੈ, ਉਸ ਦੇ ਸਾਰੇ ਯਤਨ ਖਤਮ ਹੋ ਜਾਂਦੇ ਹਨ, ਯੋਗੀ ਫੇਰ ਇਕ ਡੂੰਘੀ ਛੋਹ ਆਪਣੇ ਜਗਿਆਸੂ ਨੂੰ ਦਿੰਦਾ ਹੈ ਤੇ ਉਸ ਦੇ ਦਿਬਯ ਨੇਤਰ ਖੋਲ੍ਹ ਦਿੰਦਾ ਹੈ। ਕ੍ਰਿਸ਼ਨ ਜੀ ਜੋ ਇਕ ਸ੍ਰੇਸ਼ਟ ਯੋਗੀ ਹਨ ਇਕ ਉਤਮ ਗੁਰੂ ਹਨ ਅਰਜਨ ਦੇ ਦਿਬਯ ਨੇਤਰ ਖੋਲ੍ਹਦੇ ਹਨ, ਤਾਂ ਜੋ ਉਹ ਉਸ ਪ੍ਰਮਾਤਮਾ ਦੇ ਦਰਸ਼ਨ ਝਲਕ ਲੈ ਸਕੇ।

ਯੋਗੀ ਆਪਣੇ ਦਿਬਯ ਨੇਤਰ ਉਦੋਂ ਖੋਲ੍ਹ ਸਕਦਾ ਹੈ ਜਦੋਂ ਉਹ ਆਪਣੀ ਚੇਤਨਤਾ ਨੂੰ ਅਨੰਤ ਤਕ ਪਹੁੰਚਾ ਲਵੇ। ਮਨ ਦਾ ਸੁਭਾਅ ਹੈ ਜਾਂ ਤਾਂ ਉਹ ਭੂਤਕਾਲ ਬਾਰੇ ਸੋਚ ਕੇ ਝੁਰਦਾ ਰਹਿੰਦਾ ਹੈ ਜਾਂ ਫੇਰ ਭਵਿੱਖ ਬਾਰੇ ਸੋਚਦਾ ਰਹਿੰਦਾ ਹੈ, ਇਸ ਨੂੰ ਵਰਤਮਾਨ ਦਾ ਕੋਈ ਅਨੁਭਵ ਹੀ ਨਹੀਂ, ਸਮਾਧੀ ਸਥਿਤ ਹੋ ਕੇ ਮਨ ਨੂੰ ਵਰਤਮਾਨ ਤੇ ਹੀ ਇਕਾਗਰ ਕੀਤਾ ਜਾਂਦਾ ਹੈ ਤਾਂ ਹੀ ਉਸ ਸਮੇਂ ਮਨ ਭੂਤ ਭਵਿੱਖ ਤੇ ਵਰਤਮਾਨ ਇਕ ਸਾਰ ਹੀ ਦਿਸਣ ਲਗ ਪੈਂਦਾ ਹੈ। ਇਸ ਅਨੁਭਵ ਨੂੰ ਮਨ ਦੀ ਸਮੇਂ ਤੋਂ ਉਪਰ ਦੀ ਅਵਸਥਾ ਕਿਹਾ ਗਿਆ ਹੈ। ਜਿਸ ਨੂੰ ਬਹੁਤ ਦੇਰ ਤੋਂ ਤੇ ਬਹੁਤ ਲੰਮੀ ਸਮਾਧੀ ਲਗਾਉਣ ਦਾ ਅਭਿਆਸ ਹੋਵੇ ਉਹ ਇਸ ਗੱਲ ਨੂੰ ਸਮਝਦਾ ਹੈ ਤੇ ਆਉਣ ਵਾਲੀਆਂ ਘਟਨਾਵਾਂ ਬਹੁਤ ਪਹਿਲਾਂ ਦਸ ਸਕਦਾ ਹੈ। ਇਹੋ ਜਿਹੇ ਅਨੁਭਵ ਕੋਈ ਅਚਾਨਕ ਹੋਣ ਵਾਲੇ ਨਹੀਂ ਹੁੰਦੇ, ਨਾ ਹੀ ਕੋਈ ਭਵਿੱਖ ਬਾਣੀ ਹੁੰਦੀ ਹੈ, ਇਹ ਕੇਵਲ ਇਕਾਗਰ ਮਨ ਦੀ ਅਵਸਥਾ ਹੈ ਜਿਹੜਾ ਸਮੇਂ ਦੀਆਂ ਸੀਮਾਂ ਲੰਘ ਕੇ ਅੱਗੇ ਚਲਾ ਜਾਂਦਾ ਹੈ।

ਆਮ ਲੋਕੀ ਪ੍ਰਮਾਤਮਾ ਦੇ ਵੱਖ ਵੱਖ ਰੂਪ ਦੇਖਦੇ ਹਨ ਜਿਵੇਂ ਸੂਰਜ, ਚੰਦਰਮਾ ਤਾਰੇ ਤੇ ਹੋਰ ਕਈ ਕਿਸਮ ਦੇ ਪ੍ਰਗਟਾਵੇ ਦੇਖਦੇ ਹਨ ਪਰ ਉਨ੍ਹਾਂ ਕੋਲ ਸਾਰੀ ਸ੍ਰਿਸ਼ਟੀ ਦੇਖਣ ਦੀ ਯੋਗਤਾ ਹੀ ਨਹੀਂ। ਇਸੇ ਕਰਕੇ ਕ੍ਰਿਸ਼ਨ ਜੀ ਲਈ ਇਹ ਜ਼ਰੂਰੀ ਹੈ ਕਿ ਉਹ ਅਰਜਨ ਦੇ ਗੁਪਤ ਨੇਤਰ ਖੋਲ੍ਹ ਦੇਣ ਤਾਂ ਕਿ ਉਹ ਸਾਰੀ ਸ੍ਰਿਸ਼ਟੀ ਦੇਖ ਸਕੇ, ਪ੍ਰਮਾਤਮਾ ਦੇਖ ਸਕੇ। ਦਿਬਯ ਦ੍ਰਿਸਟੀ ਤੋਂ ਬਿਨਾਂ ਦਿਬਯ ਯੋਗ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ।

9. ਸੰਜੈ ਦਸਦਾ ਹੈ - ਹੇ ਰਾਜਨ! ਇਸ ਤਰ੍ਹਾਂ ਕਹਿ ਕੇ ਫੇਰ ਮਹਾਂ ਯੋਗੀਸ਼ੂਰ ਹਰੀ ਨੇ ਆਪਣਾ ਵਿਸ਼ਵ ਰੂਪ ਪਾਰਥ ਨੂੰ ਦਿਖਾਇਆ।

10. ਅਨੇਕ ਮੂੰਹ, ਅਨੇਕ ਨੇਤਰ, ਅਨੇਕ ਅਦਭੂਤ ਦਰਸ਼ਨ ਅਨੇਕ ਪ੍ਰਕਾਰ ਦੇ ਭੂਸ਼ਣ ਤੇ ਅਨੇਕ ਪ੍ਰਕਾਰ ਦੇ ਸਸ਼ਤਰ।

11. ਦਿਬਯ ਮਾਲਾ ਤੇ ਅਲੌਕਿਕ ਕਪੜੇ ਪਾਏ ਹੋਏ, ਅਲੌਕਿਕ ਸੁਗੰਧੀ ਲੱਗੀ ਹੋਈ ਹਰ ਪ੍ਰਕਾਰ ਦੇ ਅਸਚਰਜ ਸਹਿਤ, ਈਸ਼ਵਰ ਅਨੰਤ ਦੇਵ, ਸਾਰੇ ਪਾਸੇ ਜਿਸ ਦੇ ਮੂੰਹ ਹਨ।

12. ਜਿਵੇਂ ਕਿ ਆਕਾਸ਼ ਵਿਚ ਹਜ਼ਾਰਾਂ ਸੂਰਜ ਚੜ੍ਹਨ ਦਾ ਪ੍ਰਕਾਸ਼ ਹੋਵੇ ਤਾਂ ਸ਼ਾਇਦ ਉਹ ਮਹਾਤਮਾ ਦੇ ਕੁਛ ਤੇਜ ਵਰਗਾ ਹੋਵੇਗਾ।

13. ਉਦੋਂ ਅਰਜਨ ਨੇ ਦੇਵਆਦਿ ਦੇਵ ਦੇ ਉਥੇ ਖੜ੍ਹੇ ਇਕ ਸਰੀਰ ਵਿਚ ਸਾਰੇ ਜਗਤ ਨੂੰ ਸਾਰੇ ਅੰਗਾਂ ਵਿਚ ਦੇਖਿਆ।

14. ਉਦੋਂ ਅਰਜਨ ਦੇ ਲੂੰ ਕੰਢੇ ਖੜ੍ਹੇ ਹੋ ਗਏ ਤੇ ਉਸ ਨੇ ਹੱਥ ਜੋੜ ਕੇ ਸਿਰ ਨਿਵਾ ਕੇ ਇਸ ਤਰ੍ਹਾ ਕਿਹਾ -

ਪਾਠਕਾਂ ਨੂੰ ਇਹ ਵੀ ਯਾਦ ਹੋਣਾ ਚਾਹੀਦਾ ਹੈ ਕਿ ਸੰਜੈ ਦੇ ਵੀ ਦਿਬਯ ਨੇਤਰ ਸਨ। ਉਸ ਨੂੰ ਇਹ ਵਰਦਾਨ ਸੀ ਕਿ ਜੋ ਕੁਝ ਵੀ ਯੁੱਧ ਦੇ ਮੈਦਾਨ ਵਿਚ ਹੋਵੇਗਾ ਉਹ ਦੇਖ ਸਕੇਗਾ ਤੇ ਉਸ ਨੇ ਇਹ ਅੱਖੀ ਡਿੱਠਾ ਹਾਲ ਰਿਸ਼ੀ ਵਿਆਸ ਜੀ ਨੂੰ ਵੀ ਦੱਸਿਆ ਸੀ। ਜੋ ਕੁਝ ਵੀ ਵਿਆਸ ਰਿਸ਼ੀ ਨੂੰ ਦੱਸਿਆ ਗਿਆ ਉਨ੍ਹਾਂ ਨੇ ਉਹ ਸਾਰਾ ਲਿਖ ਲਿਆ ਸੀ ਉਨ੍ਹਾਂ ਨੇ ਸਾਰੀ ਸਿਖਿਆ ਜੋ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਅਰਜਨ ਨੂੰ ਦਿਤੀ ਸੀ ਉਹ ਸਾਰੀ ਹੀ ਲਿਖ ਲਈ ਸੀ। ਧ੍ਰਿਤਰਾਸ਼ਟਰ ਜੋ ਕਿ ਨੇਤਰਹੀਨ ਸੀ ਉਸ ਨੇ ਵੀ ਸੰਜੈ ਪਾਸੋਂ ਯੁੱਧ ਦੇ ਮੈਦਾਨ ਦਾ ਅੱਖੀ ਡਿੱਠਾ ਹਾਲ ਸੁਣਿਆ ਸੀ। ਸੰਜੈ ਨੇ ਧ੍ਰਿਤਰਾਸ਼ਟਰ ਨੂੰ ਦੱਸਿਆ ਕਿ ਕ੍ਰਿਸ਼ਨ ਜੀ ਨੇ ਅਰਜਨ ਦੇ ਦਿਬਯ ਨੇਤਰ ਖੋਲ੍ਹ ਦਿਤੇ ਹਨ ਤੇ ਕ੍ਰਿਸ਼ਨ ਜੀ ਉਸ ਨੂੰ ਆਪਣੇ ਵੱਖ ਵੱਖ ਰੂਪ ਦਿਖਾ ਰਹੇ ਹਨ, ਉਸ ਦੇ ਬੇਅੰਤ ਮੁਖ ਹਨ, ਬੇਅੰਤ ਨੇਤਰ ਹਨ, ਅਨੇਕਾਂ ਪ੍ਰਕਾਰ ਦੇ ਆਭੂਸ਼ਣ ਪਹਿਨੇ ਹੋਏ ਹਨ, ਉਨ੍ਹਾਂ ਦੇ ਹੱਥ ਵਿਚ ਅਨੇਕਾਂ ਸਸ਼ਤਰ ਹਨ, ਹਾਰ ਨਾਲ ਪੂਰੀ ਤਰ੍ਹਾਂ ਨਾਲ ਲੁਕੇ ਪਏ ਹਨ, ਝਿਲਮਿਲ ਝਿਲਮਿਲ ਵਸਤਰ ਪਹਿਨੇ ਹੋਏ ਹਨ, ਨੂਰ ਝਲਕ ਰਿਹਾ ਹੈ। ਜੇ ਹਜ਼ਾਰ ਸੂਰਜ ਵੀ ਇਕੱਠੇ ਹੋ ਕੇ ਚਮਕਣ ਤਾਂ ਵੀ ਐਨਾ ਚਾਨਣ ਨਹੀਂ ਹੋ ਸਕਦਾ।

ਅਰਜਨ ਨੇ ਸਾਰਾ ਅਲੌਕਿਕ ਦ੍ਰਿਸ਼ ਦੇਖਿਆ, ਸਾਰੀ ਸ੍ਰਿਸ਼ਟੀ ਦੇਖੀ ਤੇ ਪ੍ਰਤੱਖ ਕ੍ਰਿਸ਼ਨ ਜੀ ਦੇ ਸਰੀਰ ਵਿਚ ਦੇਖੀ। ਉਹ ਐਨਾ ਹੈਰਾਨ ਹੋਇਆ ਕਿ ਉਸ ਦੇ ਲੂੰ ਕੰਡੇ ਖੜ੍ਹੇ ਹੋ ਗਏ, ਉਹ ਹੱਥ ਜੋੜ ਕੇ ਕ੍ਰਿਸ਼ਨ ਜੀ ਦੇ ਅੱਗੇ ਖੜ੍ਹਾ ਹੋ ਗਿਆ, ਜਦੋਂ ਤੁਸੀਂ ਹੱਥ ਜੋੜ ਕੇ ਅੱਗੇ ਝੁਕਦੇ ਹੋ ਉਸ ਤੋਂ ਭਾਵ ਹੈ ਕਿ ਤੁਸੀਂ ਆਪਾ ਸਮਰਪਣ ਕਰਦੇ ਹੋ, ਦੋਨੋਂ ਹੱਥ ਜੋੜ ਕੇ ਬੇਨਤੀ ਕਰਨ ਤੋਂ ਭਾਵ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ, ਮੇਲ ਹੀ ਨਹੀਂ ਤੁਸੀਂ ਇਸ ਬਾਰੇ ਜਾਣਦੇ ਹੋ ਤੇ ਜਾਣਦੇ ਹੋਏ ਤੁਸੀਂ ਹੱਥ ਜੋੜ ਕੇ ਬੇਨਤੀ ਕਰਦੇ ਹੋ। ਇਹ ਆਤਮਾ, ਪ੍ਰਮਾਤਮਾ ਦਾ ਮੇਲ ਹੀ ਜੀਵਨ ਦਾ ਉਦੇਸ਼ ਹੈ। ਹੱਥ ਜੋੜਨ ਤੋਂ ਭਾਵ ਇਹ ਵੀ ਹੈ ਇਕ ਸ਼ਿਸ਼ ਆਪਣੇ ਗੁਰੂ ਨੂੰ ਨਮਸ਼ਕਾਰ ਕਰ ਰਿਹਾ ਹੈ। ਇਸ ਤੋਂ ਇਹ ਵੀ ਭਾਵ ਹੈ, "ਤੁਹਾਡੇ ਅੰਦਰ ਵਸਦੇ ਪ੍ਰਮਾਤਮਾ ਨੂੰ ਮੇਰਾ ਪ੍ਰਣਾਮ ਹੈ।"

ਸੰਜੈ ਨੇ ਸਾਰੀ ਸ੍ਰਿਸ਼ਟੀ ਦੇਖੀ ਕਿਉਂਕਿ ਉਸ ਕੋਲ ਵੀ ਅਰਜਨ ਦੀ ਤਰ੍ਹਾਂ ਦਿਬਯ ਨੇਤਰ, ਉਸ ਨੇ ਵੀ ਪ੍ਰਮਾਤਮਾ ਦੇ ਬਹੁਪੱਖੀ ਰੂਪ ਦੇ ਦਰਸ਼ਨ ਕੀਤੇ, ਯੁੱਧ ਦੇ ਮੈਦਾਨ ਵਿਚ ਹੋਰ ਵੀ ਹਨ ਜਿਨ੍ਹਾਂ ਨੇ ਇਸ ਅਲੌਕਿਕ ਦ੍ਰਿਸ਼ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਦਿਬਯ ਨੇਤਰ ਪ੍ਰਮਾਤਮਾ ਦੀ ਕ੍ਰਿਪਾ ਨਾਲ, ਗੁਰੂ ਕ੍ਰਿਪਾ ਨਾਲ ਖੁਲ੍ਹੇ ਹਨ। ਅਸੀਂ ਬਹੁਤ ਵਾਰੀ ਕ੍ਰਿਪਾ ਦੀ ਗੱਲ ਕਰਦੇ ਹਾਂ, ਸੁਣਦੇ ਹਾਂ ਪਰ ਇਸ ਨੂੰ ਫਿਲੌਸਫੀ ਵਿਚ ਤੇ ਮਨੋਵਿਗਿਆਨ ਵਿਚ ਸਪਸ਼ਟ ਕਰਕੇ ਨਹੀਂ ਦੱਸਿਆ ਗਿਆ।

ਕ੍ਰਿਪਾ ਉਸ ਉਤੇ ਹੁੰਦੀ ਹੈ ਜਿਹੜਾ ਉਸ ਦਾ ਅਧਿਕਾਰੀ ਹੁੰਦਾ ਹੈ। ਕ੍ਰਿਪਾ ਇੱਛਾ ਕਰਕੇ, ਇੱਛਾ ਨਾਲ ਨਹੀਂ ਹੁੰਦੀ। ਜਦੋਂ ਜਗਿਆਸੂ ਅਧਿਆਤਮਕ ਗਿਆਨ ਦੇ ਸਿਖਰ ਤੇ ਪਹੁੰਚ ਜਾਂਦਾ ਹੈ, ਜਦੋਂ ਉਹ ਆਪਣਾ ਪੂਰਾ ਤਾਣ ਲਗਾ ਲੈਂਦਾ ਹੈ ਫੇਰ ਕਿਤੇ ਜਾ ਕੇ ਗਿਆਨ ਦੀ ਕਿਰਨ ਉਸ ਅਧਿਕਾਰੀ ਦੇ ਅੰਦਰ ਲਸ਼ਕਾਰਾ ਪਾਉਂਦੀ ਹੈ ਕਿਉਂਕਿ ਉਹ ਸੱਚੀ ਲਗਨ, ਸੁਹਿਰਦ ਹੋ ਕੇ, ਬੜੀ ਤਨਦੇਹੀ ਨਾਲ ਉਸ ਨੇ ਯੋਗ ਦੇ ਮਾਰਗ ਦਾ ਪੈਂਡਾ ਕੱਟਿਆ ਹੈ। ਇਸ ਵਿਚ ਜਰਾ ਵੀ ਸੰਦੇਹ ਨਹੀਂ ਕਿ ਇਹ ਗੁਰੂ ਕ੍ਰਿਪਾ ਹੈ। ਜਗਿਆਸੂ ਤੇ ਕ੍ਰਿਪਾ ਇਸ ਲਈ ਹੁੰਦੀ ਹੈ ਤਾਂ ਜੋ ਉਹ ਆਪਣਾ ਪੈਂਡਾ ਪੂਰਾ ਕਰ ਸਕੇ। ਬਹੁਤ ਸਾਰੇ ਸ਼ਿਸ਼ ਪੂਰੀ ਮਿਹਨਤ ਪੂਰਾ ਯਤਨ ਕੀਤੇ ਬਿਨਾਂ ਹੀ ਪ੍ਰਮਾਤਮਾ ਦੀ ਕ੍ਰਿਪਾ ਲਈ ਅਰਦਾਸ ਕਰਦੇ ਹਨ। ਉਹ ਆਪਣੇ ਮਨ ਚਿਤ ਵਿਚ ਜਾਣਦੇ ਹਨ ਕਿ ਹਾਲੇ ਉਨ੍ਹਾਂ ਤੇ ਕ੍ਰਿਪਾ ਨਹੀਂ ਹੋ ਸਕਦੀ। ਹਾਲੇ ਉਹ ਅਧਿਕਾਰੀ ਨਹੀਂ ਹਨ ਪਰ ਫੇਰ ਵੀ ਉਹ ਇੱਛਾ ਰਖਦੇ ਹਨ। ਭਾਵ ਇੱਛਾ ਰੱਖਣ ਤੋਂ ਨਹੀਂ ਹੈ ਭਾਵ ਅਧਿਕਾਰੀ ਬਣਨ ਤੋਂ ਹੈ, ਜਦੋਂ ਤੁਸੀਂ ਅਧਿਕਾਰੀ ਬਣੋਗੇ ਕ੍ਰਿਪਾ ਜ਼ਰੂਰ ਹੋਵੇਗੀ ਹੀ।

15. ਅਰਜਨ ਕਹਿੰਦਾ ਹੈ ਹੇ ਦੇਵ! ਮੈਂ ਆਪ ਦੀ ਦੇਹ ਵਿਚ ਸਾਰੇ ਦੇਵਤਿਆਂ ਨੂੰ, ਜੀਵਾਂ ਨੂੰ ਅਨੇਕ ਸ਼ਕਲਾਂ ਵਿਚ, ਕਮਲ ਆਸਣ ਤੇ ਬੈਠੇ ਹੋਏ ਬ੍ਰਹਮਾ ਨੂੰ ਜੋ ਪ੍ਰਜਾ ਦਾ ਈਸ਼ਵਰ ਹੈ, ਸਾਰੇ ਰਿਸ਼ੀਆਂ ਨੂੰ ਤੇ ਦਿਬਜ ਸੱਪਾਂ ਨੂੰ ਦੇਖਿਆ ਹੈ।

16. ਹੇ ਵਿਸ਼ੇਸ਼ਵਰ! ਅਨੇਕ ਮੂੰਹ, ਅਨੇਕ ਨੇਤਰ, ਅਨੇਕ ਬਾਹਾਂ ਨਾਲ ਮੈਂ ਆਪ ਨੂੰ ਹਰ ਜਗ੍ਹਾ ਅਨੰਤ ਰੂਪਾਂ ਵਿਚ ਦੇਖਦਾ ਹਾਂ। ਨਾ ਆਪ ਦਾ ਆਦਿ ਹੈ ਨਾ ਆਪ ਦਾ ਮੱਧ ਹੈ, ਨਾ ਅੰਤ ਹੈ, ਮੈਂ ਸਾਰਾ ਵਿਸ਼ਵ ਹੀ ਆਪ ਦਾ ਰੂਪ ਦੇਖਦਾ ਹਾਂ।

17. ਮੈਂ ਆਪ ਨੂੰ ਮੁਕਟ, ਗੱਦਾ ਅਤੇ ਚੱਕਰ ਧਾਰਨ ਕੀਤੇ ਹੋਏ ਦੇਖਦਾ ਹਾਂ, ਆਪ ਤੇਜ, ਪੁੰਜ ਤੇ ਚੁਫੇਰੇ ਪ੍ਰਕਾਸ਼ਮਾਨ ਹੋ, ਲਾਟਾਂ ਛੱਡ ਰਹੀ ਅੱਗ ਅਤੇ ਸੂਰਜ ਵਾਂਗ ਆਪ ਦਾ ਪ੍ਰਕਾਸ਼ ਹੈ ਜੋ ਕਿ ਦੇਖਣਾ ਮੁਸ਼ਕਲ ਹੈ ਅਤੇ ਜੋ ਅਕਾਸ਼ ਵਿਚ ਹਰ ਪਾਸੇ ਅਪ੍ਰਮੇਅ ਹੋ ਕੇ ਫੈਲ ਰਿਹਾ ਹੈ।

18. ਆਪ ਹੀ ਅਵੀਨਾਸ਼ੀ ਹੋ, ਜਾਨਣਯੋਗ ਆਪ ਹੀ ਹੋ, ਆਪ ਹੀ ਸੰਸਾਰ ਦੇ ਅਧਾਰ ਹੋ, ਆਪ ਹੀ ਧਰਮ ਦੇ ਰਾਖੇ ਹੋ ਅਵਿਨਾਸ਼ੀ ਤੇ ਸਨਾਤਨ ਪੁਰਖ ਆਪ ਹੀ ਹੋ। ਮੈਂ ਇਹ ਜਾਣ ਲਿਆ ਹੈ।

19. ਆਪ ਦਾ ਆਦਿ, ਮਧ ਅੰਤ ਨਹੀਂ ਬੇਅੰਤ ਸ਼ਕਤੀ, ਅਨੰਤ ਬਾਹਾਂ ਸੂਰਜ ਚੰਦਰਮਾ ਆਪ ਦੇ ਨੇਤਰ ਹਨ, ਪ੍ਰਕਾਸ਼ਮਾਨ ਅਗਨੀ ਆਪ ਦੇ ਮੂੰਹ ਵਿਚ ਦੇਖਦਾ ਹਾਂ, ਆਪ ਦੇ ਤੇਜ ਨਾਲ ਇਹ ਸਾਰਾ ਜਗਤ ਤਪਦਾ ਦੇਖਦਾ ਹਾਂ।

20. ਹੇ ਮਹਾਤਮਨ! ਅਕਾਸ਼ ਧਰਤੀ ਦੇ ਵਿਚ ਚਾਰੋਂ ਪਾਸੇ ਮੈਂ ਆਪ ਨੂੰ ਹੀ ਵਿਆਪਕ ਦੇਖਦਾ ਹਾਂ ਆਪ ਦੇ ਇਸ ਅਦਭੁੱਤ ਰੂਪ ਨੂੰ ਦੇਖ ਕੇ ਤ੍ਰੈਲੋਕ ਭੈ ਭੀਤ ਹੋ ਕੇ ਕੰਬ ਜਾਂਦੇ ਹਨ।

21. ਦੇਵਤਿਆਂ ਦੇ ਸਮੂੰਹ ਆਪ ਦੀ ਸ਼ਰਨ ਆਉਂਦੇ ਹਨ, ਬਹੁਤ ਸਾਰੇ ਭੈ ਭੀਤ ਹੋਏ ਹੱਥ ਜੋੜ ਕੇ ਪ੍ਰਾਥਨਾ ਕਰ ਰਹੇ ਹੁੰਦੇ ਹਨ। ਮਹਾਂਰਿਸ਼ੀ ਅਤੇ ਸਿੱਧਾਂ ਦੇ ਝੁੰਡ 'ਸੁਅਸਤੀ' ਕਹਿ ਕੇ ਅਨੇਕ ਪ੍ਰਕਾਰ ਨਾਲ ਆਪ ਦੀ ਹੀ ਉਸਤਤੀ ਕਰਦੇ ਹਨ।

22. ਸਾਰੇ ਰੁਦਰ, ਵਸੂ, ਸਾਧੂ, ਵਿਸ਼ਵਦੇਵ, ਅਸਵਨੀ ਕੁਮਾਰ, ਮਰੁਤ, ਉਸਮਪਾ, ਗੰਧਰਵ, ਯਖ, ਰਾਖਸ਼ ਤੇ ਸਿੱਧ ਸਭ ਵਿਸਮਤ ਹੋ ਕੇ ਆਪ ਵਲ ਦੇਖ ਰਹੇ ਹਨ।

23. ਹੇ ਮਹਾਂਬਾਹੋ! ਆਪ ਦੇ ਅਨੇਕ ਮੁਖ ਹਨ, ਨੇਤਰ ਹਨ, ਬਾਹਾਂ ਹਨ ਪੈਰ ਤੇ ਪੇਟ ਹਨ। ਬਹੁਤ ਸਾਰੀਆਂ ਦਾੜ੍ਹਾਂ ਦੇ ਕਾਰਨ ਆਪ ਦਾ ਰੂਪ ਬੜਾ ਵਿਕਰਾਲ ਦਿਖਦਾ ਹੈ ਇਸ ਮਹਾਨ ਰੂਪ ਨੂੰ ਦੇਖ ਕੇ ਸਭ ਵਿਆਕੁਲ ਹੋ ਜਾਂਦੇ ਹਨ, ਮੈਂ ਵੀ ਭੈ ਭੀਤ ਹੋ ਰਿਹਾ ਹਾਂ।

24. ਆਪ ਦਾ ਆਕਾਸ਼ ਨੂੰ ਛੂੰਹਦਾ ਹੋਇਆ ਸਿਰ, ਅਨੇਕ ਰੰਗਾਂ ਨਾਲ ਪ੍ਰਕਾਸ਼ਮਾਨ ਸਰੀਰ, ਅਤਿ ਹੀ ਵਿਸ਼ਾਲ ਮੂੰਹ ਵੱਡੇ ਵੱਡੇ ਅਗਨੀ ਦੀ ਤਰ੍ਹਾਂ ਲਾਟਾਂ ਮਾਰਦੇ ਨੇਤਰ ਹਨ, ਇਸ ਰੂਪ ਨੂੰ ਦੇਖ ਕੇ ਮੇਰੀ ਆਤਮਾ ਕੰਬ ਰਹੀ ਹੈ। ਹੇ ਵਿਸ਼ਨੂੰ! ਮੇਰੀ ਸ਼ਾਂਤੀ ਤੇ ਬਲ ਦੂਰ ਹੋ ਗਏ ਹਨ।

25. ਕਾਲ ਅਗਨੀ ਵਰਗੇ ਵੱਡੇ ਵੱਡੇ ਵਿਕਰਾਲ ਦੰਦਾਂ ਵਾਲੇ ਆਪ ਦੇ ਮੂੰਹ ਨੂੰ ਦੇਖ ਕੇ ਮੈਂ ਬਹੁਤ ਡਰ ਗਿਆ ਹਾਂ। ਮੈਨੂੰ ਦਿਸ਼ਾਵਾਂ ਦਾ ਵੀ ਪਤਾ ਨਹੀਂ ਰਿਹਾ, ਨਾ ਹੀ ਮੈਨੂੰ ਸ਼ਾਂਤੀ ਆਉਂਦੀ ਹੈ, ਹੇ ਦੇਵਤਿਆਂ ਦੇ ਸੁਆਮੀ। ਹੇ ਜਗਤ ਰਖਕ ਮੇਰੇ ਉਤੇ ਕ੍ਰਿਪਾ ਕਰੋ।

26, 27. ਸਭ ਰਾਜਿਆਂ ਦੇ ਸਮੂੰਹ ਸਮੇਤ ਧ੍ਰਿਤਰਾਸ਼ਟਰ ਦੇ ਪੁੱਤਰ, ਭੀਸ਼ਮ, ਦ੍ਰੋਣਾਚਾਰੀਆ, ਕਰੁਣ ਅਤੇ ਸਾਡੇ ਵਲ ਦੇ ਭੀ ਵੱਡੇ ਵੱਡੇ ਯੋਧਾ ਇਹ ਸਭ ਆਪ ਦੇ ਵਿਕਰਾਲ ਦੰਦਾਂ ਵਾਲੇ ਮੂੰਹ ਵਿਚ ਜਲਦੀ ਜਲਦੀ ਪੈ ਰਹੇ ਹਨ। ਅਨੇਕਾਂ ਦੇ ਸਿਰ ਆਪ ਦੇ ਦੰਦਾਂ ਵਿਚ ਪਿਸ ਗਏ ਹਨ ਤੇ ਉਥੇ ਹੀ ਉਲਝ ਕੇ ਰਹਿ ਗਏ।

28. ਜਿਵੇਂ ਸਾਰੀਆਂ ਨਦੀਆਂ ਸਮੁੰਦਰ ਵਲ ਨੂੰ ਹੀ ਦੌੜਦੀਆਂ ਹਨ ਉਸ ਤਰ੍ਹਾਂ ਹੀ ਸਭ ਸੂਰਮੇ, ਆਦਮੀਆਂ ਦੇ ਟੋਲੇ ਆਪ ਦੇ ਮੂੰਹ ਜੋ ਜਲਦੀ ਹੋਈ ਅੱਗ ਵਰਗੇ ਹਨ - ਉਨ੍ਹਾਂ ਵਿਚ ਆਪ ਹੀ ਦੌੜ ਦੌੜ ਕੇ ਪੈ ਰਹੇ ਹੋ।

29. ਜਿਵੇਂ ਭਮੱਕੜ ਲਾਟਾਂ ਛਡਦੀ ਅੱਗ ਵਿਚ ਆਪਣੇ ਆਪ ਨੂੰ ਭਸਮ ਕਰ ਲੈਂਦਾ ਹੈ ਉਸ ਤਰ੍ਹਾਂ ਹੀ ਇਹ ਸਭ ਲੋਕ ਆਪਣੇ ਨਾਸ਼ ਲਈ ਆਪ ਦੇ ਮੂੰਹ ਵਿਚ ਪੈ ਰਹੇ ਹਨ।

30. ਹੇ ਵਿਸ਼ਨੂੰ! ਆਪ ਆਪਣੇ ਪ੍ਰਜ੍ਵਲਤ ਮੂੰਹ ਨਾਲ ਸਭ ਨੂੰ ਚੁਫੇਰਿਓਂ ਗ੍ਰਸਦੇ ਚਲੇ ਜਾਂਦੇ ਹੋ ਤੇ ਆਪ ਦਾ ਤੇਜ ਜੋ ਸਭ ਜਗ੍ਹਾ ਫੈਲ ਰਿਹਾ ਹੈ ਉਸ ਦੇ ਤੇਜ ਪ੍ਰਕਾਸ਼ ਨਾਲ ਸਾਰਾ ਜਗਤ ਤਪ ਰਿਹਾ ਹੈ।

31. ਅਜਿਹੇ ਉਗਰ ਰੂਪ ਵਾਲੇ ਆਪ ਕੌਣ ਹੋ? ਸੋ ਕਹੋ! ਮੈਂ ਆਪ ਨੂੰ ਨਮਸ਼ਕਾਰ ਕਰਦਾ ਹਾਂ। ਹੇ ਦੇਵ! ਕ੍ਰਿਪਾ ਕਰੋ, ਮੈਂ ਆਪ ਦੀ ਪ੍ਰਵਿਰਤੀ ਨਹੀਂ ਜਾਣ ਸਕਦਾ, ਇਸ ਲਈ ਮੈਂ

ਆਪ ਨੂੰ ਜਾਨਣ ਦੀ ਇੱਛਾ ਕਰਦਾ ਹਾਂ।

ਅਰਜਨ, ਕ੍ਰਿਸ਼ਨ ਜੀ ਦਾ ਅਲੌਕਿਕ ਰੂਪ, ਵਿਰਾਟ ਰੂਪ ਤੇ ਸ੍ਰਿਸ਼ਟੀ ਦੇਖ ਕੇ ਬਹੁਤ ਹੈਰਾਨ ਹੈ ਤੇ ਭੈ ਭੀਤ ਹੈ। ਉਹ ਸਹਿਮ ਗਿਆ ਤੇ ਕਹਿੰਦਾ ਹੈ, "ਹੇ ਪ੍ਰਮਾਤਮਾ! ਮੈਂ ਤੁਹਾਡੇ ਵਿਸ਼ਵ ਸਰੀਰ ਵਿਚ ਸਾਰੀਆਂ ਸ਼ਕਤੀਆਂ ਦੇਖ ਰਿਹਾ ਹਾਂ, ਦੇਵਤਿਆਂ ਦਾ ਰਾਜਾ, ਸਗਲੀ ਸ੍ਰਿਸ਼ਟੀ ਦਾ ਰਾਜਾ ਦੇਖ ਰਿਹਾ ਹਾਂ, ਬ੍ਰਹਮਾ ਨੂੰ ਕਮਲ ਫੁਲ ਤੇ ਬਿਰਾਜਮਾਨ ਦੇਖ ਰਿਹਾ ਹਾਂ। ਰਿਸ਼ੀ ਦੇਖ ਰਿਹਾ ਹਾਂ, ਸਰਪ ਦੇਖ ਰਿਹਾ ਹਾਂ। ਉਹ ਦੇਖ ਰਿਹਾ ਹੈ ਕਿ ਪ੍ਰਮਾਤਮਾ ਕੇਵਲ ਦਿਆਲੂ ਕ੍ਰਿਪਾਲੂ ਹੀ ਨਹੀਂ ਹਨ, ਉਨ੍ਹਾਂ ਦਾ ਵਿਰਾਟ ਰੂਪ ਵੀ ਹੈ ਉਹ ਨਾਸ਼ਵਾਨ ਅਗਨੀ ਵੀ ਦੇਖ ਰਿਹਾ ਹੈ। ਜੀਵਨ ਨੂੰ, ਵਿਸ਼ਵ ਨੂੰ ਉਸ ਦੇ ਦ੍ਵੈਤ ਨਾਲ ਹੀ ਮੰਨ ਲੈਣਾ ਸਵੀਕਾਰ ਕਰ ਲੈਣਾ ਹੀ ਗਿਆਨ ਹੈ।

ਜੋ ਕੁਝ ਵੀ ਸੁਹਾਵਣਾ ਹੈ ਇਹ ਜ਼ਰੂਰੀ ਨਹੀਂ ਕਿ ਉਹ ਚੰਗਾ ਵੀ ਹੋਵੇਗਾ ਤੇ ਜੋ ਚੰਗਾ ਹੋਵੇਗਾ ਇਹ ਜ਼ਰੂਰੀ ਨਹੀਂ ਕਿ ਉਹ ਸੁਹਾਵਣਾ ਹੋਵੇਗਾ।

ਦੁਖ ਸੁਖ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਦੁਖ ਸੁਖ ਇਹ ਕੇਵਲ ਚੇਤਨਤਾ ਦੇ ਪੱਧਰ ਤੇ ਹੀ ਸੱਚ ਹਨ। ਜੋ ਕੁਝ ਵੀ ਇਕ ਆਮ ਮਨੁੱਖ ਦੇਖ ਸਕਦਾ ਹੈ ਉਹ ਬਹੁਤ ਸੀਮਤ ਹੈ ਕਿਉਂਕਿ ਉਸ ਦੀ ਨਿਗ੍ਹਾ ਹੀ ਸੀਮਤ ਹੈ, ਉਸ ਦੀ ਜਾਣਕਾਰੀ ਹੀ ਸੀਮਤ ਹੈ। ਜਦੋਂ ਚੇਤਨਤਾ ਉਚਾ ਉਠਦੀ ਹੈ, ਉਪਰ ਦੇ ਜੀਵਨ ਨੂੰ ਛੋਂਹਦੀ ਹੈ ਉਥੇ ਦਾ ਨਜ਼ਾਰਾ ਕੋਈ ਹੋਰ ਹੀ ਹੈ। ਜੋ ਵੀ ਦੁਖ ਸੁਖ ਹੈ ਸਮੁੱਚੀ ਚੇਤਨਤਾ ਨੂੰ ਜਿਹੜਾ ਦੁਖ ਸੁਖ ਵਿਚ ਲਪੇਟ ਲੈਂਦਾ ਹੈ ਉਪਰ ਉਠ ਕੇ ਉਹ ਚੰਗਾ ਮੰਦਾ ਦੁਖ ਸੁਖ ਨਹੀਂ ਰਹਿੰਦਾ, ਉਸ ਦਾ ਕੋਈ ਹੋਰ ਹੀ ਰੂਪ ਬਣ ਜਾਂਦਾ ਹੈ, ਬਹੁਤ ਅਲੌਕਿਕ ਤੇ ਫਰਕ ਰੂਪ ਬਣ ਜਾਂਦਾ ਹੈ।

ਜਦੋਂ ਮਨ ਅੰਤਰਮੁਖੀ ਹੋ ਜਾਂਦਾ ਹੈ ਫੇਰ ਉਹ ਅੰਦਰ ਦੀਆਂ ਸਚਾਈਆਂ ਨਾਲ ਜੂਝਦਾ ਹੈ। ਫੇਰ ਮਨੁੱਖ ਹੈਰਾਨ ਰਹਿ ਜਾਂਦਾ ਹੈ ਇਹ ਦੇਖ ਕਿ ਕਿਵੇਂ ਇੰਦ੍ਰੀਆਂ ਦਾ ਪ੍ਰਤੱਖ ਗਿਆਨ ਚੇਤਨਤਾ ਦੇ ਪੱਧਰ ਤੇ ਸਾਰਾ ਹੀ ਬਦਲ ਜਾਂਦਾ ਹੈ। ਇਥੇ ਤੁਸੀਂ ਦੇਖ ਸਕਦੇ ਹੋ, ਨਰੀਖਣ ਕਰ ਸਕਦੇ ਹੋ, ਸਮਝ ਸਕਦੇ ਹੋ ਕਿ ਇੰਦ੍ਰੀਆਂ ਦਾ ਗਿਆਨ ਕਿੰਨਾ ਸੀਮਤ ਹੈ। ਜਦੋਂ ਸਾਰਾ ਮਨ ਨੇਤਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਹੀ ਇਹ ਅੰਦਰ ਦੇ ਸੂਖਮ ਨੂੰ ਪਕੜ ਲੈਂਦਾ ਹੈ, ਉਸ ਦੀਆਂ ਡੂੰਘਾਈਆਂ ਤਕ ਪਹੁੰਚ ਜਾਂਦਾ ਹੈ, ਫੇਰ ਇਹ ਅਨੰਤ ਨੂੰ ਜਾਣ ਲੈਂਦਾ ਹੈ ਤੇ ਇਹ ਜਾਨਣ ਲਈ ਫੇਰ ਉਸ ਨੂੰ ਗਿਆਨ ਇੰਦ੍ਰੀਆਂ ਦੀ ਲੋੜ ਨਹੀਂ ਪੈਂਦੀ। ਇਹ ਨਰੀਖਣ ਕਰ ਸਕਦਾ ਹੈ, ਦੇਖ ਸਕਦਾ ਹੈ, ਨਿਰਣਾ ਕਰ ਸਕਦਾ ਹੈ ਇਕ ਰਿਸ਼ੀ ਦੀ ਤਰ੍ਹਾਂ ਉਸ ਅਨੰਤ ਦਾ ਉਸ ਸਮੁੱਚੇ ਦਾ ਜੋ ਕਣ ਕਣ ਵਿਚ ਸਮਾਇਆ ਹੈ।

ਜਦੋਂ ਮਨ ਪਰਮ ਚੇਤਨਤਾ ਵਿਚ ਚਲਾ ਜਾਂਦਾ ਹੈ, ਮਨ ਨੂੰ ਉਸ ਇਕ ਦਾ ਗਿਆਨ ਹੋ ਜਾਂਦਾ ਹੈ, ਮਨ ਨੂੰ ਸਮੁੱਚੇ ਦੇ ਪ੍ਰਗਟਾਵੇ ਦਾ ਕਾਰਨ ਸਮਝ ਆ ਜਾਂਦਾ ਹੈ, ਸੋਝੀ ਹੋ ਜਾਂਦੀ ਹੈ ਜੋ ਕੁਝ ਵੀ ਇੰਦ੍ਰੀਆਂ ਨਾਲ ਅਨੁਭਵ ਹੁੰਦਾ ਹੈ ਉਸ ਦੀ ਵੀ ਸੋਝੀ ਪੈ ਜਾਂਦੀ ਹੈ। ਜਿਹੜੀ ਭਿੰਨਤਾ ਸਮੁੱਚੇ ਦੇ ਪੱਧਰ ਤੇ ਦਿਸਦੀਆਂ ਹਨ ਉਹ ਚੇਤਨਤਾ ਦੇ ਸਮੁੱਚੇ ਪੱਧਰ ਤੇ ਦਿਸਦੀਆਂ ਹਨ ਉਹ ਅੰਦਰ ਦੇ ਪੱਧਰ ਤੇ ਨਹੀਂ ਹਨ ਕਿਉਂਕਿ ਸਹਿਜ ਦੇ ਪੱਧਰ ਤੇ ਸਭ ਕੁਝ ਇਕਮਿਕ ਹੋ ਕੇ ਹੀ ਰਹਿੰਦਾ ਹੈ। ਜੋ ਨਿਯਮਬੱਧ ਹੈ, ਨਿਯਮ ਤੋਂ ਬਾਹਰ ਹੈ, ਚੰਗਾ ਹੈ, ਬੁਰਾ ਹੈ, ਸੁਖਦਾਈ ਹੈ, ਦੁਖਦਾਈ ਹੈ ਇਹ ਬਾਹਰ ਦੇ ਸੰਸਾਰ ਦੇ ਅਨੁਭਵ ਹਨ ਇਨ੍ਹਾਂ ਦਾ ਫੇਰ ਅਨੁਭਵ ਬਦਲ ਜਾਂਦਾ ਹੈ ਬਾਹਰ ਦੇ ਸੰਸਾਰ ਵਿਚ ਜੋ ਦਰਖਤ ਹੈ, ਪਹਾੜ ਹੈ ਸਾਗਰ ਹੈ, ਉਹ ਸੂਖਮ ਪੱਧਰ ਤੇ ਕੇਵਲ ਇਕ ਬੀਜ ਰੂਪ ਵਿਚ ਹੀ ਦੇਖਿਆ ਜਾਂਦਾ ਹੈ ਜੋ ਆਪਣਾ ਪੂਰਾ ਆਕਾਰ ਲੈਣ ਦੇ ਯੋਗ ਹਨ। ਉਸ ਪੱਧਰ ਤੇ ਗਿਆਨ, ਸੋਝੀ ਉਸ ਦੀ ਪਕੜ ਬਿਲਕੁਲ ਵੱਖਰਾ ਹੁੰਦਾ ਹੈ।

ਰਿਸ਼ੀ ਸਭ ਕੁਝ ਸਮੁੱਚੇ ਦੇਖਦੇ ਹਨ, ਪੂਰਾ ਦੇਖਦੇ ਹਨ ਉਸ ਦੀ ਸੰਪੂਰਨਤਾ ਵਿਚ ਦੇਖਦੇ ਹਨ ਜਦੋਂ ਕਿ ਇਕ ਆਮ ਦਿਮਾਗ ਇਸ ਤਰ੍ਹਾਂ ਦੇਖਣ ਦੇ ਕਾਬਲ ਨਹੀਂ ਕਿਉਂਕਿ ਉਸ ਕੋਲ ਦਿਬਯ ਨੇਤਰ ਨਹੀਂ ਹਨ। ਸੰਸਾਰ ਵਿਚ ਬਹੁਤ ਦੇਰ ਰਹਿਣ ਨਾਲ ਸੰਸਾਰ ਦੀਆਂ ਚੀਜ਼ਾਂ ਨਾਲ ਮੋਹ ਪੈ ਜਾਂਦਾ ਹੈ ਉਸ ਨਾਲ ਸੰਸਾਰ ਧੁੰਦਲਾ ਦਿਸਣ ਲਗ ਪੈਂਦਾ ਹੈ। ਜਦੋਂ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਤਾਂ ਸੰਸਾਰ ਦਾ ਦ੍ਰਿਸ਼ ਬਦਲ ਜਾਂਦਾ ਹੈ, ਇਕ ਨਵਾਂ ਜੀਵਨ ਸ਼ੁਰੂ ਹੁੰਦਾ ਹੈ, ਸਚਾਈ ਬਿਲਕੁਲ ਅਲੱਗ ਤਰ੍ਹਾਂ ਸਾਮ੍ਹਣੇ ਆਉਂਦੀ ਹੈ।

ਜਿਸ ਜਗਿਆਸੂ ਨੇ ਆਪਣੀ ਸਭ ਤੋਂ ਮੁਢਲੀ ਸ਼ਕਤੀ ਕੁੰਡਲਨੀ ਨਹੀਂ ਜਾਗਰਣ ਕੀਤੀ, ਜਿਸ ਦਾ ਛੋਟੇ ਤੋਂ ਛੋਟਾ ਅਨੁਭਵ ਵੀ ਸਮੁੱਚੇ ਪੱਧਰ ਤੇ ਅਸਰ ਕਰਦਾ ਹੈ; ਥੱਲੇ ਦੇ ਪੱਧਰ ਦਾ ਮਨ ਕੇਵਲ ਬੁਰਾਈ ਦੈਂਤ, ਭੂਤ ਪ੍ਰੇਤ ਦੇਖਦਾ ਹੈ ਕਿਉਂਕਿ ਉਸ ਦਾ ਥੱਲੇ ਦੇ ਪੱਧਰ ਦਾ ਮਨ ਥੱਲੇ ਦੀ ਬੁੱਧੀ ਦੇ ਪ੍ਰਭਾਵ ਥੱਲੇ ਹੈ। ਜਦੋਂ ਕੁੰਡਲਨੀ ਜਾਗਰਣ ਹੋ ਜਾਂਦੀ ਹੈ ਜਦੋਂ ਚੇਤਨਤਾ ਦਾ ਉਪਰ ਦਾ ਪੱਧਰ ਹੋਰ ਉਪਰ ਹੋ ਜਾਂਦਾ ਹੈ, ਸੂਖਮ ਹੋ ਜਾਂਦਾ ਹੈ ਸਾਰੀਆਂ ਉਚਾਈਆਂ ਪਾਰ ਕਰ ਜਾਂਦਾ ਹੈ, ਫੇਰ ਜਗਿਆਸੂ ਨੂੰ ਸੂਖਮ ਪੱਧਰ ਦੇ ਅਨੁਭਵ ਹੋਣ ਲਗ ਪੈਂਦੇ ਹਨ, ਸਭ ਕੁਝ ਸੋਹਣਾ ਦਿਸਣ ਲਗ ਪੈਂਦਾ ਹੈ। ਜਦੋਂ ਤੁਸੀਂ ਇਕ ਚੀਜ਼ ਇਕ ਪੱਧਰ ਤੋਂ ਦੇਖਦੇ ਹੋ ਉਹ ਬੜੀ ਭੱਦੀ ਲਗਦੀ ਹੈ, ਕੋਹਝੀ ਲਗਦੀ ਹੈ ਪਰ ਜਦੋਂ ਤੁਸੀਂ ਉਸੇ ਚੀਜ਼ ਨੂੰ ਦੂਸਰੇ ਪੱਖੋਂ ਦੇਖਦੇ ਹੋ, ਓਹੀ ਚੀਜ਼ ਸੋਹਣੀ ਲਗਣ ਲਗ ਪੈਂਦੀ ਹੈ, ਦੇਖਣ ਦੇ ਪੱਧਰ ਦਾ ਬੜਾ ਭਾਰਾ ਆਪਣਾ ਸਥਾਨ ਹੈ। ਜਦੋਂ ਤੁਸੀਂ ਉਤਮ ਚੇਤਨਤਾ ਤੇ ਪਹੁੰਚ ਜਾਂਦੇ ਹੋ ਤੇ ਸਭ ਕੁਝ ਉਸ ਅਲੌਕਿਕਤਾ ਨਾਲ ਦੇਖਦੇ ਹੋ, ਸਭ ਕੁਝ ਬਹੁਤ ਹੀ ਵਖਰਾ ਨਜ਼ਰ ਆਉਂਦਾ ਹੈ, ਅਨੰਦ ਮਹਿਸੂਸ ਹੁੰਦਾ ਹੈ, ਸ਼ਾਂਤੀ ਮਹਿਸੂਸ ਹੁੰਦੀ ਹੈ, ਕੋਈ ਦ੍ਵੰਦ ਨਹੀਂ ਦਿਸਦਾ, ਕੋਈ ਗੜਬੜ ਨਹੀਂ ਦਿਸਦੀ ਕਿਉਂਕਿ ਉਥੇ ਤੇ ਸਭ ਕੁਝ ਪੂਰਾ ਹੀ ਦਿਸਦਾ ਹੈ, ਕੋਈ ਭਿੰਨਤਾ ਨਹੀਂ ਦਿਸਦੀ, ਨਾ ਹੀ ਅਧੂਰਾਪਨ ਦਿਸਦਾ ਹੈ, ਕੇਵਲ ਇਕ ਹੀ ਇਕ ਉਹ ਹੀ ਨਜ਼ਰ ਆਉਂਦਾ ਹੈ।

ਜੇ ਅਸੀਂ ਇਹ ਸਭ ਕੁਝ ਦੇਖੀਏ, ਸਮੁੱਚਾ, ਸੂਖਮ, ਸੂਖਮ ਤੋਂ ਸੂਖਮ ਪੱਧਰ ਦੇਖੀਏ ਤੇ ਉਨ੍ਹਾਂ ਨੂੰ ਇਕੱਠਾ ਕਰੀਏ ਸਮੁੱਚਾ ਦੇਖੀਏ ਉਹ ਇਕ ਅਲੌਕਿਕ ਦ੍ਰਿਸ਼ ਹੀ ਹੋਵੇਗਾ। ਜਦੋਂ ਤੁਸੀਂ

ਅੰਤਰਮੁਖੀ ਹੁੰਦੇ ਹੋ ਤੇ ਅੰਤਰ ਚੇਤਨਤਾ ਦੀ ਗਹਿਰਾਈ ਤਕ ਪਹੁੰਚਦੇ ਹੋ ਜਿਥੋਂ ਵਿਸ਼ਵ ਦੀ ਸਾਰੀ ਭਿੰਨਤਾ ਆਕਾਰ ਲੈਂਦੀ ਹੈ ਤਾਂ ਪਤਾ ਲਗਦਾ ਹੈ ਕਿ ਸਾਰੀ ਭਿੰਨਤਾ ਦਾ ਇਕ ਹੀ ਸਰੋਤ ਹੈ - ਉਹ ਹੈ ਏਕਤਾ। ਏਕਤਾ ਵਿਚ ਭਿੰਨਤਾ ਇਹ ਹੀ ਜੀਵਨ ਦਾ ਨਿਯਮ ਹੈ। ਜਦੋਂ ਤੁਸੀਂ ਦੋਨੋਂ ਦੇਖਣ ਲਗ ਪੈਂਦੇ ਹੋ, ਤੁਸੀਂ ਹੈਰਾਨ ਹੋ ਜਾਂਦੇ ਹੋ, ਅੰਤਰ ਤੇ ਬਾਹਰ ਦਾ ਕਿੰਨਾ ਭੇਦ ਹੈ।

ਆਪਣੇ ਦਿਬਯ ਨੇਤਰ ਰਾਹੀਂ ਅਰਜਨ ਵਿਸ਼ਵ ਦੀ ਡੂੰਘਾਈ ਦਾ ਦ੍ਰਿਸ਼ ਦੇਖ ਸਕਦਾ ਹੈ, ਮਰਨਾ ਜਨਮ ਲੈਣਾ ਉਸ ਇਕਦੀ ਗਹਿਰਾਈ ਤਕ ਜਾਣਾ ਤੇ ਫੇਰ ਨਵੇਂ ਸਿਰਿਓਂ ਸਭ ਕੁਝ ਸ਼ੁਰੂ ਕਰਨਾ। ਉਸ ਦ੍ਰਿਸ਼ ਨੂੰ ਦੇਖ ਕੇ ਅਰਜਨ ਮਹਿਸੂਸ ਕਰਦਾ ਹੈ ਕਿ ਉਸ ਦੀ ਉਪਰਾਮਤਾ ਉਸ ਦਾ ਦੁਖ ਸਭ ਕੁਝ ਉਸ ਦਾ ਆਪਣਾ ਹੀ ਰਚਿਆ ਹੋਇਆ ਹੈ, ਇਹ ਉਸ ਦੇ ਮੋਹ ਦਾ ਪਰਿਣਾਮ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਇਕ ਮਹਾਂਪੁਰਖ ਜਾਂ ਗੁਰੂ ਹੀ ਵਿਸ਼ਵ ਦਾ ਦ੍ਰਿਸ਼ ਦੇਖ ਸਕਦੇ ਹਨ। ਜਦੋਂ ਮਨੁੱਖ ਦੇ ਯਤਨਾਂ ਦਾ ਜ਼ੋਰ ਸਿਖਰ ਤੇ ਪਹੁੰਚ ਜਾਂਦਾ ਹੈ ਉਦੋਂ ਸ਼ਕਤੀ ਪੈਦਾ ਹੁੰਦੀ ਹੈ, ਉਤਮ ਸ੍ਵੈ ਪੈਦਾ ਹੁੰਦਾ ਹੈ। ਜਿਨ੍ਹਾਂ ਤੇ ਕ੍ਰਿਪਾ ਹੁੰਦੀ ਹੈ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਗਿਆਨ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਮਨ ਦੇ ਰਾਹੀਂ ਨਹੀਂ, ਦ੍ਰਿਸ਼ਟੀ ਰਾਹੀਂ ਗਿਆਨ ਪ੍ਰਾਪਤ ਹੁੰਦਾ ਹੈ।

ਪ੍ਰਸ਼ਨ ਉਠਦਾ ਹੈ, ਕ੍ਰਿਸ਼ਨ ਜੀ ਨੇ ਪਹਿਲੇ ਹੀ ਅਰਜਨ ਨੂੰ ਦਿਬਯ ਦ੍ਰਿਸ਼ਟੀ ਕਿਉਂ ਨਹੀਂ ਦੇ ਦਿਤੀ? ਉਤਰ ਹੈ ਕਿ ਉਸ ਸਮੇਂ ਅਰਜਨ ਹਾਲੇ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਤਿਆਰ ਹੀ ਨਹੀਂ ਸੀ। ਉਹ ਘਬਰਾਇਆ ਹੋਇਆ ਸੀ, ਉਹ ਉਦਾਸ ਸੀ, ਉਪਰਾਮ ਸੀ। ਅੱਜ ਦੇ ਸਮੇਂ ਵੀ ਜਗਿਆਸੂ ਗੁਰੂ ਕੋਲ ਜਾਂਦਾ ਹੈ, ਉਹ ਘਬਰਾਇਆ ਹੁੰਦਾ ਹੈ ਤੇ ਗੁਰੂ ਉਸ ਨੂੰ ਉਪਰ ਦੇ ਪੱਧਰ ਦੇ ਅਨੁਭਵ ਲਈ ਤਿਆਰ ਕਰਦਾ ਹੈ ਉਸ ਨੂੰ ਪਰਮ ਚੇਤਨ ਲਈ ਤਿਆਰ ਕਰਦਾ ਹੈ, ਪਰ ਜਦੋਂ ਤਕ ਜਗਿਆਸੂ ਪੂਰੀ ਤਰ੍ਹਾਂ ਲੈਣ ਲਈ ਤਿਆਰ ਨਾ ਹੋਵੇ ਗੁਰੂ ਉਸ ਨੂੰ ਸੂਖਮ ਗਿਆਨ ਤੇ ਤਰੀਕੇ ਨਹੀਂ ਦਸਦਾ। ਜਦੋਂ ਅਰਜਨ ਨੇ ਕ੍ਰਿਸ਼ਨ ਜੀ ਨੂੰ ਗੁਰੂ ਮੰਨ ਲਿਆ,ਪ੍ਰਮਾਤਮਾ ਦਾ ਰੂਪ ਮੰਨ ਲਿਆ ਹੈ, ਜੀਵਨ ਤੇ ਵਿਸ਼ਵ ਦਾ ਗਿਆਨ ਲੈ ਲਿਆ ਹੈ, ਹੁਣ ਉਹ ਵਿਸ਼ਵ ਦਾ ਦ੍ਰਿਸ਼ ਦੇਖਣ ਲਈ ਤਿਆਰ ਹੈ। ਸੰਸਾਰ ਨੂੰ ਵੰਡਿਆ ਦੇਖਣ ਤੋਂ ਬਾਅਦ ਅਰਜਨ ਹੁਣ ਪ੍ਰਮਾਤਮਾ ਦਾ ਸਮੁੱਚਾ ਰੂਪ ਦੇਖਣਾ ਚਾਹੁੰਦਾ ਹੈ ਜਿਸ ਵਿਚ ਵਿਸ਼ਵ ਦੇ ਵੱਖ ਵੱਖ ਰੂਪ ਸਮਾਏ ਹੋਏ ਹਨ। ਅਰਜਨ ਨੂੰ ਉਹ ਭਿਆਨਕ ਲਗਦਾ ਹੈ ਜਦੋਂ ਜਗਿਆਸੂ ਦੀ ਕੁੰਡਲਨੀ ਜਾਗਰਣ ਹੁੰਦੀ ਹੈ ਉਸ ਦੇ ਅਨੁਭਵ ਇਸ ਤਰ੍ਹਾਂ ਦੇ ਹੀ ਹੁੰਦੇ ਹਨ, ਕਈ ਵਾਰੀ ਉਹ ਐਨਾ ਭੈ ਭੀਤ ਹੋ ਜਾਂਦਾ ਹੈ, ਉਹ ਸਾਰੇ ਅਭਿਆਸ ਛੱਡ ਦੇਣਾ ਚਾਹੁੰਦਾ ਹੈ, ਉਸ ਸਮੇਂ ਇਕ ਯੋਗ ਅਧਿਆਪਕ ਇਕ ਯੋਗ ਗੁਰੂ ਉਸ ਦਾ ਅਭਿਆਸ ਜਾਰੀ ਰੱਖਣ ਵਿਚ ਸਹਾਇਤਾ ਕਰਦਾ ਹੈ ਜਦੋਂ ਤਕ ਉਹ ਪਰਮ ਚੇਤਨਤਾ ਤਕ ਨਹੀਂ ਪਹੁੰਚ ਜਾਂਦਾ।

LLLLLL

(ਪੰਨਾ 30 ਦੀ ਬਾਕੀ)

ਚਲਦਾ ਸੀ, ਬਾਕੀ ਬਹੁਤ ਆਪਣੇ ਕਰਮ-ਧਰਮ ਵਾਲੇ ਸਨ। ਉਨ੍ਹਾਂ ਨੂੰ ਚੌਦਾਂ ਕਲਾਂ ਲੈ ਕੇ ਹੀ ਕੰਮ ਚਲਦਾ ਸੀ। ਜੋ ਹਰਨਾਖਸ਼ ਨੂੰ ਮਾਰਨ ਵਾਲਾ ਨਰਸਿੰਘ ਅਵਤਾਰ ਆਇਆ ਉਸ ਨੂੰ ਵੀ ਇਕ ਹੀ ਤਾਕਤ ਦੀ ਲੋੜ ਸੀ, ਬਹੁਤੀਆਂ ਕਲਾਂ ਦੀ ਲੋੜ ਨਹੀਂ ਸੀ। ਕ੍ਰਿਸ਼ਨ ਮਹਾਰਾਜ ਜੀ ਨੂੰ ਸੋਲ੍ਹਾਂ ਸੰਪੂਰਨ ਕਲਾਂ ਦੀ ਲੋੜ ਸੀ ਲੇਕਿਨ ਹੁਣ ਸੰਸਾਰ ਦੇ ਅੰਦਰ ਐਨਾ ਅਨਰਥ ਹੋਣ ਲੱਗ ਗਿਆ ਸੀ ਕਿ ਪਾਪ ਨੂੰ ਧਰਮ ਕਹਿੰਦੇ ਸਨ। ਲੱਖ-ਲੱਖ ਬੰਦੇ ਨੂੰ ਖੜ੍ਹਾ ਕਰਕੇ ਇਕ ਦਿਨ ਵਿਚ ਮਾਰ ਦੇਣਾ ਇਸ ਨੂੰ ਪੁੰਨ ਕਹਿੰਦੇ ਸੀ, 'ਸਵਾਬ' ਕਹਿੰਦੇ ਸੀ। ਬਾਬਰ ਲਿਖਦਾ ਹੈ, ਆਪਣੀ 'ਤੌਜ਼ਕ-ਏ-ਬਾਬਰੀ' ਵਿਚ ਕਿ ਅੱਜ ਮੈਂ ਇਕ ਲੱਖ ਕਾਫਰ ਮਥਰਾ ਦੇ ਅੰਦਰ ਮਾਰ ਕੇ ਨਜ਼ਾਰਾ ਦੇਖਿਆ ਤੇ ਉਥੇ ਵਹਿਣ ਵਾਲਾ ਖੂਨ ਐਨਾ ਉਚਾ ਹੋ ਗਿਆ, ਮੇਰੇ ਖੇਮੇ (ਤੰਬੂ) ਵਿਚ ਦਾਖਲ ਹੋਣ ਲਗਿਆ ਤੇ ਮੈਂ ਬਦਲ ਕੇ ਲਗਵਾਇਆ। ਸੋ ਅੱਜ ਮੈਂ ਤਿੰਨ ਵਾਰੀ ਆਪਣਾ ਤੰਬੂ ਬਦਲਿਆ, ਐਨਾ ਖੂਨ ਚੱਲਿਆ। ਹੁਣ ਇਸ ਨੂੰ ਧਰਮ ਕਿਹਾ ਜਾਂਦਾ ਸੀ ਤਾਂ ਫੇਰ 'ਅਧਰਮ' ਕਿਹੜੀ ਚੀਜ਼ ਨੂੰ ਕਹਾਂਗੇ। ਮਹਾਰਾਜ ਜੀ ਕਹਿੰਦੇ-

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ..........॥

ਪੰਨਾ - 1103

ਜੀਵਾਂ ਨੂੰ ਮਾਰ ਕੇ ਤੁਸੀਂ ਕਹਿੰਦੇ ਹੋ ਕਿ ਅਸੀਂ ਧਰਮ ਕਰਦੇ ਹਾਂ।

ਅਧਰਮੁ ਕਹਹੁ ਕਤ ਭਾਈ॥ ***ਪੰਨਾ - 1103***

ਫੇਰ 'ਅਧਰਮ' ਕਿਹੜੀ ਗੱਲ ਨੂੰ ਕਹੋਂਗੇ ਤੁਸੀਂ? ਫੇਰ ਤਾਂ ਕੋਈ ਗੱਲ ਰਹਿ ਹੀ ਨਾ ਗਈ ਜਦੋਂ ਜੀਅ ਮਾਰ ਕੇ ਧਰਮ ਥਾਪਣਾ ਹੈ -

ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥

ਪੰਨਾ - 1103

ਤੇ ਹੁਣ ਕਸਾਈ ਕਿਸਨੂੰ ਕਹੋਗੇ? ਸੋ ਏਸ ਤਰ੍ਹਾਂ ਗੁਰੂ ਨਾਨਕ ਨੇ ਪ੍ਰਮੇਸ਼ਰ ਦਾ ਹੁਕਮ ਸਮਝਿਆ ਤੇ ਭਾਈ ਜੋਧ ਨੇ ਕਿਹਾ, "ਭਾਈ ਲਹਿਣਾ ਜੀ! ਕੀ ਵਡਿਆਈ ਕਰੀ ਜਾਵੇ ਆਪ ਜੀ ਦੀ ਤੇ ਆਪ ਨੇ ਉਨ੍ਹਾਂ ਦੀ ਸਤਿ ਬਾਣੀ ਨੂੰ ਸੁਣਿਆ ਹੈ, ਭਾਗ ਜਾਗੇ ਨੇ ਆਪ ਦੇ ਤੇ ਫੇਰ ਉਨ੍ਹਾਂ ਦੀ ਕਥਾ ਆਪ ਨੇ ਸੁਣੀ ਹੈ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਸ ਤੋਂ ਅੱਗੇ ਜੋ ਵਿਚਾਰ ਹੈ ਉਹ ਸੰਗਰਾਂਦ ਦੇ ਦੀਵਾਨ ਵਿਚ ਜੇ ਮਹਾਰਾਜ ਜੀ ਨੇ ਚਾਹਿਆ ਤਾਂ ਕੀਤੀ ਜਾਵੇਗੀ। ਹੁਣ ਸਾਰੇ ਪ੍ਰੇਮੀ ਪਹਿਲਾਂ ਅਨੰਦ ਸਾਹਿਬ ਵਿਚ ਬੋਲੋ ਤੇ ਉਸ ਤੋਂ ਬਾਅਦ ਗੁਰ-ਸਤੋਤਰ ਵਿਚ ਆਪਣੀ ਰਸਨਾ ਪਵਿੱਤਰ ਕਰੋ ਜਿਸ ਨੇ ਆਪਣੀ ਰਸਨਾ ਪਵਿਤਰ ਨਹੀਂ ਕਰੀ ਉਹ ਜ਼ਰੂਰ ਆਪਣੀ ਰਸਨਾ ਤੇ ਗੁਰੂਆਂ ਦੇ ਨਾਂ ਲੈ ਲਓ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

LLLLLL

ਜੇਹਾ ਮਨੋਰਥ ਕਰਿ ਆਰਾਧੈ ਸੋ ਸੰਤਨ ਤੇ ਪਾਵੈ॥

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ ਸਤੰਬਰ ਅੰਕ, ਪੰਨਾ - 53)

ਇਕ ਵਾਰੀ ਇਕ ਬ੍ਰਾਹਮਣ ਦੀ ਸ਼ੇਰ ਦੇ ਨਾਲ ਦੋਸਤੀ ਹੋ ਗਈ। ਸ਼ੇਰ ਰੋਜ਼ ਮਿਲਣ ਆਉਂਦਾ ਸੀ ਤੇ ਕਦੇ-ਕਦੇ ਬ੍ਰਾਹਮਣ ਉਸ ਨੂੰ ਮਿਲਣ ਜੰਗਲ ਜਾਇਆ ਕਰਦਾ ਸੀ। ਇਕ ਦਿਨ ਇਹ ਜੰਗਲ ਨਹੀਂ ਗਿਆ, ਘਰ ਹੀ ਸੀ ਤੇ ਸ਼ੇਰ ਆਇਆ ਤੇ ਘਰਵਾਲੀ ਆਪਣੇ ਬ੍ਰਾਹਮਣ ਪਤੀ ਨੂੰ ਕੋਸ ਰਹੀ ਸੀ ਕਿ ਤੂੰ ਦੋਸਤੀ ਕਿਸਦੇ ਨਾਲ ਪਾਈ ਹੈ, ਸ਼ੇਰ ਨਾਲ! ਬਦਬੂ ਆਉਂਦੀ ਹੈ ਉਸਦੇ ਮੂੰਹ 'ਚੋਂ, ਜਾਨਵਰ ਖਾਂਦਾ ਹੈ, ਉਸ ਦਾ ਕੀ ਭਰੋਸਾ ਹੈ ਕਿ ਤੈਨੂੰ ਕਦ ਖਾ ਜਾਵੇ। ਇਹੋ ਜਿਹੇ ਫਿੱਕੇ ਬੋਲ ਬੋਲੇ ਤੇ ਸ਼ੇਰ ਨੇ ਸੁਣ ਲਏ। ਸ਼ੇਰ ਅੰਦਰ ਆ ਗਿਆ ਪਰ ਉਸ ਦੇ ਚਿਹਰੇ ਤੇ ਉਹ ਖੁਸ਼ੀ ਨਹੀਂ ਜਿਹੜੀ ਹੋਣੀ ਚਾਹੀਦੀ ਸੀ। ਬ੍ਰਾਹਮਣ ਨੂੰ ਕਹਿਣ ਲੱਗਾ, "ਅੱਜ ਮੇਰੇ ਮਨ ਵਿਚ ਬੜੀ ਨਰਾਜ਼ਗੀ ਹੈ, ਤੂੰ ਇਕ ਕੰਮ ਕਰ; ਜੇ ਨਾ ਕਰਿਆ ਤਾਂ ਮੈਂ ਆਪਣੇ ਸੁਭਾਅ ਤੇ ਆ ਜਾਵਾਂਗਾ।"

ਬ੍ਰਾਹਮਣ ਨੇ ਕਿਹਾ, "ਦੱਸ ਕੀ ਗੱਲ ਹੈ?"

ਸ਼ੇਰ ਕਹਿੰਦਾ, "ਮਿੱਤਰ! ਇਕ ਕੁਹਾੜਾ ਲਿਆ ਜਲਦੀ।" ਕੁਹਾੜਾ ਲੈ ਆਂਦਾ।

ਕਹਿੰਦਾ, "ਹੁਣ ਮੇਰੇ ਸਿਰ ਵਿਚ ਮਾਰ ਜ਼ੋਰ ਨਾਲ, ਜੇ ਹੌਲੀ ਮਾਰਿਆ ਤਾਂ ਮੈਂ ਤੈਨੂੰ ਖਾ ਜਾਵਾਂਗਾ।"

ਪੂਰੇ ਜ਼ੋਰ ਨਾਲ ਬ੍ਰਾਹਮਣ ਨੇ ਸ਼ੇਰ ਦੇ ਸਿਰ ਤੇ ਕੁਹਾੜਾ ਮਾਰਿਆ, ਖੂਨ ਨਿਕਲਣ ਲੱਗ ਗਿਆ। ਦੋ-ਤਿੰਨ ਉਂਗਲ ਖੁਭ ਗਿਆ ਸਿਰ ਵਿਚ। ਸਿਰ ਨੂੰ ਹਿਲਾਉਂਦਾ ਹੋਇਆ ਚਲਿਆ ਗਿਆ, ਖੂਨ ਚਲਦਾ ਹੈ। ਉਸ ਤੋਂ ਦੋ-ਤਿੰਨ ਮਹੀਨੇ ਬਾਅਦ ਫੇਰ ਆਇਆ, ਉਸ ਵੇਲੇ ਜਖਮ ਰਾਜ਼ੀ ਸੀ ਤੇ ਵਾਲ ਆ ਚੁੱਕੇ ਸਨ, ਫੇਰ ਪੰਡਤ ਨੂੰ ਮਿਲਿਆ।

ਕਹਿਣ ਲੱਗਿਆ, "ਪੰਡਤ ਜੀ! ਇਹ ਦੱਸੋ, ਮੇਰਾ ਜਿਹੜਾ ਜ਼ਖਮ ਸੀ ਉਹ ਰਾਜ਼ੀ ਹੋ ਗਿਆ ਜਾਂ ਨਹੀਂ?"

ਪੰਡਤ ਕਹਿੰਦਾ, "ਤੇਰਾ ਜ਼ਖਮ ਵੀ ਰਾਜ਼ੀ ਹੋ ਗਿਆ ਤੇ ਉਤੇ ਵਾਲ ਵੀ ਆ ਗਏ।"

ਸ਼ੇਰ ਕਹਿੰਦਾ, "ਉਹ ਤਾਂ ਹੋ ਗਿਆ ਰਾਜ਼ੀ, ਪਰ ਜਿਹੜੀ ਤੇਰੀ ਘਰਵਾਲੀ ਨੇ ਬੋਲੀ ਮਾਰੀ ਸੀ - ਫਿੱਕਾ ਬੋਲ ਕੇ, ਉਹ ਮੇਰੇ ਅੰਦਰ ਪਹਿਲਾਂ ਤੋਂ ਵੀ ਗਹਿਰੀ ਹੋ ਗਈ ਹੈ, ਕੋਈ ਤਰੀਕਾ ਨਹੀਂ ਹੈ ਉਸ ਦੇ ਠੀਕ ਹੋਣ ਦਾ।"

ਸੋ ਮਹਾਰਾਜ ਜੀ ਸਾਨੂੰ ਸਮਝਾਉਂਦੇ ਨੇ ਕਿ ਗੁਰਸਿਖੋ! ਫਿੱਕਾ ਨਾ ਬੋਲਿਓ। ਫਿੱਕਾ ਸਾਈਂ ਦੇ ਪਿਆਰੇ ਨਹੀਂ ਬੋਲਦੇ। ਸਾਈਂ ਦੇ ਪਿਆਰੇ ਹਮੇਸ਼ਾ ਮਿੱਠਾ ਬੋਲਦੇ ਨੇ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਮਿੱਠਾ ਬੋਲਦੇ ਪਿਆਰੇ ਸੱਚੇ ਸਾਈਂ ਦੇ,
ਮੂਰਖ ਫਿੱਕੇ ਬੋਲ ਬੋਲਦੇ -2, 2.
ਪਿਆਰਿਓ, ਮੂਰਖ ਫਿਕੇ ਬੋਲ ਬੋਲਦੇ -2, 2.
ਮਿੱਠਾ ਬੋਲਦੇ ਪਿਆਰੇ ਸੱਚੇ ਸਾਈਂ ਦੇ,..-2

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਹੜੇ ਬੰਦੇ ਨਿਗੁਰੇ ਹੁੰਦੇ ਨੇ, ਗੁਰੂ-ਪੀਰ ਤੋਂ ਬਾਹਰੇ ਹੁੰਦੇ ਨੇ ਉਹ ਫਿੱਕਾ ਬੋਲ ਬੋਲਦੇ ਨੇ; ਜਿਹੜੇ ਗੁਰੂ ਵਾਲੇ ਹੁੰਦੇ ਨੇ ਉਹ ਨਹੀਂ ਫਿਕਾ ਬੋਲਦੇ ਕਿਉਂਕਿ ਗੁਰੂ ਜੀ ਇਹ ਕਹਿੰਦੇ ਹਨ-

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥ ਪੰਨਾ - 473

ਉਸ ਦੀ ਮਸ਼ਹੂਰੀ ਫਿਕਿਆਂ ਵਿਚ ਹੋ ਜਾਏਗੀ ਕਿ ਬੜਾ ਫਿਕਾ ਹੈ ਫਲਾਣਾ ਬੰਦਾ, ਬੜਾ ਉਖੜ ਕੇ ਬੋਲਦਾ ਹੈ। ਉਸ ਦੇ ਚੰਗੇ ਗੁਣ ਸਾਰੇ ਲੁਕ ਜਾਣਗੇ।

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਪੰਨਾ - 473

ਕਹਿੰਦੇ ਇਥੇ ਹੀ ਬੱਸ ਨਹੀਂ, ਫਿਕੇ ਨੂੰ ਦਰਗਾਹ ਵਿਚੋਂ ਧੱਕਾ ਮਿਲਦਾ ਹੈ। ਫਿਕੇ ਨੂੰ ਮੂਰਖ ਆਖਦੇ ਨੇ -

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥
ਪੰਨਾ - 473

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ -

ਜਿਤੁ ਬੋਲੀਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਪੰਨਾ - 15

ਬੋਲਣ ਤੋਂ ਪਹਿਲਾਂ ਸੋਚੋ ਕਿ ਮੈਂ ਕਿਹੜੀ ਗੱਲ ਕਹਿੰਦਾ ਹਾਂ, ਉਹ ਬੋਲੋ ਜਿਹੜਾ ਪਰਵਾਨ ਹੋ ਜਾਵੇ।

ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਪੰਨਾ - 15

ਗੁਰਸਿਖ ਨਹੀਂ ਫਿਕਾ ਬੋਲਦੇ, ਉਨ੍ਹਾਂ ਦੀ ਨਿਸ਼ਾਨੀ ਇਹ ਹੁੰਦੀ ਹੈ -

ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਕੈ ਭਲਾ ਮਨਾਇਆ॥
ਭਾਈ ਗੁਰਦਾਸ ਜੀ ਦੀ ਵਾਰ 11/4

ਸੋ ਆਪ ਫੁਰਮਾਨ ਕਰਦੇ ਨੇ ਕਿ -

ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ।
ਭਾਈ ਗੁਰਦਾਸ ਜੀ ਦੀ, ਵਾਰ 36/8

ਕਾਂ ਤੇ ਕੋਇਲ ਨੂੰ ਰਲਾਓ, ਉਸ ਨੇ ਫਿਕਾ ਬੋਲਣਾ ਹੈ ਕਾਂ-ਕਾਂ, ਕੋਇਲ ਦੀ ਬੋਲੀ ਮਿੱਠੀ ਹੁੰਦੀ ਹੈ।

ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਨਿ ਫਿਕੈ।
ਭਾਈ ਗੁਰਦਾਸ ਜੀ ਦੀ, ਵਾਰ 36/8

ਨਿੰਦਿਆ ਕਰਨ ਵਾਲੇ ਫਿਕੇ ਬੋਲ ਬੋਲਦੇ ਨੇ –

ਬਗੁਲੇ ਹੰਸੁ ਬਰਾਬਰੀ, ਕਿਉ ਮਿਕਨਿ ਮਿਕੈ।
ਭਾਈ ਗੁਰਦਾਸ ਜੀ ਦੀ , ਵਾਰ 36/8

ਹੁਣ ਹੰਸ ਤੇ ਬਗਲੇ ਦੀ ਬਰਾਬਰੀ ਕਿਵੇਂ ਹੋ ਜਾਏਗੀ, ਉਨ੍ਹਾਂ ਨੂੰ ਕਿਵੇਂ ਬਰਾਬਰ ਕਰ ਦਿਓਂਗੇ?

ਤਿਉ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।
ਕਿਆ ਨੀਸਾਣੀ ਮੀਣਿਆ, ਖੋਟੁਸਾਲੀ ਸਿਕੈ।
ਭਾਈ ਗੁਰਦਾਸ ਜੀ ਦੀ, ਵਾਰ 36/8

ਕਹਿੰਦੇ ਸਿੱਕੇ ਬਣਦੇ ਨੇ, ਇਨ੍ਹਾਂ ਦੀ ਕੀ ਨਿਸ਼ਾਨੀ ਹੈ ਕਿ ਇਹ ਖੋਟੇ ਸਿੱਕੇ ਨੇ।

ਸਿਰਿ ਸਿਰਿ ਪਾਹਣੀ ਮਰੀਅਨਿ ਓਇ ਪੀਰ ਫਿਟਿਕੈ।
ਭਾਈ ਗੁਰਦਾਸ ਜੀ ਦੀ, ਵਾਰ 36/8

ਜੁੱਤੀਆਂ ਪੈਂਦੀਆਂ ਨੇ, ਗੁਰੂਆਂ-ਪੀਰਾਂ ਦੇ ਫਿੱਟੇ ਹੋਏ ਬੰਦੇ ਨੇ। ਸੋ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ ਦੇਖੀਂ ਪਿਆਰਿਆ! ਪ੍ਰਮੇਸ਼ਰ ਨਾਲ ਜੇ ਤੇਰਾ ਪਿਆਰ ਹੈ ਤਾਂ ਕਿਸੇ ਦਾ ਦਿਲ ਨਾ ਤੋੜੀਂ-ਫਿੱਕਾ ਬੋਲ ਕੇ –

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਪੰਨਾ – 1384

ਵਾਹਿਗੁਰੂ ਸਾਰਿਆਂ ਦੇ ਅੰਦਰ ਹੈ, ਤੂੰ ਫਿੱਕਾ ਬੋਲਕੇ ਦਿਲ ਨਾ ਤੋੜੀਂ –

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥
ਪੰਨਾ – 1384

ਜਿਹੜੇ ਮਿੱਠੇ ਬੋਲ ਨੇ ਉਨ੍ਹਾਂ ਦਾ ਮੁਕਾਬਲਾ ਕਰਦੇ ਦਸਦੇ ਨੇ ਕਿ ਸ਼ਹਿਦ ਮਿੱਠਾ ਹੈ ਪਰ ਜਿਹੜਾ ਮਿੱਠਾ ਬੋਲ ਹੈ ਉਹ ਸ਼ਹਿਦ ਤੋਂ ਵੀ ਜ਼ਿਆਦਾ ਮਿੱਠਾ ਹੁੰਦਾ ਹੈ। ਕੌੜਾ ਬੋਲ ਜ਼ਹਿਰ ਤੋਂ ਵੀ ਜ਼ਿਆਦਾ ਕੌੜਾ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਨੇ ਕਿ –

ਮਧੁਰ ਬਚਨ ਸਮਸਰਿ ਨ ਪੁਜਸਿ ਮਧੁ।
(ਕਬਿੱਤ ਸਵੱਈਏ 256)

ਮਿੱਠੇ ਬੋਲਾਂ ਦੇ ਮੁਕਾਬਲੇ ਤੇ ਸ਼ਹਿਦ ਪਹੁੰਚ ਹੀ ਨਹੀਂ ਸਕਦਾ।

ਕਰਕ ਸਬਦ ਸਰਿ ਬਿਖੁ ਨ ਬਿਖਮ ਹੈ॥
(ਕਬਿੱਤ ਸਵੱਈਏ 256)

ਭੈੜੀ ਤੋਂ ਭੈੜੀ ਜ਼ਹਿਰ ਵੀ ਕੌੜੇ ਬੋਲ ਦੇ ਬਰਾਬਰ ਨਹੀਂ ਪਹੁੰਚ ਸਕਦੀ।

ਮਧੁਰ ਬਚਨ ਸੀਤਲਤਾ ਮਿਸਟਾਨਪਾਨ,
(ਕਬਿੱਤ ਸਵੱਈਏ 256)

ਨਿਰੀ ਸੀਤਲਤਾ ਹੈ, ਠੰਡ ਦੇਣ ਵਾਲੇ ਨੇ, ਜਿਹੜੇ ਮਿੱਠੇ ਬਚਨ ਨੇ –

ਕਰਕ ਸਬਦ ਸ-ਤਪਤ ਕਟੁ ਹੈ॥
(ਕਬਿੱਤ ਸਵੱਈਏ 256)

ਜਿਹੜੇ ਕੌੜੇ ਬਚਨ ਨੇ ਉਹ ਹਿਰਦੇ ਨੂੰ ਐਉਂ ਤਪਾ ਦਿੰਦੇ ਨੇ ਕਿ ਉਸ ਦੇ ਮੁਕਾਬਲੇ ਤੇ ਕੋਈ ਚੀਜ਼ ਨਹੀਂ ਤਪਾਉਂਦੀ।

ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ,
(ਕਬਿੱਤ ਸਵੱਈਏ 256)

ਜਿਹੜਾ ਮਿੱਠਾ ਬੋਲ ਹੈ ਉਸ ਦੇ ਵਿਚ ਤ੍ਰਿਪਤੀ ਆਉਂਦੀ ਹੈ, ਸੰਤੋਖ ਪੈਦਾ ਹੁੰਦਾ ਹੈ ਸ਼ਾਂਤੀ ਪੈਦਾ ਹੁੰਦੀ ਹੈ।

ਕਰਕ ਸ਼ਬਦ ਅਸੰਤੋਖ ਦੋਖ ਸ੍ਰਮ ਹੈ॥
(ਕਬਿੱਤ ਸਵੱਈਏ 256)

ਭੈੜੇ ਬੋਲਾਂ ਵਿਚ ਅਸੰਤੋਖ ਪੈਦਾ ਹੁੰਦਾ ਹੈ, ਦੋਖ ਪੈਦਾ ਹੁੰਦੇ ਨੇ।

ਮਧੁਰ ਬਚਨ ਲਗ ਅਗਮ ਸੁਗਮ ਹੋਇ,
(ਕਬਿੱਤ ਸਵੱਈਏ 256)

ਜੇ ਮਿੱਠਾ ਬੋਲਦਾ ਹੈ ਤਾਂ ਔਖੇ ਤੋਂ ਔਖਾ ਕੰਮ ਵੀ ਭਾਈ ਕਹਿ ਕੇ ਸੌਖਾ ਹੋ ਜਾਇਆ ਕਰਦਾ ਹੈ।

ਕਰਕ ਸਬਦ ਲਗ ਸੁਗਮ ਅਗਮ ਹੈ॥
(ਕਬਿੱਤ ਸਵੱਈਏ 256)

ਕੰਮ ਹੁੰਦਾ ਹੋਵੇ, ਕੌੜਾ ਬੋਲ ਦਿਓ, ਉਸ ਦਾ ਜਿਹੜਾ ਸੌਖੇ ਤੋਂ ਸੌਖਾ ਵੀ ਕੰਮ ਹੋ ਰਿਹਾ ਹੈ, ਉਹ ਵੀ ਨਹੀਂ ਹੁੰਦਾ। ਸੋ ਗੁਰਮੁਖ ਪਿਆਰੇ ਹਮੇਸ਼ਾ ਮਿੱਠਾ ਬੋਲਦੇ ਨੇ ਕਿਉਂਕਿ ਉਨ੍ਹਾਂ ਦਾ ਜੋ ਪੀਰ ਹੈ, ਗੁਰੂ ਹੈ ਉਹ ਵੀ ਮਿੱਠਾ ਬੋਲਦਾ ਹੈ –

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ
ਅਉਗਣੁ ਕੋ ਨ ਚਿਤਾਰੇ॥ ਪੰਨਾ – 784

ਉਹ ਜਾਣਦਾ ਹੀ ਨਹੀਂ ਕੌੜਾ ਬੋਲਣਾ –

ਸੋ ਇਸ ਤਰ੍ਹਾਂ ਜਦੋਂ ਉਨ੍ਹਾਂ ਨੇ ਫਿਕੇ ਬੋਲ ਕਹੇ ਤਾਂ ਮਾਤਾ ਜੀ ਦੇ ਦਿਲ ਵਿਚ ਸਾਰੀਆਂ ਗੱਲਾਂ ਚੁੱਭ ਗਈਆਂ। ਉਸ ਵੇਲੇ ਬਹੁਤ ਉਦਾਸੀ ਧਾਰ ਲਈ। ਅੱਜ ਤੋਂ ਪਹਿਲਾਂ ਕਦੀ ਉਦਾਸ ਨਹੀਂ ਸੀ ਹੋਏ; ਹਮੇਸ਼ਾ ਹਸੂੰ-ਹਸੂੰ ਕਰਦੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਿਆ ਕਰਦੇ ਸਨ। ਗੁਰੂ ਪੰਜਵੇਂ ਪਾਤਿਸ਼ਾਹ ਜਦੋਂ ਦੀਵਾਨ ਤੋਂ ਮਹਿਲਾਂ ਵਿਚ ਆਏ, (ਉਸ ਵੇਲੇ ਆਪ ਦੀ ਉਮਰ ਪੂਰੇ ਚਾਲੀ ਸਾਲਾਂ ਦੀ ਹੋ ਗਈ ਸੀ) ਤੇ ਮਾਤਾ ਜੀ ਨੂੰ ਉਦਾਸ ਦੇਖਿਆ ਤੇ ਕਹਿਣ ਲੱਗੇ ਕਿ ਕੀ ਗੱਲ ਹੋ ਗਈ, ਤੁਸੀਂ ਐਨੇ ਉਦਾਸ ਹੋਏ ਹੋ? ਐਨੀ ਗੱਲ ਕਹਿਣ ਦੀ ਦੇਰ ਸੀ, ਛਮ-ਛਮ ਅੱਖੀਆਂ 'ਚੋਂ ਹੰਝੂ ਚੱਲ ਪਏ, ਬੋਲਿਆ ਨਹੀਂ ਜਾਂਦਾ, ਹਿਚਕੀ ਲੱਗ ਗਈ, ਬੜੀ ਦੇਰ ਤੱਕ ਰੋਂਦੇ ਰਹੇ। ਮਹਾਰਾਜ ਜੀ ਨੇ ਸੋਚਿਆ, ਕੋਈ ਬਹੁਤ ਵੱਡੀ ਸੱਟ ਲੱਗੀ ਹੈ ਇਨ੍ਹਾਂ ਦੇ ਹਿਰਦੇ ਤੇ। ਆਪ ਨੇ ਕਿਹਾ ਕਿ ਦੱਸੋ ਤਾਂ ਸਹੀ, ਕੀ ਹੋਇਆ ਹੈ? ਜਦੋਂ ਸਾਰੀਆਂ ਗੱਲਾਂ ਦੱਸੀਆਂ ਕਿ ਇਕ ਦਿਨ ਪਹਿਲਾਂ ਵੀ ਇਨ੍ਹਾਂ ਨੇ ਮੈਨੂੰ ਆਹ ਗੱਲਾਂ ਕਹੀਆਂ, ਕੁੱਤਿਆਂ-ਬਿੱਲਿਆਂ ਦੇ ਵਿਚੀਂ ਮੈਨੂੰ ਤਾਹਨੇ ਮਾਰੀ ਜਾਂਦੇ ਨੇ ਹਰ ਵਕਤ। ਕਦੇ ਵੀ ਮਿੱਠਾ ਬਚਨ ਵੱਡੇ ਭੈਣ ਜੀ ਮੇਰੇ ਨਾਲ ਨਹੀਂ ਬੋਲੇ, ਹਰ ਵਕਤ ਨਫਰਤ ਦੇ ਨਾਲ ਦੇਖਦੇ ਨੇ, ਉਹ ਮੈਂ ਸਭ

ਸਹਿੰਦੀ ਗਈ ਪਰ ਪਰਸੋਂ ਜਿਹੜੇ ਬਚਨ ਬੋਲੇ, ਉਹ ਮੈਂ ਆਪ ਨੂੰ ਦੱਸੇ ਨਹੀਂ ਤੇ ਅੱਜ ਉਨ੍ਹਾਂ ਨਾਲ ਤੁਹਾਡੇ ਵੱਡੇ ਭਰਾਤਾ ਵੀ ਰਲ ਗਏ ਤੇ ਇਹੋ-ਜਿਹੀਆਂ ਗੱਲਾਂ ਕਹੀਆਂ ਨੇ ਕਿ ਮੈਂ ਤੁਹਾਨੂੰ ਦੱਸ ਨਹੀਂ ਸਕਦੀ। ਅਖੀਰ ਇਕ-ਇਕ ਕਰਕੇ ਸਭ ਗੱਲਾਂ ਮਹਾਰਾਜ ਜੀ ਨੂੰ ਦੱਸੀਆਂ, ਮਹਾਰਾਜ ਜੀ ਬੜੇ ਧੀਰਜ ਦੇ ਨਾਲ ਸੁਣਦੇ ਰਹੇ।

ਸਭ ਸੁਣਨ ਤੋਂ ਬਾਅਦ ਕਹਿਣ ਲੱਗੇ ਕਿ ਆਪਾਂ ਨੇ ਗੁੱਸਾ ਨਹੀਂ ਕਰਨਾ। ਗੁਰੂ ਨਾਨਕ ਪਾਤਿਸ਼ਾਹ ਦਾ ਤੁਹਾਨੂੰ ਫੁਰਮਾਨ ਨਹੀਂ ਯਾਦ ਰਿਹਾ, ਉਹ ਇਹ ਕਹਿੰਦੇ ਨੇ -

ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ - 728

ਅਸੀਂ ਜਦੋਂ ਚੰਗੇ ਨਹੀਂ ਹਾਂ ਤਾਂ ਫੇਰ ਕੋਈ ਕੁਝ ਕਹੀ ਜਾਏ। ਗੁਰੂ ਗ੍ਰੰਥ ਸਾਹਿਬ ਅੰਦਰ ਫੁਰਮਾਨ ਆਉਂਦਾ ਹੈ -

ਕਬੀਰ ਸਭ ਤੇ ਹਮ ਬੁਰੇ
ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਕਰਿ
ਬੂਝਿਆ ਮੀਤੁ ਹਮਾਰਾ ਸੋਇ॥
ਪੰਨਾ - 1364

ਉਹ ਮਿੱਤਰ ਹੈ ਸਾਡਾ ਜਿਹੜਾ ਆਪਣੇ-ਆਪ ਨੂੰ ਬੁਰਿਆਂ ਦੀ ਕਤਾਰ (ਪੰਗਤੀ) ਵਿਚ ਖੜ੍ਹਾ ਕਰ ਲੈਂਦਾ ਹੈ ਕਿ ਮੇਰੇ ਨਾਲੋਂ ਸਭ ਚੰਗੇ ਨੇ। ਅਸੀਂ ਮੂੰਹ ਨਾਲ ਤਾਂ ਕਹਿ ਦਿੰਦੇ ਹਾਂ-

ਹਉ ਅਪਰਾਧੀ ਗੁਨਹਗਾਰੁ
ਹਉ ਬੇਮੁਖਮੰਦਾ॥
ਭਾਈ ਗੁਰਦਾਸ ਜੀ,
ਵਾਰ 36/21

ਗਾ ਵੀ ਲੈਂਦੇ ਹਾਂ ਪਰ ਜੇ ਕੋਈ ਜ਼ਰਾ-ਕੁ ਕਹਿ ਦੇਵੇ ਕਿ ਇਹ ਤਾਂ ਬੇਮੁਖ ਹੈ, ਮੰਦਾ ਹੈ ਤਾਂ ਸਿਰ ਪਾੜਨ ਤੱਕ ਜਾਵਾਂਗੇ ਕਿਉਂਕਿ ਬਾਣੀ ਪੜ੍ਹਦੇ ਹੀ ਹਾਂ, ਹਿਰਦੇ ਵਿਚ ਧਾਰਨ ਨਹੀਂ ਕਰਦੇ। ਜੇ ਹਿਰਦੇ ਵਿਚ ਧਾਰਨ ਕਰੀਏ ਤਾਂ ਇਹ ਗੱਲਾਂ ਆਉਣ ਹੀ ਨਾ। ਉਹ ਕਹਿੰਦਾ ਮੈਂ ਤਾਂ ਆਪਣੇ-ਆਪ ਨੂੰ ਆਪੇ ਹੀ ਮੰਦਾ ਕਹਿੰਦਾ ਹਾਂ; ਮੈਂ ਕਦੋਂ ਕਿਹਾ ਕਿ ਮੈਂ ਚੰਗਾ ਹਾਂ, ਮੈਂ ਸੰਤ ਹਾਂ। ਇਹ ਤਾਂ ਲੋਕ ਪਤਾ ਨਹੀਂ ਕਿਉਂ ਭੁਲੇਖੇ ਨਾਲ ਕਹੀਂ ਜਾਂਦੇ ਨੇ, ਮੈਂ ਤਾਂ ਆਪਣੇ-ਆਪ ਨੂੰ ਜਾਣਦਾ ਹਾਂ, ਲੋਕਾਂ ਨੂੰ ਇਹ ਭੁਲੇਖਾ ਹੈ। ਹੁਣ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਕਿ ਮੈਂ ਕਿਹੋ-ਜਿਹਾ ਹਾਂ। ਉਹ ਅਸਲੀਅਤ ਕਹਿੰਦੇ ਨੇ ਫੇਰ ਮੈਨੂੰ ਗੁੱਸਾ ਕਾਹਦਾ? ਮੈਂ ਤਾਂ ਹਾਂ ਹੀ ਇਹੋ-ਜਿਹਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਦਿਲਾਸਾ ਦਿੱਤਾ ਕਿ ਨਾ! ਤੁਸੀਂ ਇਹ ਨਾ ਕਹੋ। ਉਹ ਬਹੁਤ ਚੰਗੇ ਨੇ, ਵੱਡੇ ਭਰਾ ਨੇ, ਉਹ ਤੁਹਾਡੀ ਵੱਡੀ ਭੈਣ ਹੈ, ਜਠਾਣੀ ਹੈ ਤੁਹਾਡੀ। ਸਭ ਤੋਂ ਵੱਡਾ ਸੂਰਮਾ ਉਹ ਹੋਇਆ ਕਰਦਾ ਹੈ ਜਿਹੜਾ ਸ਼ਬਦ ਦੀ ਚੋਟ ਸਹਿ ਲਵੇ। ਬਰਛੇ ਦੀ ਚੋਟ ਸਹਿ ਲੈਣੀ ਕੋਈ ਔਖੀ ਨਹੀਂ ਹੈ, ਬਹਾਦਰ ਉਹ ਹੈ ਜਿਹੜਾ ਬਚਨ ਦੀ ਚੋਟ ਸਹਿ ਸਕੇ ਤੇ ਇਥੋਂ ਤੱਕ ਫੁਰਮਾਨ ਆਉਂਦਾ ਹੈ ਕਿ ਜਿਹੜਾ ਚੋਟ ਸਹਿ ਲਵੇ ਉਹ ਮੇਰਾ ਗੁਰੂ ਬਣ ਜਾਵੇ ਤੇ ਮੈਂ ਉਸ ਦਾ ਦਾਸ ਬਣ ਜਾਵਾਂ ਕਿਉਂਕਿ ਉਹ ਬਹੁਤ ਵੱਡਾ ਪੁਰਸ਼ ਹੈ। ਕਹਿਣ ਲੱਗੇ ਕਿ ਵੱਡੇ ਤਾਂ ਗੱਲਾਂ ਕਹਿੰਦੇ ਹੀ ਹੁੰਦੇ ਨੇ, ਸਹਿਣ ਦੀ ਆਦਤ ਪਾਉਣੀ ਚਾਹੀਦੀ ਹੈ ਤੇ ਆਪਣੇ-ਆਪ ਨੂੰ ਸਭ ਤੋਂ ਨੀਵਾਂ ਸਮਝਣਾ ਚਾਹੀਦਾ ਹੈ। ਮਹਾਰਾਜ ਜੀ ਕਹਿੰਦੇ, ਨਾ! ਉਹ ਤਾਂ ਬੜੇ ਚੰਗੇ ਨੇ।

ਸਾਧਸੰਗਤ ਜੀ! ਬੇਅੰਤ ਮਹਾਤਮਾ ਨੇ ਜਿਨ੍ਹਾਂ ਨਾਲ ਦੂਸਰਿਆਂ ਨੇ ਵਰਤਾਓ ਮਾੜਾ ਕੀਤਾ ਪਰ ਉਨ੍ਹਾਂ ਨੇ ਬੁਰਾ ਕਦੇ ਨਹੀਂ ਕਿਹਾ। ਭਲਾ ਹੀ ਮੰਗਦੇ ਨੇ। ਅਰਦਾਸ ਜਦੋਂ ਕਰਦੇ ਨੇ ਸਾਧੂ-ਮਹਾਤਮਾ ਤਾਂ ਸੁਚੇਤ ਹੋ ਕੇ ਕਰਦੇ ਨੇ, ਦੁਨੀਆਂ ਵਾਲੇ ਰਸਮ ਕਰਦੇ ਨੇ। ਜੇ ਸੰਤ ਦੇ ਮੂੰਹੋਂ ਇਹ ਨਿਕਲਦਾ ਹੈ-

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਕਾ ਭਲਾ॥

ਉਹ ਸੱਚਮੁੱਚ ਹੀ ਕਹਿ ਰਿਹਾ ਹੁੰਦਾ ਹੈ ਕਿ ਸਰਬਤ ਦਾ ਭਲਾ ਹੋਵੇ। ਜਦੋਂ ਸਰਬੱਤ ਦਾ ਭਲਾ ਮੰਗਦਾ ਹੈ ਉਸ ਵੇਲੇ ਉਸ ਦੀ ਨਿਗ੍ਹਾ ਵਿਚ ਕੋਈ ਮਾੜਾ ਨਹੀਂ ਹੁੰਦਾ, ਸਾਰੇ ਚੰਗੇ ਹੀ ਹੁੰਦੇ ਨੇ। ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

ਧਾਰਨਾ - ਜਿਨ ਸਗਲੋ ਬ੍ਰਹਮ ਪਛਾਤਾ ਜੀ,
ਤਿਸ ਦੇ ਭਾਣੇ ਕੋਇ ਨ ਭੂਲਾ -2, 2.
ਜਿਨ ਸਗਲੋ ਬ੍ਰਹਮ ਪਛਾਤਾ ਜੀ........-2.

ਮਹਾਰਾਜ ਜੀ ਕਹਿੰਦੇ ਜਿਹੋ-ਜਿਹੀ ਦ੍ਰਿਸ਼ਟੀ ਅੰਦਰ ਹੁੰਦੀ ਹੈ, ਉਹੋ-ਜਿਹੀ ਬਾਹਰ ਆ ਜਾਇਆ ਕਰਦੀ ਹੈ।

ਸੁਖੀਏ ਕਉ ਪੇਖੈ ਸਭ ਸੁਖੀਆ.................॥
ਪੰਨਾ - 610

ਜਿਹੜਾ ਰਾਜ਼ੀ-ਬਾਜ਼ੀ ਤੰਦਰੁਸਤ ਬੰਦਾ ਹੈ ਉਹ ਸਾਰਿਆਂ ਨੂੰ ਤੰਦਰੁਸਤ ਹੀ ਸਮਝਦਾ ਹੈ।

ਰੋਗੀ ਕੈ ਭਾਣੈ ਸਭ ਰੋਗੀ॥ ਪੰਨਾ - 610

ਰੋਗੀ ਕਹਿੰਦਾ ਹੈ ਕਿ ਸਾਰੇ ਹੀ ਰੋਗੀ ਨੇ।

ਕਰਨ ਕਰਾਵਨਹਾਰ ਸੁਆਮੀ॥
ਆਪਨ ਹਾਥਿ ਸੰਜੋਗੀ॥ ਪੰਨਾ - 610

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਪੰਨਾ - 610

ਜਿਸ ਨੇ ਪੰਜੇ ਭਰਮ ਗਵਾ ਦਿੱਤੇ ਤੇ ਪ੍ਰਮੇਸ਼ਰ ਦੀ ਜਿਸ ਨੂੰ ਪਛਾਣ ਹੋ ਗਈ -

ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ - 610

ਸੰਤ ਸੰਗਿ ਜਾ ਕਾ ਮਨੁ ਸੀਤਲੁ
ਓਹੁ ਜਾਣੈ ਸਗਲੀ ਠਾਂਢੀ॥ ਪੰਨਾ - 610

ਸੰਤਾਂ ਦੀ ਸੰਗਤ ਕਰਕੇ ਜਿਸ ਦਾ ਮਨ ਸ਼ਾਂਤ ਹੋ ਗਿਆ, ਉਹ ਕਹਿੰਦਾ ਸੰਸਾਰ ਵਿਚ ਦੁਖ ਹੀ ਨਹੀਂ। ਸਭ ਠੰਢ ਹੀ ਠੰਢ ਵਰਤਦੀ ਹੈ।

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ॥ ਪੰਨਾ - 610

ਜਿਸ ਨੂੰ ਹਉਮੈ ਦਾ ਰੋਗ ਲੱਗ ਗਿਆ ਉਹ ਬਿਰਲਾਪ ਕਰਦਾ ਹੈ, ਦੁਨੀਆਂ ਨੂੰ ਦੁਖੀ ਸਮਝਦਾ ਹੈ।

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ॥ ਪੰਨਾ - 610

ਜਿਸ ਦੇ ਨੇਤਰਾਂ ਦੇ ਅੰਦਰ ਗਿਆਨ ਦਾ ਸੁਰਮਾ ਪੈ ਗਿਆ ਉਸ ਨੂੰ ਪ੍ਰਕਾਸ਼ ਹੋ ਗਿਆ।

ਅਗਿਆਨਿ ਅੰਧੇਰੈ ਸੂਝਸਿ ਨਾਹੀ
ਬਹੁੜਿ ਬਹੁੜਿ ਭਰਮਾਤਾ॥ ਪੰਨਾ - 610

ਅਗਿਆਨ ਦਾ ਹਨ੍ਹੇਰਾ ਜਿਸ ਦੇ ਮਨ ਵਿਚ ਹੈ, ਉਹ ਬਾਰ-ਬਾਰ ਭਰਮਦਾ ਫਿਰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਕਿ ਨਾ! ਦੋਸ਼ ਨਾ ਕੱਢੋ, ਉਹ ਤਾਂ ਬੜੇ ਚੰਗੇ ਨੇ, ਵੱਡੇ ਭਰਾ ਨੇ। ਸਾਡਾ ਫਰਜ਼ ਬਣਦਾ ਹੈ ਉਨ੍ਹਾਂ ਦੀ ਸੇਵਾ ਕਰਨੀ। ਜਿਹੜੇ ਬਚਨ ਉਹ ਕਹਿੰਦੇ ਨੇ, ਸਾਡੇ ਭਲੇ ਵਾਸਤੇ ਹੀ ਕਹਿੰਦੇ ਹੋਣਗੇ, ਐਨੀ ਚਿੰਤਾ ਵਿਚ ਕਿਉਂ ਪਏ ਹੋ?

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜਿਹੋ-ਜਿਹਾ ਬੰਦਾ ਆਪ ਹੁੰਦਾ ਹੈ, ਦੂਸਰੇ ਨੂੰ ਵੀ ਉਹੋ ਜਿਹਾ ਹੀ ਸਮਝਦਾ ਹੈ-

ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
ਭਾਈ ਗੁਰਦਾਸ ਜੀ ਦੀ ਵਾਰ 31/ 4

ਜੇ ਆਪ ਭਲਾ ਹੈ ਤਾਂ ਉਸ ਦੇ ਵਾਸਤੇ ਜਗ ਭਲਾ ਹੈ ਤੇ ਜਿਹੜਾ ਭਲਾ ਬੰਦਾ ਹੈ ਉਹ ਸਭ ਨੂੰ ਭਲਾ ਕਰਕੇ ਹੀ ਦੇਖਦਾ ਹੈ।

ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥
ਭਾਈ ਗੁਰਦਾਸ ਜੀ ਦੀ ਵਾਰ 31/4

ਬੁਰਾ ਕਹੇਗਾ, ਇਥੇ ਤਾਂ ਬਦਮਾਸ਼ ਬੰਦੇ ਰਹਿੰਦੇ ਨੇ, ਇਥੇ ਤਾਂ ਸਭ ਚੋਰ-ਚਕਾਰ ਨੇ, ਇਥੇ ਕੋਈ ਚੰਗਾ ਹੈ ਹੀ ਨਹੀਂ। ਉਸ ਦਾ ਫਤਵਾ ਹੀ ਹੁੰਦਾ ਹੈ ਕਿ ਇਹ ਤਾਂ ਸਾਰਾ ਹੀ ਠੱਗਾਂ ਦਾ ਦੇਸ਼ ਹੈ, ਇਥੇ ਕੋਈ ਨਹੀਂ ਚੰਗਾ ਕਿਉਂਕਿ ਆਪਣੀ ਐਨਕ ਵਿਚ ਬੁਰਿਆਈ ਦਾ ਰੰਗ ਦਿੱਤਾ ਹੋਇਆ ਹੈ ਤੇ ਮਿਸਾਲ ਦਿੰਦੇ ਨੇ ਕਿ-

ਕਿਸਨੁ ਸਹਾਈ ਪਾਂਡਵਾ ਭਾਇ ਭਗਤ ਕਰਤੂਤਿ ਵਿਸੇਖੈ।
ਭਾਈ ਗੁਰਦਾਸ ਜੀ ਦੀ ਵਾਰ 31/4

ਕ੍ਰਿਸ਼ਨ ਮਹਾਰਾਜ ਪਾਂਡਵਾਂ ਦੇ ਸਹਾਇਕ ਹੋਏ ਕਿਉਂਕਿ ਉਨ੍ਹਾਂ ਨੇ ਪਿਆਰ ਦੀ ਕਰਤੂਤ ਨੂੰ ਦੇਖਿਆ।

ਵੈਰੁ ਭਾਉ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।
ਭਾਈ ਗੁਰਦਾਸ ਜੀ ਦੀ ਵਾਰ 31/4

ਕੌਰਵ ਗਣਤੀ ਗਿਣਦੇ ਨੇ ਤੇ ਅੰਦਰ ਕਾਲਖ ਨਾਲ ਭਰਿਆ ਹੋਇਆ ਹੈ। ਮਨ ਵਿਚ ਵੈਰ-ਭਾਵ ਰਖਦੇ ਨੇ, ਕ੍ਰਿਸ਼ਨ ਭਗਵਾਨ ਨੂੰ ਵੀ ਅੰਦਰੋਂ ਗਾਲ੍ਹਾਂ ਕੱਢਦੇ ਨੇ।

ਇਕ ਵਾਰੀ ਕ੍ਰਿਸ਼ਨ ਭਗਵਾਨ ਨੇ ਗੱਲ ਸਮਝਾਉਣ ਵਾਸਤੇ ਦੋਹਾਂ ਮੁਖੀਆਂ ਨੂੰ ਬੁਲਾਇਆ - ਯੁਧਿਸ਼ਟਰ ਤੇ ਦੁਰਯੋਧਨ ਨੂੰ। ਦੁਰਯੋਧਨ ਨੂੰ ਕਹਿਣ ਲੱਗੇ ਕਿ ਤੂੰ ਕਿਉਂ ਇਨ੍ਹਾਂ ਨੂੰ ਮਾੜਾ ਕਹਿੰਦਾ ਹੈਂ? ਇਹ ਮਾੜੇ ਨਹੀਂ ਹਨ, ਇਹ ਤੈਨੂੰ ਭਲਾ ਕਰਕੇ ਜਾਣਦੇ ਨੇ, ਤੂੰ ਇਨ੍ਹਾਂ ਨੂੰ ਮਾੜਾ ਕਹਿੰਦਾ ਹੈਂ।

ਦੁਰਯੋਧਨ ਕਹਿੰਦਾ, "ਇਹ ਹੈਂ ਹੀ ਮਾੜੇ।"

ਕ੍ਰਿਸ਼ਨ ਮਹਾਰਾਜ ਕਹਿੰਦੇ, "ਠੀਕ ਹੈ! ਆਪਣੇ ਸ਼ਹਿਰ ਵਿਚੋਂ ਮੈਨੂੰ ਕੋਈ ਇਕ ਚੰਗਾ ਬੰਦਾ ਟੋਲ੍ਹ (ਲੱਭ) ਕੇ ਲਿਆ ਦੇ। ਯੁਧਿਸ਼ਟਰ! ਤੂੰ ਵੀ ਜਾਹ ਤੇ ਇਕ ਬੁਰਾ ਬੰਦਾ ਟੋਲ੍ਹ ਕੇ ਲੈ ਆ।"

ਆਥਣ ਨੂੰ ਦੋਵੇਂ ਖਾਲੀ ਹੱਥ ਮੁੜ ਆਏ।

ਕ੍ਰਿਸ਼ਨ ਮਹਾਰਾਜ ਨੇ ਪੁਛਿਆ, "ਖਾਲੀ ਹੱਥ ਆ ਗਏ?"

ਦੁਰਯੋਧਨ ਕਹਿੰਦਾ, "ਮਹਾਰਾਜ! ਇਹ ਤਾਂ ਸਾਰਾ ਸ਼ਹਿਰ ਹੀ ਚੋਰਾਂ, ਬੇਈਮਾਨਾਂ ਤੇ ਠੱਗਾਂ ਦਾ ਹੈ, ਧੋਖੇਬਾਜ਼ ਨੇ।"

ਮਹਾਰਾਜ ਕਹਿੰਦੇ, "ਯੁਧਿਸ਼ਟਰ! ਤੂੰ ਵੀ ਖਾਲੀ ਮੁੜ ਆਇਆ, ਕਿਉਂ?" ਇਹ ਤਾਂ ਕਹਿੰਦਾ ਹੈ ਕਿ ਸਾਰਾ ਸ਼ਹਿਰ ਹੀ ਬੁਰਿਆਂ ਦਾ ਹੈ।"

ਯੁਧਿਸ਼ਟਰ ਕਹਿਣ ਲੱਗਿਆ, "ਮਹਾਰਾਜ! ਮੈਂ ਸਭ ਥਾਵਾਂ ਤੇ ਗਿਆ, ਜਿਨ੍ਹਾਂ ਨੂੰ ਲੋਕ ਕਹਿੰਦੇ ਨੇ ਕਿ ਆਹ ਥਾਂ ਬੁਰੇ ਰਹਿੰਦੇ ਨੇ, ਉਥੇ ਵੀ ਮੈਂ ਦੇਖਿਆ ਕਿ ਉਨ੍ਹਾਂ ਬੰਦਿਆਂ ਵਿਚ ਭਲਾਈ ਬੜੀ ਹੈ ਤੇ ਮੈਨੂੰ ਤਾਂ ਪੂਰੀ ਤਰ੍ਹਾਂ ਕੋਈ ਬੁਰਾ ਨਜ਼ਰ ਨਹੀਂ ਆਇਆ, ਸਭ ਭਲੇ ਹੀ ਲੱਗੇ ਨੇ।"

ਕ੍ਰਿਸ਼ਨ ਮਹਾਰਾਜ ਨੇ ਕਿਹਾ, "ਦੁਰਯੋਧਨ! ਇਹ ਅੰਦਰਲੀ ਦ੍ਰਿਸ਼ਟੀ ਵਿਚ ਫਰਕ ਹੋਇਆ ਕਰਦਾ ਹੈ।"

ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥
ਭਾਈ ਗੁਰਦਾਸ ਜੀ ਦੀ ਵਾਰ 31/4

ਬੁਰੇ ਨੂੰ ਸਭ ਬੁਰੇ ਹੀ ਲਗਦੇ ਨੇ।

ਕਿਸਨੁ ਸਹਾਈ ਪਾਂਡਵਾ ਭਾਇ ਭਗਤ ਕਰਤੂਤਿ ਵਿਸੇਖੈ।
ਵੈਰੁ ਭਾਈ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।
ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।
ਭਾਈ ਗੁਰਦਾਸ ਜੀ ਦੀ ਵਾਰ 31/4

ਕਹਿੰਦੇ ਦੋਵੇਂ ਭਾਲਣ ਚਲੇ ਗਏ, ਉਸ ਨੂੰ ਭਲਾ ਨਾ ਲੱਭਿਆ ਤੇ ਦੂਜੇ ਨੂੰ ਬੁਰਾ ਨਾ ਲੱਭਿਆ।

ਬੁਰਾ ਨ ਕੋਇ ਯੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ॥
ਭਾਈ ਗੁਰਦਾਸ ਜੀ ਦੀ ਵਾਰ 31/4

ਦੁਰਜੋਧਨ ਨੂੰ ਕੋਈ ਭਲਾ ਨਹੀਂ ਮਿਲਿਆ, ਬੁਰਾ ਯੁਧਿਸ਼ਟਰ ਨੂੰ ਨਹੀਂ ਦਿਸਿਆ।

ਕਰਵੈ ਹੋਇ ਸੁ ਟੂਟੀ ਰੇਖੈ॥
ਭਾਈ ਗੁਰਦਾਸ ਜੀ ਦੀ ਵਾਰ 31/4

ਜੱਗ ਦੇ ਵਿਚ ਪਾਈ ਹੋਈ ਚੀਜ਼ ਨੂੰ ਜਦੋਂ ਟੂੱਟੀ ਰਾਹੀਂ ਬਾਹਰ ਕੱਢਦੇ ਹਾਂ ਤਾਂ ਪਤਾ ਲੱਗ ਜਾਂਦਾ ਹੈ ਕਿ ਕੀ ਪਾਇਆ ਹੋਇਆ ਹੈ। ਸੋ ਜਦੋਂ ਬੰਦੇ ਦਾ ਵਰਤਾਅ ਹੁੰਦਾ ਹੈ ਤਾਂ ਉਸੇ ਵੇਲੇ ਪਤਾ ਲੱਗ ਜਾਂਦਾ ਹੈ ਕਿ ਇਹ ਬੰਦਾ ਕਿਹੋ ਜਿਹਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜਾ ਹੀ ਸਮਝਾਉਣ ਦਾ ਯਤਨ ਕੀਤਾ ਤੇ ਮਾਤਾ ਜੀ ਕਹਿਣ ਲੱਗੇ ਕਿ ਪਾਤਿਸ਼ਾਹ! ਤੁਸੀਂ ਸਭ ਚੀਜ਼ਾਂ ਦੇ ਦਾਤੇ ਹੋ, ਕੋਈ ਐਸੀ ਚੀਜ਼ ਨਹੀਂ ਜੋ ਆਪ ਦੇ ਘਰ ਵਿਚ ਨਹੀਂ ਹੈ –

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥
ਪੰਨਾ – 917

ਕਿਰਪਾ ਕਰ ਦਿਓ, ਕਿੰਨੀ ਦੇਰ ਹੋ ਗਈ, ਅਜੇ ਤੱਕ ਬੱਚੇ ਦਾ ਮੂੰਹ ਨਹੀਂ ਦੇਖਿਆ, ਕਿਰਪਾ ਕਰੋ, ਆਪ ਤਾਂ ਦਾਤੇ ਹੋ, ਦਇਆਲੂ ਹੋ। ਦੇਖੋ! ਕਿੰਨੀਆਂ ਸੰਗਤਾਂ ਆਉਂਦੀਆਂ ਨੇ– ਤੁਹਾਡੇ ਦਰ ਤੇ, ਜੋ ਮੰਗਦੀਆਂ ਨੇ, ਉਹ ਲੈ ਜਾਂਦੀਆਂ ਨੇ।

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਪੰਨਾ – 681

ਤੁਸੀਂ ਭੰਡਾਰੇ ਖੋਲ੍ਹੇ ਹੋਏ ਨੇ। ਜਿਹੋ–ਜਿਹੀ ਭਾਵਨਾ ਕਰਕੇ ਕੋਈ ਆਉਂਦਾ ਹੈ ਉਹੋ–ਜਿਹੀ ਦਾਤ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ। ਅਣ–ਮੰਗਿਆਂ ਨੂੰ ਤੁਸੀਂ ਦਾਨ ਦੇ ਰਹੇ ਹੋ ਤੇ ਆਪਣੇ ਘਰ ਵਾਸਤੇ ਤੁਸੀਂ ਚੁੱਪ ਬੈਠੇ ਹੋ ਤੇ ਕਿਰਪਾ ਕਰੋ, ਮੇਰੀ ਝੋਲੀ ਵਿਚ ਪੁੱਤਰ ਦੀ ਦਾਤ ਪਾਓ।

ਮਹਾਰਾਜ ਜੀ ਕਹਿਣ ਲੱਗੇ ਕਿ ਵਾਹਿਗੁਰੂ ਦਾ ਜੋ ਹੁਕਮ ਹੈ ਉਸੇ ਵਿਚ ਅਸੀਂ ਰਾਜ਼ੀ ਹਾਂ। ਅਸੀਂ ਕਿਵੇਂ ਆਪਣੇ ਲਈ ਵਰਤ ਲਈਏ – ਗੁਰੂ ਨਾਨਕ ਦੀ ਦਾਤ? ਉਹ ਸੰਗਤਾਂ ਵਾਸਤੇ ਹੈ ਘਰ ਵਾਸਤੇ ਨਹੀਂ ਹੈ। ਬਾਰ–ਬਾਰ ਬੇਨਤੀਆਂ ਕਰਦੇ ਨੇ ਤਾਂ ਅਖੀਰ ਮਹਾਰਾਜ ਜੀ ਦਇਆ ਦੇ ਘਰ ਆਏ।

ਕਹਿੰਦੇ, "ਚੰਗਾ! ਜੇ ਤੁਹਾਡੀ ਇਹ ਇੱਛਾ ਪ੍ਰਬਲ ਹੋ ਗਈ ਹੈ ਤਾਂ ਗੁਰੂ ਨਾਨਕ ਦੇ ਘਰ ਵਿਚ ਘਾਟਾ ਨਹੀਂ। ਪਰ ਤੁਸੀਂ ਵਿਚਾਰ ਕਰੋ, ਉਹ ਥਾਂ ਭਾਲੋ ਜਿਸ ਥਾਂ ਤੋਂ ਇਹ ਚੀਜ਼ ਪ੍ਰਾਪਤ ਹੁੰਦੀ ਹੈ।"

ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,
ਸੇਵਾ ਕਰ ਲੈ ਸਾਧੂਆਂ ਦੀ –2, 2.
ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ –2
ਜੇ ਤੈਂ ਚਾਰ ਪਦਾਰਥ ਲੈਣੇ....... –2, 2.

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਅਪਨਾ ਦੂਖੁ ਮਿਟਾਵੈ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ॥
ਜੇ ਕੋ ਅਪੁਨੀ ਸੋਭਾ ਲੋਰੈ॥
ਸਾਧਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ॥
ਸਾਧ ਜਨਾ ਕੀ ਸਰਨੀ ਪਰੈ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥
ਪੰਨਾ – 266

ਗੁਰੂ ਮਹਾਰਾਜ ਜੀ ਮਾਤਾ ਗੰਗਾ ਜੀ ਨੂੰ ਕਹਿਣ ਲੱਗੇ ਕਿ ਗੁਰੂ ਘਰ ਵਿਚ ਮਹਾਪੁਰਸ਼ਾਂ ਦਾ ਕੋਈ ਘਾਟਾ ਹੈ? ਬੇਅੰਤ ਮਹਾਂਪੁਰਸ਼ ਨੇ। ਸੰਗਤਾਂ ਦੀ ਸੇਵਾ ਕਰੋ, ਜੂਠੇ ਬਰਤਨ ਮਾਂਜੋ, ਲੰਗਰ ਦੀ ਸੇਵਾ ਕਰੋ, ਹੋਰ ਸੇਵਾ ਕਰੋ। ਪ੍ਰਭੂ ਤੁਠ ਜਾਣਗੇ ਤੇ ਮਹਾਂਪੁਰਸ਼ਾਂ ਦਾ ਮਨ ਪ੍ਰਸੰਨ ਹੋ ਜਾਏਗਾ, ਦਾਤ ਮਿਲ ਜਾਏਗੀ। ਅਸੀਂ ਨਹੀਂ ਦੇ ਸਕਦੇ ਆਪਣੇ ਘਰ ਲਈ।

ਮਾਤਾ ਜੀ ਕਹਿਣ ਲੱਗੇ, "ਮਹਾਰਾਜ! ਜਿਥੇ ਆਪ ਐਡਾ ਉਪਕਾਰ ਕਰਦੇ ਹੋ, ਇਹ ਜੁਗਤ ਦੱਸੀ ਹੈ, ਹੁਣ ਕਿਰਪਾ ਕਰਕੇ ਇਹ ਵੀ ਦੱਸੋ ਕਿ ਮਹਾਂਪੁਰਸ਼ ਕਿਥੇ ਰਹਿੰਦੇ ਹਨ। ਮੈਂ ਨਹੀਂ ਪਛਾਣ ਸਕਦੀ, ਆਪ ਪਛਾਣ ਕਰਾ ਦਿਓ, ਸੋਧ ਦੇ ਦਿਓ, ਮੈਂ ਉਸੇ ਤਰ੍ਹਾਂ ਅਪਣਾਅ ਲਵਾਂਗੀ।"

ਉਸ ਵੇਲੇ ਮਹਾਰਾਜ ਜੀ ਨੇ ਆਪਣੇ ਦਾਸਾਂ ਨੂੰ ਵਡਿਆਈ ਦੇਣ ਵਾਸਤੇ ਫੁਰਮਾਨ ਕੀਤਾ ਕਿ ਗੁਰੂ ਘਰ ਦੇ ਅੰਦਰ ਬੇਅੰਤ ਮਹਾਤਮਾ ਹਨ ਪਰ ਇਸ ਵੇਲੇ ਜੋ ਚੋਟੀ ਤੇ ਨੇ, ਉਹ ਬਾਬਾ ਬੁੱਢਾ ਜੀ ਨੇ ਜਿਨ੍ਹਾਂ ਨੂੰ ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਹੋਈ ਹੋਈ ਹੈ। ਪ੍ਰਮੇਸ਼ਰ ਵਿਚ ਤੇ ਉਨ੍ਹਾਂ ਵਿਚ ਕੋਈ ਭੇਦ ਨਹੀਂ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਪੰਨਾ – 273

ਸੋ ਉਨ੍ਹਾਂ ਦੀ ਸੇਵਾ ਕਰੋ ਤੇ ਬਚਨ ਲਓ। ਹੁਣ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਬ੍ਰਹਮਗਿਆਨੀ ਕੀ ਹੁੰਦਾ ਹੈ ਕਿਉਂਕਿ ਜਿੰਨੀ ਦੇਰ ਤੱਕ ਵਿਚਾਰ ਨਾ ਕਰੀ ਜਾਵੇ, ਪਤਾ ਨਹੀਂ ਲਗਦਾ। ਇਹ ਥੋੜ੍ਹੀ ਜਿਹੀ ਔਖੀ ਵਿਚਾਰ ਹੈ, ਜੇ ਸਾਵਧਾਨ ਹੋ ਕੇ ਸੁਣੋਗੇ ਤਾਂ ਕਈ ਪ੍ਰੇਮੀਆਂ ਨੂੰ ਉਤਸ਼ਾਹ ਮਿਲ ਜਾਏਗਾ। ਔਖੀ ਹੈ ਥੋੜ੍ਹੀ ਜਿਹੀ ਇਹ ਗੱਲ ਸਮਝਾਉਣੀ। ਉਹ ਇਹ ਹੈ ਕਿ ਪੌੜੀਆਂ ਹੁੰਦੀਆਂ ਨੇ, ਰੂਹਾਨੀ ਪੌੜੀਆਂ। ਉਨ੍ਹਾਂ ਪੌੜੀਆਂ ਤੇ ਜਿਉਂ–ਜਿਉਂ ਅਸੀਂ ਉਪਰ ਚੜ੍ਹਦੇ ਜਾਂਦੇ ਹਾਂ, ਉਹ ਅਵਸਥਾ ਪ੍ਰਾਪਤ ਹੁੰਦੀ ਜਾਂਦੀ ਹੈ। ਐਉਂ ਸਮਝ ਲਓ ਇਕ ਤਲਾਬ ਹੈ ਉਸ ਦੀਆਂ ਪੌੜੀਆਂ ਹਨ। ਉਸ ਦੇ ਚਾਰ ਕੋਨੇ, ਤੇ ਇਕ ਪੌੜੀ ਹੈ ਤੇ ਉਸ ਦੇ ਵਿਚ ਜਲ ਹੈ। ਉਸ ਦੇ ਵਿਚ ਇਸ਼ਨਾਨ ਕਰਕੇ ਫੇਰ ਦੂਜੇ ਤਲਾਬ ਵਿਚ ਜਾਣਾ ਹੈ। ਵੇਦਾਂਤ ਅਨੁਸਾਰ ਸੱਤ ਭੂਮਿਕਾਂ ਨੂੰ ਸੱਤ ਤਲਾਬਾਂ ਨਾਲ ਤੁਲਨਾ ਦਿਤੀ

ਹੈ। ਸਤਸਰਾਂ ਵਿਚ ਇਸ਼ਨਾਨ ਕਰਨਾ ਲਿਖਿਆ ਹੈ.

ਉਹ 'ਸਤਿਸਰ' ਕਿਹੜੇ ਨੇ, ਇਹ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ। ਐਉਂ ਤਾਂ ਸਮਝਦੇ ਹਾਂ ਕਿ ਸੱਤ-ਸਮੁੰਦਰਾਂ ਦਾ ਇਸ਼ਨਾਨ ਕਰੇ। ਕਈ ਪ੍ਰੇਮੀ ਤੁਰ ਪੈਣਗੇ ਕਿ ਹਿੰਦ ਸਾਗਰ ਦਾ ਕਰ ਲਈਏ, ਪ੍ਰਸ਼ਾਂਤ ਸਾਗਰ ਦਾ ਕਰ ਲਈਏ, ਅਰਬ ਸਾਗਰ ਦਾ ਕਰ ਲਈਏ। ਇਸ ਤਰ੍ਹਾਂ ਸਾਰੇ ਸਾਗਰਾਂ ਦਾ ਨਾਉਂ ਲੈ ਕੇ ਕਹਿਣਗੇ ਕਿ ਇਸ਼ਨਾਨ ਕਰ ਆਈਏ। ਇਹ ਬਾਹਰਲੇ ਸਾਗਰ ਨਹੀਂ, ਮਹਾਰਾਜ ਜੀ ਅੰਦਰਲੇ ਸਾਗਰਾਂ ਨੂੰ ਕਹਿੰਦੇ ਨੇ। ਉਹ ਸਾਗਰ ਵੀ ਸਾਰੇ ਨਿਰਗੁਣ ਨੇ ਤੇ ਪਹਿਲਾ ਸਰੋਵਰ ਉਹ ਹੈ ਜਿਸ ਦੇ ਵਿਚ ਇਸ਼ਨਾਨ ਕਰਕੇ ਆਦਮੀ ਨੂੰ 'ਸਤਿਸੰਗੀ' ਕਿਹਾ ਜਾਂਦਾ ਹੈ। ਪਹਿਲਾਂ ਤਾਂ ਸਤਿਸੰਗੀ ਹੁੰਦਾ ਹੀ ਨਹੀਂ। ਫੇਰ ਉਸ ਦੇ ਵਿਚ ਪਿਆਰ ਜਾਗਦਾ ਹੈ - 'ਸਤਿਸੰਗ' ਦਾ, ਕਿ ਭਾਵੇਂ ਕੁਝ ਹੋ ਜਾਵੇ ਪਰ ਉਹ ਸਤਿਸੰਗ ਨੂੰ ਨਹੀਂ ਛੱਡਦਾ ਭਾਵੇਂ ਅੱਧੀ ਰਾਤ ਤੁਰ ਕੇ ਜਾਣਾ ਪਵੇ, ਉਹ ਨਹੀਂ ਸਤਿਸੰਗ ਨੂੰ ਛੱਡੇਗਾ, ਪ੍ਰੀਤ ਹੋ ਜਾਏਗੀ ਸਤਿਸੰਗ ਨਾਲ। ਦੂਸਰਾ ਕਿਨਾਰਾ ਉਸ ਦੇ ਵਿਚ ਸਾਧੂ ਕਿਨਾਰਾ ਹੈ- ਭਲੇ ਪੁਰਸ਼ਾਂ, ਗੁਰਸਿੱਖਾਂ ਦੀ ਸੇਵਾ ਕਰਨੀ।

ਤੀਸਰਾ ਹੁੰਦਾ ਹੈ ਕਿ ਦੁਨੀਆਂ ਦੇ ਪਦਾਰਥਾਂ ਨੂੰ ਅਸੱਤਿ ਸਮਝ ਕੇ ਉਨ੍ਹਾਂ ਦੇ ਨਾਲ ਗਿਲਾਨੀ (ਨਫਰਤ) ਹੋ ਜਾਂਦੀ ਹੈ ਕਿ ਇਹ ਸਾਰੀਆਂ ਚੀਜ਼ਾਂ ਮੈਨੂੰ ਫਸਾ ਰਹੀਆਂ ਹਨ। ਗੁਜ਼ਾਰੇ ਵਾਸਤੇ ਤਾਂ ਠੀਕ ਹਨ ਪਰ ਇਹ ਵਿਘਨਕਾਰੀ ਹਨ ਜੇ ਮੈਂ ਇਨ੍ਹਾਂ ਦੇ ਨਾਲ ਮਨ ਲਾਉਂਦਾ ਹਾਂ। ਤਿੰਨ ਚੀਜ਼ਾਂ ਹੋ ਗਈਆਂ, ਇਹ ਸਮਝਣ ਦਾ ਯਤਨ ਕਰੋ।

ਚੌਥਾ ਹੋਇਆ ਕਰਦਾ ਹੈ ਪ੍ਰਮੇਸ਼ਰ ਦੇ ਨਾਲ ਪਿਆਰ। ਪ੍ਰਭੂ ਦੇ ਦਰਸ਼ਨਾਂ ਦੀ ਸਿੱਕ ਹੁੰਦੀ ਹੈ ਤੇ ਬਾਰ-ਬਾਰ ਉਸ ਦੇ ਮਨ ਵਿਚ ਐਸੀ ਅਵਾਜ਼ ਆਉਂਦੀ ਹੈ -

ਧਾਰਨਾ - ਹਰਿ ਦਰਸਨ ਕੀ ਆਸਾ ਮੇਰੇ ਮਨ,
ਹਰਿ ਦਰਸ਼ਨ ਕੀ ਆਸਾ -2, 2.
ਹਰਿ ਦਰਸ਼ਨ ਕੀ ਆਸਾ ਮੇਰੇ ਮਨ -2, 2.
ਹਰਿ ਦਰਸ਼ਨ ਕੀ ਆਸਾ .... -2.

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥
ਪੰਨਾ - 337

ਬਾਰ-ਬਾਰ ਉਸਦੇ ਮਨ ਵਿਚੋਂ ਜਦੋਂ ਐਸੀਆਂ ਭਾਵਨਾਵਾਂ ਉਠਦੀਆਂ ਨੇ -

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਪੰਨਾ - 96

ਇਹ ਕੇਵਲ ਭਾਵਨਾ ਹੀ ਨਹੀਂ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ ਕਿਉਂਕਿ ਪ੍ਰਭੂ ਦਾ ਪਿਆਰ ਜਾਗ ਪਿਆ। ਪਿਆਰ ਜਦੋਂ ਜਾਗਦਾ ਹੈ ਫੇਰ ਪਿਆਰੇ ਨੂੰ ਮਿਲਣ ਵਾਸਤੇ ਜੀਅ ਕਰਦਾ ਹੈ। ਇਹ ਚਾਰ ਕਿਨਾਰੇ ਜਦੋਂ ਘੁੰਮ ਲੈਂਦਾ ਹੈ, ਪ੍ਰਕਰਮਾ ਕਰ ਲੈਂਦਾ ਹੈ, ਉਸ ਵੇਲੇ ਇਕ ਪੌੜੀ ਹੇਠਾਂ ਉਤਰਦਾ ਹੈ, ਉਸ ਨੂੰ ਸ਼ਰਧਾ ਦੀ ਪੌੜੀ ਕਹਿੰਦੇ ਨੇ ਤੇ ਉਥੇ ਪਾਣੀ ਕਾਹਦਾ ਹੈ? ਕਿਸੇ ਕਰਮ ਦਾ ਫਲ ਨਹੀਂ ਮੰਗਦਾ, ਨਿਸ਼ਕਾਮਤਾ ਦਾ ਪਾਣੀ ਹੈ। ਜਦੋਂ ਸ਼ਰਧਾ ਦੀ ਪੌੜੀ ਤੇ ਬੈਠ ਕੇ ਨਿਸ਼ਕਾਮਤਾ ਦੇ ਜਲ ਵਿਚ ਇਸ਼ਨਾਨ ਕਰਦਾ ਹੈ ਫੇਰ ਪ੍ਰਾਪਤੀ ਕੀ ਹੁੰਦੀ ਹੈ? ਉਸ ਦੀ ਮੈਲ ਲਹਿ ਜਾਂਦੀ ਹੈ, ਮੈਲ ਦੀ ਨਵਿਰਤੀ ਹੋ ਜਾਂਦੀ ਹੈ ਤੇ ਉਸ ਨੂੰ ਸਤਿਸੰਗੀ ਦਾ ਦਰਜਾ ਮਿਲ ਜਾਂਦਾ ਹੈ।

ਦੂਸਰੀ ਪੌੜੀ ਵਿਚ ਜੋ ਸਰਵਣ ਕਰਨਾ ਹੈ ਉਸ ਨੂੰ ਫੇਰ ਮੰਨਣਾ ਹੈ। ਆਤਮਾ ਨੂੰ ਸਤਿ ਜਾਨਣਾ ਤੇ ਸਰੀਰ ਨੂੰ ਸਮਝਣਾ ਕਿ ਇਹ ਤਾਂ ਛਿਨ-ਭੰਗਰ ਹੈ, ਇਹ ਤਾਂ ਜਾਣਾ ਹੀ ਜਾਣਾ ਹੈ ਤੇ ਜਿਹੜੀ ਆਤਮਾ ਹੈ ਇਹ ਸਤਿ ਹੈ। ਜਗਤ ਮਿਥਿਆ ਹੈ, ਇਹ ਸਦਾ ਰਹਿਣ ਵਾਲਾ ਨਹੀਂ ਹੈ। ਇਹ ਨਿਸ਼ਚੇ ਵਿਚ ਲੈ ਆਉਣਾ। ਇਹ ਨਹੀਂ ਕਿ ਪੜ੍ਹਨਾ-ਲਿਖਣਾ ਹੀ ਹੈ, ਸੱਚ-ਮੁੱਚ ਨਿਸ਼ਚੇ ਵਿਚ ਲਿਆਉਣਾ ਹੈ। ਫੇਰ ਜੱਗ ਦੀਆਂ ਆਸ਼ਾਵਾਂ ਦਾ ਤਿਆਗ ਹੋ ਜਾਂਦਾ ਹੈ ਕਿ ਇਹ ਜਗਤ ਤਾਂ ਐਵੇਂ ਹੀ ਹੈ -

ਇਹੁ ਜਗੁ ਧੂਏ ਕਾ ਪਹਾਰ॥ ਪੰਨਾ - 1187

ਸਾਧੋ ਇਹੁ ਤਨੁ ਮਿਥਿਆ ਜਾਨਉ॥ ਪੰਨਾ - 1187

ਇਹ ਬਿਰਤੀ ਪ੍ਰਬਲ ਹੋ ਜਾਇਆ ਕਰਦੀ ਹੈ। ਫੇਰ ਆਤਮਾ ਦੀ ਦ੍ਰਿੜ੍ਹ ਪ੍ਰੀਤੀ ਦਾ ਜਲ ਹੈ ਤੇ ਪ੍ਰਾਪਤੀ ਕੀ ਹੁੰਦੀ

ਹੈ? ਉਸ ਦੇ ਸੰਸੇ ਦੂਰ ਹੋ ਜਾਂਦੇ ਹਨ। ਦੂਸਰੀ ਪੌੜੀ ਜਦੋਂ ਪ੍ਰਾਪਤ ਹੁੰਦੀ ਹੈ ਉਸ ਵੇਲੇ ਉਸ ਨੂੰ ਜਗਿਆਸੂ ਦਾ ਦਰਜਾ ਪ੍ਰਾਪਤ ਹੁੰਦਾ ਹੈ।

ਤੀਸਰੀ ਪੌੜੀ ਸਿੱਖ ਬਣਨ ਦੀ ਹੈ, ਜਿਸ ਨੂੰ ਸਿੱਖ ਕਹਿੰਦੇ ਨੇ ਕਿ ਮੈਂ ਸਿੱਖ ਹਾਂ। ਤੀਸਰੀ ਪੌੜੀ ਤੇ ਪਹੁੰਚ ਕੇ ਸਿੱਖ ਬਣਦਾ ਹੈ, ਸਿੱਖ ਕੋਈ ਮਾਮੂਲੀ ਗੱਲ ਨਹੀਂ ਹੈ –

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 306

ਫੇਰ ਸਿੱਖ ਰਹਿਤਾਂ ਰੱਖਦਾ ਹੈ। ਅਸੀਂ ਕਹਿੰਦੇ ਹਾਂ ਸਾਨੂੰ ਪੰਜ-ਪਿਆਰੇ ਰਹਿਤਾਂ ਦਸਦੇ ਨੇ, ਉਹ ਤਾਂ ਰੱਖਦੇ ਹਾਂ ਅਸੀਂ। ਮਹਾਰਾਜ ਜੀ ਕਹਿੰਦੇ ਨੇ ਉਹ ਰਹਿਤਾਂ ਤਾਂ ਤੁਹਾਡੇ ਸਰੀਰ ਦੀਆਂ ਨੇ; ਇਹ ਮਨ ਦੀਆਂ ਰਹਿਤਾਂ ਨੇ। ਜਦੋਂ ਤੱਕ ਤੁਸੀਂ ਮਨ ਦੀਆਂ ਰਹਿਤਾਂ ਵਿਚ ਪੂਰੇ ਨਹੀਂ, ਓਨੀਂ ਦੇਰ ਤੱਕ ਤੁਸੀਂ ਸਿੱਖ ਨਹੀਂ ਕਹਾ ਸਕਦੇ। ਮਨ ਦੀਆਂ ਰਹਿਤਾਂ ਵਿਚ ਵੀਹ ਚੀਜ਼ਾਂ ਆਉਂਦੀਆਂ ਨੇ। ਬਹੁਤ ਵਾਰ ਇਸ ਦੀ ਵਿਚਾਰ ਆਪਾਂ ਕਰ ਚੁੱਕੇ ਹਾਂ। ਸੋ ਸੰਖੇਪ ਵਿਚ ਇਹ ਹੈ ਕਿ **'ਕਿਸੇ ਨੂੰ ਦੁਖ ਨਾ ਦੇਣਾ'** – ਨਾ ਮਨ ਕਰਕੇ, ਨਾ ਬਚਨ ਕਰਕੇ, ਨਾ ਬੁੱਧੀ ਕਰਕੇ, ਨਾ ਸਰੀਰ ਕਰਕੇ, ਨਾ ਆਤਮਕ ਸ਼ਕਤੀ ਕਰਕੇ। ਉਸ ਨੂੰ ਅਹਿੰਸਾ ਕਹਿੰਦੇ ਨੇ।

ਦੂਸਰਾ ਹੁੰਦਾ ਹੈ ਝੂਠ, **'ਝੂਠ ਦਾ ਤਿਆਗ ਕਰਨਾ'**। ਤੀਸਰਾ ਹੁੰਦਾ ਹੈ **'ਚੋਰੀ ਦਾ ਤਿਆਗ'**। ਚੌਥੀ ਵੱਡੀ ਚੀਜ਼ ਹੈ **'ਜਤ'**। ਪੰਜਵੀ ਹੁੰਦੀ ਹੈ **'ਧੀਰਜ'**, ਛੇਵੀਂ **'ਖਿਮਾ'**, ਸੱਤਵੀਂ **'ਦਇਆ'**। ਅੱਠਵਾਂ **'ਮਿੱਠੇ ਬੋਲ'**। ਨੌਵੀ **'ਮਰਿਆਦਾ'** – ਖਾਣ-ਪੀਣ ਦੀ-

ਅਲਪ ਅਹਾਰ ਸੁਲਪ ਸੀ ਨਿੰਦ੍ਰਾ॥
ਰਾਮਕਲੀ ਪਾਤਸ਼ਾਹੀ ੧੦

ਭੁੱਖ ਰੱਖ ਕੇ ਪ੍ਰਸ਼ਾਦਾ ਛਕਣਾ, ਪੇਟ ਹੀ ਨਹੀਂ ਭਰੀ ਜਾਣਾ।

ਫੇਰ ਦਸਵਾਂ **'ਇਸ਼ਨਾਨ'** – ਮਨ ਦਾ ਇਸ਼ਨਾਨ, ਬੁੱਧੀ ਦਾ ਇਸ਼ਨਾਨ, ਸਰੀਰ ਦਾ ਇਸ਼ਨਾਨ, ਆਤਮ ਇਸ਼ਨਾਨ।

ਇਹ ਦਸ ਚੀਜ਼ਾਂ ਹੋਇਆ ਕਰਦੀਆਂ ਨੇ।

ਦੂਸਰਾ ਹੋਇਆ ਕਰਦਾ ਹੈ **'ਸੇਵਾ'** ਜਿਸਨੂੰ ਤਪ ਕਹਿੰਦੇ ਨੇ। ਇਹ ਤਿੰਨ ਕਿਸਮ ਦਾ ਹੁੰਦਾ ਹੈ। ਇਸ ਦੇ ਵਿਚੋਂ ਸਤੋਗੁਣੀ ਤਪ ਨੂੰ ਅਪਣਾਉਣਾ ਚਾਹੀਦਾ ਹੈ।

ਅੱਗੇ ਹੈ 'ਸੰਤੋਖ' –

ਯਥਾ ਲਾਭ ਸੰਤੁਸਟੇ॥

ਇਹ ਪੈਸੇ ਦਾ ਸੰਤੋਖ ਹੈ –

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ – 274

ਇਹ ਅੱਖਾਂ ਦਾ ਸੰਤੋਖ ਹੈ –

ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ – 274

ਇਹ ਕੰਨਾ ਦਾ ਸੰਤੋਖ ਹੈ –

ਇਸ ਤਰ੍ਹਾਂ **ਸਾਰੇ ਅੰਗਾਂ ਦਾ ਸੰਤੋਖ ਰੱਖਣਾ**। ਫੇਰ **ਵਾਹਿਗੁਰੂ ਤੇ, ਗੁਰੂ ਤੇ ਦ੍ਰਿੜ੍ਹ ਵਿਸ਼ਵਾਸ ਰੱਖਣਾ**। ਗੁਰੂ ਨੂੰ ਪ੍ਰਮੇਸ਼ਰ ਜਾਨਣਾ –

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥
ਪੰਨਾ – 442

ਉਸ ਤੋਂ ਬਾਅਦ ਹੁੰਦਾ ਹੈ **'ਦਾਨ'**। ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ, ਵਿਦਿਆ ਦਾ ਦਾਨ ਦੇਣਾ, ਆਪਣੇ ਸਰੀਰ ਨਾਲ ਦੂਸਰੇ ਨੂੰ ਸੁਖ ਪਹੁੰਚਾਉਣਾ, ਬੁੱਧੀ ਦਾ ਦਾਨ ਦੇਣਾ ਤੇ ਸਭ ਤੋਂ ਵੱਡਾ 'ਜੀਅ ਦਾਨ' ਹੈ। ਦੂਜੇ ਤੇ ਤਰਸ ਕਰਕੇ ਭਗਤੀ ਵਲ ਲਾ ਦੇਣਾ –

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥
ਪੰਨਾ – 749

ਉਸ ਤੋਂ ਬਾਅਦ ਹੁੰਦੀ ਹੈ **'ਪੂਜਾ'**। ਗੁਰੂ ਦੀ ਪੂਜਾ ਕਰਨੀ ਤੇ ਇਸ ਨੂੰ ਕਹਿੰਦੇ ਨੇ **'ਉਪਾਸਨਾ'**। ਫੇਰ ਹੋਇਆ ਕਰਦਾ ਹੈ **'ਪਾਠ'**। ਨਿਤਨੇਮ ਦੇ ਵਿਚ ਪੂਰਾ ਰਹਿਣਾ ਤੇ ਕੋਈ ਵੀ ਪਖੰਡ ਨਾ ਕਰਨਾ। ਮਨ ਦਾ ਮੌਨ ਰੱਖਣਾ, ਸਾਰੀਆਂ ਇੰਦ੍ਰੀਆਂ ਦਾ ਮੌਨ ਰੱਖਣਾ। ਫੇਰ ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ, ਲੰਗਰ ਵਿਚ ਹਿੱਸਾ ਪਾਉਣਾ। ਇਹ ਵੀਹ ਚੀਜ਼ਾਂ ਜਦੋਂ ਪ੍ਰਾਪਤ ਹੋ ਜਾਂਦੀਆਂ ਹਨ, ਇਹ ਇਕ ਪਾਸਾ ਹੈ।

ਉਸ ਤੋਂ ਬਾਅਦ ਫੇਰ ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਫੇਰ ਇਨ੍ਹਾਂ ਦਾ ਨਤੀਜਾ, ਸਮਾਧੀ ਲੱਗ ਜਾਇਆ ਕਰਦੀ ਹੈ। ਜਿਸ ਨੂੰ ਇਹ ਪ੍ਰਾਪਤ ਹੋ ਜਾਵੇ ਉਸ ਨੂੰ ਸਿੱਖ ਕਹਿੰਦੇ ਨੇ। ਹੁਣ ਇਹ ਤੀਸਰੀ ਪੌੜੀ ਚੜ੍ਹ ਗਿਆ।

ਹੁਣ ਚੌਥੀ ਪੌੜੀ ਆ ਗਈ ਜਿਸ ਨੂੰ ਗੁਰਮੁਖ, ਸੰਤ-ਸਾਧ ਕਹਿੰਦੇ ਨੇ, ਸਿੱਖ ਤੋਂ ਤਰੱਕੀ ਕਰਦਾ ਹੈ। ਫੇਰ ਹਰ ਵਕਤ ਵਾਹਿਗੁਰੂ ਦੇ ਚਿੰਤਨ ਵਿਚ ਰਹਿੰਦਾ ਹੈ। ਬ੍ਰਹਮ ਦਾ ਚਿੰਤਨ ਕਰਦਾ ਹੈ ਕਿ ਮੇਰੇ ਅੰਦਰ-ਬਾਹਰ ਸਾਰੇ ਪਰੀਪੂਰਨ ਜੋਤ ਹੈ। ਉਸ ਤੋਂ ਬਗੈਰ ਹੋਰ ਕੋਈ ਨਹੀਂ ਤੇ ਜਦੋਂ ਬੋਲਦਾ ਹੈ ਉਸ ਦੀ ਹੀ ਗੱਲ ਕਰਦਾ ਹੈ ਤੇ ਜਦੋਂ ਆਪਸ ਵਿਚ ਗੱਲ ਕਰਦਾ ਹੈ ਉਸ ਵੇਲੇ ਵੀ ਪ੍ਰਮੇਸ਼ਰ ਦੀ ਹੀ ਗੱਲ ਕਰਦਾ ਹੈ। ਸਾਰਿਆਂ ਵਿਚ ਪ੍ਰਮੇਸ਼ਰ ਦਾ ਭਾਵ ਦੇਖਦਾ ਹੈ ਕਿ ਸਭ ਵਿਚ ਵਾਹਿਗੁਰੂ ਹੈ। ਜਦੋਂ ਐਸਾ ਹੋ ਜਾਵੇ ਤਾਂ ਬ੍ਰਹਮਾਕਾਰ ਬਿਰਤੀ ਹੋ ਜਾਇਆ ਕਰਦੀ ਹੈ। ਵਿਸ਼ੇਕਾਰ ਬਿਰਤੀ ਬ੍ਰਹਮਾਕਾਰ ਬਿਰਤੀ ਵਿਚ ਬਦਲ ਜਾਂਦੀ ਹੈ। ਉਥੇ ਫੇਰ ਵਾਹਿਗੁਰੂ ਸਾਖਸ਼ਾਤਕਾਰ ਹੋ ਜਾਂਦਾ ਹੈ-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ ਪੰਨਾ – 922

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਪੰਨਾ – 485

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਪੰਨਾ – 293

ਜਦੋਂ ਅੰਦਰ ਪ੍ਰਕਾਸ਼ ਹੋ ਜਾਵੇ ਉਸ ਵੇਲੇ ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ ਉਸ ਨੂੰ ਸੰਤ, ਸਾਧੂ, ਗੁਰਮੁਖ ਕਹਿੰਦੇ ਨੇ। ਉਸ ਤੋਂ ਬਾਅਦ ਜਦੋਂ ਉਪਰਾਮਤਾ ਹੋ ਜਾਂਦੀ ਹੈ, ਸੰਸਾਰ ਦੇ ਪਦਾਰਥਾਂ ਦੀ ਕੋਈ ਵੀ ਪਕੜ ਅੰਦਰ ਨਹੀਂ ਰਹਿੰਦੀ ਫੇਰ ਨਿਰਮਾਣਤਾ ਆ ਜਾਂਦੀ ਹੈ। ਸਭ ਨੂੰ ਆਪਣੇ-ਆਪ ਤੋਂ ਉੱਚਾ ਸਮਝਦਾ ਹੈ ਤੇ ਕਿਸੇ ਨੂੰ ਬੁਰਾ ਨਹੀਂ ਸਮਝਦਾ –

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥
ਪੰਨਾ – 610

ਹਰ ਵਕਤ ਪਰਸਪਰ ਪ੍ਰਬੋਧਨ, ਪ੍ਰਮੇਸ਼ਰ ਦੀ ਗੱਲ ਕਰਨੀ, ਬ੍ਰਹਮਚਿੰਤਨ, ਉਪਰਾਮਤਾ, ਨਿਰਮਾਣਤਾ ਤੇ ਪ੍ਰਵਿਰਤੀ ਤੋਂ ਅਭਾਵ ਹੋ ਜਾਂਦਾ ਹੈ। ਫੇਰ ਉਹ ਦੁਨੀਆਂ ਦੇ ਅੰਦਰ ਨਹੀਂ ਫਸਦਾ। ਕੰਮ ਕਰਦਾ ਹੈ ਪਰ ਕਿਸੇ ਚੀਜ਼ ਵਿਚ ਨਹੀਂ ਫਸਦਾ, ਕਿਸੇ ਨਾਲ ਮੋਹ ਨਹੀਂ ਪਾਉਂਦਾ, ਵਾਦ-ਵਿਵਾਦ ਦਾ ਅਭਾਵ ਹੋ ਜਾਂਦਾ ਹੈ। ਜੇ ਕੋਈ ਕੁਝ ਗਲਤ ਗੱਲਾਂ ਭੀ ਕਹਿੰਦਾ ਹੈ ਉਹ ਬੋਲਦਾ ਹੀ ਨਹੀਂ। ਉਸ ਨੂੰ ਪਤਾ ਹੈ ਕਿ ਇਹ ਤਾਂ ਵਿਵਾਦ ਕਰਨ ਆਇਆ ਹੈ। ਦੁਖ ਦਾ ਵੀ ਅਭਾਵ ਹੋ ਜਾਂਦਾ ਹੈ। ਉਸ ਵੇਲੇ ਉਸ ਨੂੰ ਨਿਰਵਾਣ ਅਨੰਦ ਪ੍ਰਾਪਤ ਹੋ ਜਾਂਦਾ ਹੈ, ਅੰਦਰ ਇਕ ਰਸ ਤਾਰੀ ਹੋ ਜਾਂਦਾ ਹੈ। ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਵਾਸ਼ਨਾਵਾਂ ਸਭ ਖਤਮ ਹੋ ਜਾਂਦੀਆਂ ਹਨ। ਜਦੋਂ ਇਹ ਅਵਸਥਾ ਆਉਂਦੀ ਹੈ ਇਸ ਨੂੰ ਬ੍ਰਹਮਗਿਆਨੀ ਕਹਿੰਦੇ ਹਨ। ਉਸ ਤੋਂ ਬਾਅਦ ਜਦੋਂ ਪੂਰੀ ਤਰ੍ਹਾਂ ਪਦਾਰਥਾਂ ਦਾ ਅਭਾਵ ਹੋ ਜਾਂਦਾ ਹੈ ਉਸ ਵੇਲੇ ਉਸ ਦੇ ਮਨ ਵਿਚ ਤੱਤ ਗਿਆਨ, ਵਾਹਿਗੁਰੂ ਦਾ ਗਿਆਨ ਪ੍ਰਗਟ ਹੋ ਜਾਂਦਾ ਹੈ, ਮਨ ਦਾ ਨਾਸ਼ ਹੋ ਜਾਂਦਾ ਹੈ, ਵਾਸ਼ਨਾਵਾਂ ਸਭ ਖਤਮ ਹੋ ਜਾਂਦੀਆਂ ਹਨ, ਸਮ-ਦ੍ਰਿਸ਼ਟੀ ਆ ਜਾਂਦੀ ਹੈ, ਵੈਰੀ-ਮਿੱਤਰ ਉਸ ਨੂੰ ਕੋਈ ਨਹੀਂ ਰਹਿੰਦਾ –

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥ ਪੰਨਾ – 272

ਇਹ ਬਿਰਤੀ ਪ੍ਰਾਪਤ ਹੋ ਕੇ ਫੇਰ ਹਿਰਦੇ ਗ੍ਰੰਥੀ ਦਾ ਤੱਤ ਗਿਆਨ ਆ ਜਾਂਦਾ ਹੈ, ਸਮ-ਦ੍ਰਿਸ਼ਟੀ ਤੇ ਫੇਰ ਬ੍ਰਹਮ ਦੇ ਵਿਚ ਸਥਿਤੀ ਹੋ ਜਾਂਦੀ ਹੈ। ਫੇਰ ਉਹ ਡੋਲਦਾ ਨਹੀਂ ਕਦੇ, ਗਿਆਨ ਦੀ ਰਾਖੀ ਕਰਨ ਦੀ ਉਸ ਨੂੰ ਲੋੜ ਨਹੀਂ ਰਹਿੰਦੀ ਕਿਉਂਕਿ ਟਿਕ ਗਿਆ ਗਿਆਨ ਦੇ ਅੰਦਰ। ਪਹਿਲੀ ਅਵਸਥਾ ਵਿਚ ਗਿਆਨ ਦੀ ਰਾਖੀ ਕਰਨ ਦੀ ਲੋੜ ਰਹਿੰਦੀ ਹੈ। ਫੇਰ ਉਸ ਨੂੰ ਅਦ੍ਵੈਤ ਦ੍ਰਿਸ਼ਟੀ ਆ ਜਾਂਦੀ ਹੈ। ਸਾਰੇ ਇਕੋ ਵਾਹਿਗੁਰੂ ਹੀ ਦੇਖਦਾ ਹੈ, ਦੂਜਾ ਦੇਖਦਾ ਹੀ ਨਹੀਂ, ਨਿਹਚੇ ਵਿਚ ਪ੍ਰਪੱਕ ਹੋ ਜਾਂਦਾ ਹੈ। ਉਸ ਵੇਲੇ ਪਰਮ ਅਨੰਦ ਦੇ ਵਿਚ ਉਸ ਦੀ ਸਥਿਤੀ ਹੋ ਜਾਂਦੀ ਹੈ। ਸੋ ਏਸ ਤਰ੍ਹਾਂ ਅਨੰਦ ਦੀ ਸਥਿਤੀ ਹੋਣ ਦੇ ਨਾਲ ਇਹ ਪਦਾਰਥ ਅਭਾਵਨੀ ਬ੍ਰਹਮਗਿਆਨੀ ਦੀ ਦੂਸਰੀ ਪੌੜੀ ਹੈ।

ਤੀਸਰੀ ਪੌੜੀ 'ਤੁਰੀਆ' ਦੀ ਹੈ ਜਿਸ ਨੂੰ ਚੌਥਾ ਪਦ ਕਹਿੰਦੇ ਨੇ। ਉਸ ਦੇ ਵਿਚ ਸਾਰੇ ਸੰਕਲਪ ਖਤਮ ਹੋ ਜਾਂਦੇ ਨੇ, ਸਾਰੀਆਂ ਬਿਰਤੀਆਂ ਖਤਮ ਹੋ ਜਾਂਦੀਆਂ ਹਨ। ਆਪਣੇ-ਆਪ ਨੂੰ ਸਰੀਰ ਨਹੀਂ ਸਮਝਦਾ, ਸਰੀਰ ਦਾ ਅਭਾਵ ਹੋ ਜਾਂਦਾ ਹੈ, ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ। ਉਸ ਵੇਲੇ ਨਿਰਅਵਰਨ ਅਨੰਦ ਪ੍ਰਾਪਤ ਹੋ ਜਾਂਦਾ ਹੈ ਤੇ ਬਿਲਕੁਲ ਚੇਤਨਮਯ ਵਾਹਿਗੁਰੂ ਵਰਗਾ ਬਣ ਜਾਂਦਾ ਹੈ ਤੇ ਉਸ ਵੇਲੇ ਵਿਦੇਹ ਮੁਕਤੀ ਪ੍ਰਾਪਤ ਹੋ ਜਾਂਦੀ ਹੈ, ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ –

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥
ਪੰਨਾ – 275

ਉਹ ਪੁਰਖ ਜੀਵਨ-ਮੁਕਤ ਹੋਇਆ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਹ ਸੱਤ ਪੌੜੀਆਂ ਨੇ। ਇਨ੍ਹਾਂ ਵਿਚੋਂ ਚੌਥੀ ਪੌੜੀ ਸਾਧੂ-ਸੰਤ, ਮਹਾਂਪੁਰਸ਼ਾਂ ਦੀ ਹੁੰਦੀ ਹੈ ਤੇ ਜਦੋਂ ਉਹ ਪ੍ਰਪੱਕ ਹੋ ਕੇ ਉਪਰ ਜਾਂਦਾ ਹੈ ਉਸ ਵੇਲੇ ਪੰਜਵੀਂ ਪੌੜੀ ਵਿਚ 'ਬ੍ਰਹਮਗਿਆਨੀ' ਕਹਾਉਂਦਾ ਹੈ। ਛੇਵੀਂ ਵਿਚ ਉਹ ਪ੍ਰਪੱਕ ਹੋ ਜਾਂਦਾ ਹੈ। ਸੱਤਵੀਂ ਵਿਚ 'ਤੁਰੀਆ' ਹੁੰਦਾ ਹੈ। ਅੱਠਵੀਂ ਪੌੜੀ ਸਤਿਗੁਰੂ ਦੀ ਹੁੰਦੀ ਹੈ। ਸਤਿਗੁਰੂ ਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ। ਉਸਨੂੰ ਕੋਈ ਤਪ ਆਦਿ ਕਰਨ ਦੀ ਲੋੜ ਨਹੀਂ ਹੁੰਦੀ। ਉਹ ਦਰਗਾਹ ਤੋਂ ਹੀ ਸਤਿਗੁਰੂ ਹੋ ਕੇ ਆਉਂਦਾ ਹੈ।

ਸੋ ਬ੍ਰਹਮਗਿਆਨੀ ਦੀ ਜੋ ਦ੍ਰਿਸ਼ਟੀ ਹੈ ਉਸ ਦੇ ਵਿਚ ਸਾਰੇ ਹੀ ਪ੍ਰਮੇਸ਼ਰ ਹੈ, ਦੂਜਾ ਨਹੀਂ ਹੋਇਆ ਕਰਦਾ। ਇਕ ਐਸੀ ਸਾਖੀ ਆਉਂਦੀ ਹੈ ਗੁਰੂ ਘਰ ਦੇ ਅੰਦਰ ਕਿ ਮੈਦਾਨ-ਏ-ਜੰਗ ਵਿਚ ਰੋਪੜ ਦਾ ਇਕ ਪਠਾਣ ਜਿਸ ਦਾ ਨਾਂ ਮੁਗਲ ਖਾਨ ਸੀ। ਅੱਜ ਉਸ ਨੇ ਪ੍ਰਣ ਕਰਿਆ ਹੈ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਫੜ ਲੈਣਾ ਹੈ; ਜੀਉਂਦਿਆਂ ਨੂੰ ਜਾਂ ਦੂਸਰੀ ਤਰ੍ਹਾਂ, ਤੇ ਅੱਜ ਓਸ ਨੇ ਬੜੀ ਭਾਰੀ ਫੌਜ ਲੈ ਕੇ ਹੱਲਾ ਕੀਤਾ ਤੇ ਓਧਰਲੇ ਪਾਸੇ ਭਾਈ ਘਨ੍ਹਈਆ ਜਲ ਛਕਾ ਰਹੇ ਨੇ।

ਦ੍ਰਿਸ਼ਟੀ ਐਸੀ ਹੈ ਕਿ ਦੂਜਾ ਨਜ਼ਰ ਹੀ ਨਹੀਂ ਆਉਂਦਾ-

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥
ਪੰਨਾ – 272

ਇਕੋ ਹੀ ਨਜ਼ਰ ਆਉਂਦਾ ਹੈ – ਏਸ ਤਰ੍ਹਾਂ ਦੇ ਨਾਲ ਪੜ੍ਹ ਲਓ –

ਧਾਰਨਾ – ਤੂੰ ਹੀ ਤੂੰ ਹੀ ਮੋਹਿਨਾ,
ਤੂੰ ਹੀ ਤੂੰ ਹੀ ਮੋਹਿਨਾ –2, 2.
ਤੂੰ ਹੀ ਤੂੰ ਹੀ ਮੋਹਿਨਾ,
ਤੂੰ ਹੀ ਤੂੰ ਹੀ ਮੋਹਿਨਾ –2, 2.

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ - 407

ਇਸ ਤਰ੍ਹਾਂ ਦੀ ਦ੍ਰਿਸ਼ਟੀ ਦੇ ਨਾਲ ਬਾਬਾ ਜੀ ਸਾਰਿਆਂ ਨੂੰ ਪਾਣੀ ਪਿਲਾਈ ਜਾਂਦੇ ਹਨ ਜੋ ਅੱਗੇ ਆਉਂਦਾ ਹੈ, ਪੁਛਦੇ ਨਹੀਂ ਕਿ ਇਹ ਵੈਰੀ ਹੈ ਜਾਂ ਮਿੱਤਰ -

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥ ਪੰਨਾ - 272

ਕਿਉਂਕਿ ਉਸ ਨੂੰ ਪ੍ਰਮੇਸ਼ਰ ਦਿਸਦਾ ਹੈ -

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥
ਪੰਨਾ - 485

ਇਕ ਸੂਤ ਹੈ, ਉਸ ਦੀ ਮਾਲਾ ਬਣਾ ਕੇ ਹਜ਼ਾਰ ਮਣਕਾ ਬਣਾ ਲਿਆ; ਸੱਤ ਹਜ਼ਾਰ ਮਣਕਾ ਬਣਾ ਲਿਆ। ਉਹ ਇਹ ਹੈ ਕਿ ਸੂਤ ਨੂੰ ਹੀ ਗੰਢਾਂ ਦਿੱਤੀਆਂ ਹੋਈਆਂ ਨੇ, ਗੰਢਾਂ ਖੋਲ੍ਹ ਦਿਓ ਫੇਰ ਸੂਤ ਹੈ।

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਜਿਸ ਵਕਤ ਪ੍ਰਮੇਸ਼ਰ ਆਪੇ ਹੀ ਸੀ, ਉਦੋਂ ਵੀ ਵਾਹਿਗੁਰੂ ਸੀ -

ਆਦਿ ਸਚੁ ....॥ ਪੰਨਾ - 1

ਜਦੋਂ ਸਮਾਂ ਤੇ ਸਥਾਨ ਬਣਿਆ ਉਸ ਵੇਲੇ ਵੀ ਆਪੇ ਹੀ ਸੀ -

.................ਜੁਗਾਦਿ ਸਚੁ॥ ਪੰਨਾ - 1

ਵਰਤਮਾਨ ਸਮੇਂ ਵਿਚ ਵੀ ਉਹ ਆਪ ਹੀ ਸੱਚ ਹੈ -

ਹੈ ਭੀ ਸਚੁ..................॥ ਪੰਨਾ - 1

ਜਦੋਂ ਕੁਝ ਵੀ ਨਹੀਂ ਹੋਏਗਾ ਉਸ ਵੇਲੇ ਵੀ -

................ਨਾਨਕ ਹੋਸੀ ਭੀ ਸਚੁ॥ ਪੰਨਾ - 1

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
ਪੰਨਾ - 705

ਬ੍ਰਹਮਗਿਆਨੀ ਦੀ ਦ੍ਰਿਸ਼ਟੀ ਤੱਤ ਗਿਆਨ ਦੀ ਦ੍ਰਿਸ਼ਟੀ ਹੁੰਦੀ ਹੈ, ਆਹ ਸੱਚ ਹੁੰਦਾ ਹੈ। ਇਸ ਨੂੰ truth ਕਹਿੰਦੇ ਨੇ। ਸੱਚ ਦੀ ਖੋਜ। ਸੱਚੀ ਗੱਲ ਇਹੋ ਹੈ ਸਾਧ-ਸੰਗਤ ਜੀ! ਸੋ-

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਪੰਨਾ - 485

ਸਮੁੰਦਰ ਵਿਚੋਂ ਲਹਿਰਾਂ ਉਠੀਆਂ, ਸਮੁੰਦਰ ਨਾਲੋਂ ਲਹਿਰਾਂ ਕਿਵੇਂ ਅੱਡ ਕਰ ਲਓਗੇ? ਕੋਈ ਹੈ ਥਾਂ ਜਿਥੇ ਲਹਿਰਾਂ ਨੂੰ ਅੱਡ ਕਰੋਗੇ। ਉਹ ਸਮੁੰਦਰ ਹੀ ਉਛਲ ਰਿਹਾ ਹੈ -

ਇਹੁ ਪਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥
ਪੰਨਾ - 485

ਇਹ ਲੀਲਾ ਪਾਰਬ੍ਰਹਮ ਆਪਣੇ ਰੰਗ ਵਿਚ ਆਪੇ ਹੀ ਕਰ ਰਿਹਾ ਹੈ -

ਕਤਹੂੰ ਸੁਚੇਤ ਹੋਇਕੈ, ਚੇਤਨਾ ਕੋ ਚਾਰ ਕੀਓ,
ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥
ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,
ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,
ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥
ਅਕਾਲ ਉਸਤਤਿ

ਉਹ ਆਪਣੀ ਲੀਲ੍ਹਾ ਵਿਚ ਆਪ ਖੇਡ ਰਿਹਾ ਹੈ। ਸੋ ਐਸੀ ਦ੍ਰਿਸ਼ਟੀ ਪਰਪੱਕ ਹੋਣ ਕਰਕੇ ਆਪ ਜਲ ਪਿਲਾਈ ਜਾਂਦੇ ਨੇ ਸਭ ਨੂੰ। ਫੌਜਾਂ ਪਿਛੇ ਹੱਟ ਗਈਆਂ ਤਾਂ ਵੀ ਉਸੇ ਥਾਂ ਪਾਣੀ ਪਿਲਾਈ ਜਾਂਦੇ ਨੇ, ਫੇਰ ਫੌਜਾਂ ਅੱਗੇ ਵਧ ਗਈਆਂ ਫੇਰ ਪਾਣੀ ਪਿਲਾਈ ਜਾਂਦੇ ਨੇ। ਹਨ੍ਹੇਰਾ ਹੋ ਗਿਆ, ਜੰਗ ਬੰਦ ਹੋਣ ਦਾ ਬਿਗਲ ਵੱਜ ਗਿਆ। ਉਸ ਵੇਲੇ ਕੁਝ ਅਸੂਲ ਹੋਇਆ ਕਰਦੇ ਸਨ ਥੋੜ੍ਹੇ-ਬਹੁਤੇ, ਮਾੜੇ -ਮੋਟੇ, ਰਹਿ ਗਏ ਸਨ। ਜ਼ਖਮੀਆਂ ਦੀ ਟੋਲ੍ਹ-ਟਲ੍ਹਾਈ ਲਈ red cross ਆ ਗਈ, ਸਾਰੇ ਜ਼ਖਮੀਆਂ ਨੂੰ ਪਾਲਕੀਆਂ ਵਿਚ ਚੁਕ-ਚੁਕ ਕੇ ਲੈ ਜਾਂਦੇ ਨੇ। ਏਧਰ ਗੁਰੂ ਮਹਾਰਾਜ ਨੇ ਜਦੋਂ ਜੰਗ ਦਾ ਹਾਲ ਪੁਛਿਆ ਤਾਂ ਸਿੰਘਾਂ ਨੇ ਸਾਰਾ ਹਾਲ ਦੱਸਿਆ ਤੇ ਨਾਲ ਇਕ ਸ਼ਿਕਵਾ ਕੀਤਾ, ਸ਼ਿਕਾਇਤ ਕੀਤੀ ਕਿ ਮਹਾਰਾਜ! ਇਹ ਜਿਹੜਾ ਘਨ੍ਹਈਆ ਸਾਧ ਹੈ ਇਹ ਕਿਤੇ ਜਾਸੂਸ ਨਾ ਹੋਵੇ ਉਨ੍ਹਾਂ ਦਾ।

ਮਹਾਰਾਜ ਜੀ ਕਹਿੰਦੇ, "ਕਿਉਂ?"

ਕਹਿੰਦੇ, "ਮਹਾਰਾਜ! ਜਦੋਂ ਅਸੀਂ ਯੁੱਧ ਭੂਮੀ ਵਿਚੋਂ ਥੋੜਾ ਪਿਛੇ ਹਟ ਗਏ ਸੀ ਉਹ ਉਦੋਂ ਵੀ ਉਨ੍ਹਾਂ ਮੁਗਲਾਂ ਨੂੰ ਪਾਣੀ ਪਿਲਾਉਂਦਾ ਸੀ ਤੇ ਜਦੋਂ ਅਸੀਂ ਫੇਰ ਉਥੇ ਪਹੁੰਚ ਗਏ ਤਾਂ ਜਿਹੜਾ ਮੁਗਲ ਅਵਾਜ਼ ਮਾਰਦਾ ਸੀ ਉਸੇ ਨੂੰ ਪਾਣੀ ਪਿਲਾਉਂਦਾ ਸੀ। ਅਸੀਂ ਵੀ ਆਵਾਜ਼ਾਂ ਮਾਰਦੇ ਸੀ ਕਿ ਕਨ੍ਹਈਆ ਇਨ੍ਹਾਂ ਨੂੰ ਪਾਣੀ ਨਾ ਪਿਲਾ। ਪਰ ਇਹ ਪਾਣੀ ਪਿਲਾਈ ਜਾਂਦਾ ਸੀ, ਉਹ ਉਠ ਕੇ ਫੇਰ ਖੜ੍ਹ ਜਾਂਦੇ ਸਨ।"

ਮਹਾਰਾਜ ਜੀ ਕਹਿੰਦੇ, "ਲਿਆਓ ਘਨ੍ਹਈਏ ਨੂੰ।"

ਜਦੋਂ ਲਿਆਉਣ ਲਈ ਡੇਰੇ ਗਏ, ਉਹ ਉਥੇ ਨਹੀਂ ਸੀ। ਪਤਾ ਲੱਗਿਆ ਕਿ ਅਜੇ ਤਾਂ ਮੈਦਾਨ-ਏ-ਜੰਗ ਤੋਂ ਵਾਪਸ ਨਹੀਂ ਆਏ। ਮਹਾਰਾਜ ਜੀ ਦੇ ਹੁਕਮ ਨਾਲ ਦੋ ਸਿੰਘ ਉਥੇ ਗਏ ਜਿਥੇ ਆਵਾਜ਼ ਆ ਰਹੀ ਸੀ 'ਤੂੰ ਹੀ, ਤੂੰ ਹੀ' ਦੀ, ਉਸ ਥਾਂ ਤੇ ਪਹੁੰਚਦੇ ਨੇ। ਅੱਗੇ ਜਾ ਕੇ ਦੇਖਿਆ ਕਿ ਭਾਈ ਘਨ੍ਹਈਏ ਨੇ ਇਕ ਜ਼ਖਮੀ ਦਾ ਸਿਰ ਆਪਣੇ ਪੱਟ ਤੇ ਰੱਖਿਆ ਹੋਇਆ ਹੈ, ਮੂੰਹ 'ਚ ਉਂਗਲਾਂ ਪਾ ਕੇ ਦੰਦਲ ਖੋਲ੍ਹ ਲਈ ਤੇ ਆਪਣੀ ਮਸ਼ਕ ਦੇ ਵਿਚੋਂ ਉਸ ਦੇ ਮੂੰਹ ਵਿੱਚ ਜਲ ਪਾ ਰਹੇ ਨੇ। ਸਿੰਘਾਂ ਨੇ ਪਛਾਣ ਲਿਆ ਕਿ ਇਹੀ ਤਾਂ ਹੈ ਜਿਹੜਾ ਅੱਜ ਦੇ ਪੁਆੜੇ ਦੀ ਜੜ੍ਹ ਸੀ ਮੁਗਲ ਖਾਨ। ਮੁਗਲ ਫੌਜ ਦਾ ਜਰਨੈਲ; ਇਸ ਨੂੰ ਤਾਂ ਮਾਰ ਕੇ ਸੁੱਟ ਦਿਤਾ ਸੀ ਤੇ ਇਹ ਹੋਸ਼ ਵਿਚ ਲਿਆ ਰਿਹਾ ਹੈ, ਇਹੋ-ਜਿਹੇ ਮਾੜੇ ਬੰਦੇ ਨੂੰ। ਮੁਗਲ ਖਾਨ ਨੇ ਪਾਣੀ ਪੀਤਾ ਤੇ ਉਸ ਨੂੰ ਹੋਸ਼ ਆ ਗਈ। ਪਹਿਲਾਂ ਹੀ ਸਵਾਲ ਉਸ ਨੇ ਕਰਿਆ ਕਿ ਤੂੰ ਕੌਣ ਹੈ? ਖਿਆਲ ਆਇਆ ਕਿ ਮੈਂ ਇਸ ਨੂੰ ਇਨਾਮ ਦੇਵਾਂਗਾ ਕਿਉਂਕਿ ਮੈਨੂੰ

ਇਸ ਵੇਲੇ ਜਲ ਛਕਾ ਰਿਹਾ ਹੈ।

ਭਾਈ ਘਨਈਏ ਨੇ ਕਿਹਾ, "ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਅਦਨਾ ਜਿਹਾ ਸਿੱਖ ਹਾਂ।"

ਕਹਿਣ ਲੱਗਿਆ, "ਸਿੱਖਾ! ਪਤਾ ਹੈ ਮੈਂ ਕੌਣ ਹਾਂ? ਮੈਂ ਉਹ ਹਾਂ ਜਿਹੜਾ ਅੱਜ ਪ੍ਰਣ ਕਰਕੇ ਆਇਆ ਸੀ ਕਿ ਅੱਜ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰਕੇ ਜਾਂ ਜਿਉਂਦਾ ਫੜ ਕੇ ਲਿਜਾਣਾ ਹੈ। ਮੈਂ ਮੁਗਲ ਖਾਨ ਹਾਂ।"

ਇਹ ਬਚਨ ਅਜੇ ਚਲਦੇ ਸੀ ਉਸੇ ਵੇਲੇ ਜਾ ਕੇ ਸਿੰਘਾਂ ਨੇ ਭਾਈ ਘਨਈਏ ਨੂੰ ਕਿਹਾ ਕਿ ਤੈਨੂੰ ਦਸ਼ਮੇਸ਼ ਪਿਤਾ ਬੁਲਾ ਰਹੇ ਹਨ। ਭਾਈ ਘਨਈਆ ਜੀ ਗੁਰੂ ਮਹਾਰਾਜ ਜੀ ਦੇ ਹਜ਼ੂਰ ਪਹੁੰਚ ਗਏ, ਨਮਸ਼ਕਾਰ ਕੀਤੀ।

ਆਪ ਨੇ ਪੁਛਿਆ, "ਕੀ ਗੱਲ ਹੈ ਭਾਈ ਘਨ੍ਹਈਆ ਖਾਲਸਾ ਤੇਰੀ ਸ਼ਕਾਇਤ ਕਰਦਾ ਹੈ।"

ਬੜੀ ਨਿਮਰਤਾ ਦੇ ਨਾਲ ਬੋਲੇ,"ਪਾਤਸ਼ਾਹ! ਮੈਂ ਤਾਂ ਗੁਨਹਗਾਰ ਹਾਂ ਤੇ ਗੁਨਹਗਾਰ ਦੀ ਹਰ ਕੋਈ ਸ਼ਿਕਾਇਤ ਕਰਦਾ ਹੈ। ਕਿਰਪਾ ਕਰਕੇ ਆਪ ਪ੍ਰਗਟ ਕਰੋ।"

ਮਹਾਰਾਜ ਜੀ ਕਹਿੰਦੇ, "ਭਾਈ ਘਨ੍ਹਈਆ! ਤੂੰ ਅੱਜ ਮੁਗਲਾਂ ਨੂੰ ਪਾਣੀ ਪਿਲਾਉਂਦਾ ਰਿਹਾ?"

ਕਹਿੰਦੇ, "ਨਾ! ਸੱਚੇ ਪਾਤਸ਼ਾਹ!"

ਮਹਾਰਾਜ ਜੀ ਕਹਿੰਦੇ, "ਫੇਰ ਪਹਾੜੀਆਂ ਨੂੰ ਪਾਣੀ ਪਿਲਾਇਆ ਹੈ?"

"ਨਾ ਸੱਚੇ ਪਾਤਸ਼ਾਹ।"

"ਖਾਲਸੇ ਨੂੰ ਪਾਣੀ ਪਿਲਾਉਂਦਾ ਰਿਹਾ ਫੇਰ?"

"ਨਹੀਂ ਸੱਚੇ ਪਾਤਸ਼ਾਹ।

ਮਹਾਰਾਜ ਜੀ ਕਹਿਣ ਲੱਗੇ, "ਫੇਰ ਕਿਸਨੂੰ ਪਾਣੀ ਪਿਲਾਉਂਦਾ ਰਿਹਾ ਅੱਜ?"

ਭਾਈ ਘਨਈਆ ਜੀ ਨੇ ਕਿਹਾ, "ਪਾਤਿਸ਼ਾਹ! ਮੈਂ ਆਪ ਦੇ ਚਰਨਾਂ ਵਿਚ ਬੇਨਤੀ ਕਰਕੇ ਕਹਿੰਦਾ ਹਾਂ ਕਿ ਆਪ ਨੇ ਜਦੋਂ ਦੀ ਮੈਨੂੰ ਦਿਬਯ ਦ੍ਰਿਸ਼ਟੀ ਬਖਸ਼ੀ ਹੈ, ਉਦੋਂ ਦਾ ਮੈਨੂੰ ਆਪ ਤੋਂ ਬਿਨਾ ਕੋਈ ਹੋਰ ਨਜ਼ਰ ਨਹੀਂ ਆਉਂਦਾ। ਮੈਨੂੰ ਇਕੋ ਹੀ ਨਜ਼ਰ ਆਉਂਦਾ ਹੈ। ਤੂੰ ਹੀ ਨਜ਼ਰ ਆਉਂਦਾ ਰਿਹਾ ਹੈਂ। ਤੂੰ ਸਾਰਿਆਂ ਦੇ ਅੰਦਰ ਬੋਲਦਾ ਹੈਂ।"

ਧਾਰਨਾ - ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,
ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2,

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥ ਪੰਨਾ - 988

ਪਾਤਿਸ਼ਾਹ! ਤੇਰੇ ਬਿਨਾਂ ਵੀ ਸੰਸਾਰ ਵਿਚ ਕੋਈ ਹੈ? ਤੂੰ ਆਪੇ ਸੰਸਾਰ ਦਾ ਰੂਪ ਧਾਰਿਆ ਹੈ -

ਪਸਰਿਓ ਆਪਿ ਹੋਇ ਅਨਤ ਤਰੰਗ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥
ਜੈਸੀ ਮਤਿ ਦੇਇ ਤੈਸਾ ਪਰਗਾਸ॥
ਪਾਰਬ੍ਰਹਮੁ ਕਰਤਾ ਅਬਿਨਾਸ॥ ਪੰਨਾ - 175

ਤੂੰ ਆਪ ਹੀ ਅਨੇਕਾਂ ਰੂਪਾਂ ਵਿਚ ਖੇਲ੍ਹ ਰਿਹਾ ਹੈਂ ਤੇਰੇ ਬਿਨਾਂ ਤਾਂ ਮੈਨੂੰ ਕੋਈ ਹੋਰ ਨਜ਼ਰ ਆਉਂਦਾ ਹੀ ਨਹੀਂ। ਪਾਤਿਸ਼ਾਹ! ਮੈਂ ਪਛਤਾਉਂਦਾ ਹਾਂ ਜਦੋਂ ਤੇਰੇ ਬਿਨਾਂ ਵੈਰੀ-ਮਿਤ੍ਰ, ਆਪਣੇ-ਬਿਗਾਨੇ, ਸਾਧ-ਚੋਰ, ਮਾੜੇ ਚੰਗੇ ਮੈਨੂੰ ਨਜ਼ਰ ਆਉਂਦੇ ਸੀ। ਪਰ ਜਦੋਂ ਤੋਂ ਤੂੰ ਆਪਣੇ ਗਿਆਨ ਦਾ ਸੁਰਮਾ ਮੇਰੇ ਨੇਤਰਾਂ ਵਿਚ ਪਾਇਆ, ਉਸ ਵੇਲੇ ਤੋਂ ਇਹ ਦੋਖ ਦ੍ਰਿਸ਼ਟੀ ਖਤਮ ਹੋ ਗਈ-

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਪੰਨਾ - 293

ਉਸ ਵੇਲੇ ਮਹਾਰਾਜ ਜੀ ਆਸਣ ਤੋਂ ਉਠ ਕੇ ਖੜ੍ਹੇ ਹੋ ਗਏ, ਬੁਕਲ ਵਿਚ ਲੈ ਲਿਆ ਭਾਈ ਘਨ੍ਹਈਏ ਨੂੰ, ਕਹਿੰਦੇ, "ਘਨ੍ਹਈਆ! ਨਿਹਾਲ! ਨਿਹਾਲ! ਨਿਹਾਲ! ਸਾਡਾ ਚਿੱਤ ਅਤਿ ਪ੍ਰਸੰਨ ਹੋਇਆ ਹੈ। ਤੂੰ ਉਸ ਅਵਸਥਾ ਤੇ ਪਹੁੰਚ ਗਿਆ ਜਿਸ ਦੇ ਬਾਰੇ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ। ਅੱਜ ਤੋਂ ਬਾਅਦ ਮੈਨੂੰ ਕੇਵਲ ਪਾਣੀ ਹੀ ਨਾ ਪਿਲਾਈਂ। ਮਲ੍ਹਮ ਦੀ ਡੱਬੀ ਅਤੇ ਪੱਟੀਆਂ ਦੇ ਕੇ ਫੁਰਮਾਨ ਕੀਤਾ ਕਿ ਜਿਥੇ ਮੈਨੂੰ ਜ਼ਖਮੀ ਪਿਆ ਦੇਖੇਂ ਉਥੇ ਮੇਰੇ ਜ਼ਖਮ ਧੋਈਂ, ਫੇਰ ਪੱਟੀਆਂ ਬੰਨ੍ਹ ਦੇਈਂ। ਤੂੰ ਸਿੱਖੀ ਨੂੰ ਪਛਾਣ ਲਿਐ।"

ਖਾਲਸੇ ਵੱਲ ਮੁਖਾਤਬ ਹੋ ਕੇ ਕਹਿਣ ਲੱਗੇ, "ਖਾਲਸਾ ਜੀ! ਆਹ ਜਿਹੜੀ ਅਵਸਥਾ ਹੈ, ਇਸ ਬਾਰੇ ਗੁਰੂ ਪਾਤਿਸ਼ਾਹ ਨੇ ਫੁਰਮਾਨ ਕੀਤਾ ਹੈ ਇਸ ਤਰ੍ਹਾਂ ਦੇ ਨਾਲ -

ਧਾਰਨਾ - ਤਿਹ ਘਟ ਬ੍ਰਹਮ ਨਿਵਾਸਾ ਜੀ,
ਕਾਮ ਕ੍ਰੋਧ ਜਿਹ ਪਰਸੈ ਨਾਹੀ -2, 2.
ਤਿਹ ਘਟ ਬ੍ਰਹਮ ਨਿਵਾਸਾ ਜੀ,..2

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥
ਪੰਨਾ - 634

ਮਹਾਰਾਜ ਜੀ ਕਹਿੰਦੇ, ਇਹ ਗੁਣ ਜਿਸ ਦੇ ਵਿਚ ਹੁੰਦੇ ਨੇ ਉਸ ਨੂੰ ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਗੱਲਾਂ ਵਾਲਿਆਂ ਨੂੰ ਨਹੀਂ ਹੋਇਆ ਕਰਦੀ।

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ॥
ਪੰਨਾ - 634

ਪਾਣੀ ਦੇ ਗਿਲਾਸ ਨੂੰ ਪਾਣੀ ਦੇ ਭਰੇ ਚੁਬੱਚੇ ਵਿਚ ਪਾ

ਦਿਓ, ਉਹ ਪਾਣੀ ਦਾ ਰੂਪ ਹੋ ਗਿਆ। ਮਹਾਰਾਜ ਜੀ ਕਹਿਣ ਲਗੇ ਕਿ ਇਸੇ ਨੂੰ ਮੈਂ ਖਾਲਸਾ ਕਿਹਾ ਹੈ –

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

ਭੋਰਾ ਜਿੰਨਾ ਵੀ ਫਰਕ ਨਹੀਂ ਮੇਰੇ ਵਿਚ, ਪ੍ਰਭੂ ਵਿਚ ਤੇ ਇਸ ਵਿਚ। ਸੋ ਆਪ ਜੀ ਨੇ ਉਸ ਵੇਲੇ ਕਿਹਾ ਕਿ ਭਾਈ ਘਨ੍ਹਈਆ! ਤੂੰ ਗੁਰੂ ਨਾਨਕ ਦੀ ਸਿਖੀ ਪਛਾਣ ਲਈ। ਜਾਹ! ਹੁਣ ਸੰਸਾਰ ਦੇ ਅੰਦਰ ਇਸ ਆਦਰਸ਼ ਦਾ ਪ੍ਰਸਾਰ ਕਰ, ਦੁਨੀਆਂ ਦਾ ਹਨ੍ਹੇਰਾ ਦੂਰ ਕਰ, ਦੱਸ ਕਿ ਹਰ ਥਾਂ ਤੇ ਪ੍ਰਮੇਸ਼ਰ ਹੈ। ਨਾ ਨਫਰਤ ਕਰੋ ਆਪਸ ਵਿਚ, ਨਾ ਝਗੜੇ ਕਰੋ, ਨਾ ਇਕ-ਦੂਜੇ ਨੂੰ ਬੁਰਾ ਕਹੋ। ਇਹ ਪ੍ਰਮੇਸ਼ਰ ਨੇ ਆਪਣਾ ਨਿਵਾਸ ਸਥਾਨ ਬਣਾਇਆ ਸੀ –

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਪੰਨਾ – 463

ਇਸ ਨੂੰ ਦੂਸ਼ਿਤ ਨਾ ਕਰੋ। ਸਾਧੂਆਂ ਵਾਸਤੇ ਧਰਤੀ ਬਣਾਈ ਸੀ –

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥
ਪੰਨਾ – 965

ਪਰ ਚੋਰਾਂ ਨੇ ਆ ਕੇ ਕਬਜ਼ਾ ਕਰ ਲਿਆ, ਬਦ-ਅਮਨੀ ਫੈਲਾ ਦਿਤੀ ਇੱਥੇ, ਲੜਾਈਆਂ-ਝਗੜੇ, ਗਲਤ ਗੱਲਾਂ ਪ੍ਰਚਲਤ ਕਰ ਦਿੱਤੀਆਂ।

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਪੰਨਾ – 224

ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਇਹ ਦੁਨੀਆਂ ਕਿਉਂ ਬਣਾਈ ਹੈ। ਕਹਿਣ ਲੱਗੇ ਕਿ ਸਾਧੂਆਂ ਵਾਸਤੇ ਬਣਾਈ ਸੀ, ਪਰ ਚੋਰਾਂ ਨੇ ਆ ਕੇ ਕਬਜ਼ਾ ਕਰ ਲਿਆ, ਉਨ੍ਹਾਂ ਨੇ ਬੇਅਮਨੀ ਪੈਦਾ ਕਰ ਦਿਤੀ।

ਸੋ ਇਸ ਤਰ੍ਹਾਂ ਮਹਾਰਾਜ (ਗੁਰੂ ਪੰਜਵੇਂ ਪਾਤਸ਼ਾਹ) ਜੀ ਨੇ ਮਾਤਾ ਜੀ ਨੂੰ ਸਮਝਾਇਆ ਕਿ ਬਾਬਾ ਬੁੱਢਾ ਜੀ ਦੀ ਅਵਸਥਾ ਇਹ ਹੈ। ਉਹ ਪੂਰਨ ਬ੍ਰਹਮਗਿਆਨੀ ਨੇ, ਜਾਓ! ਉਨ੍ਹਾਂ ਵਿਚ, ਮੇਰੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ। ਜੋ ਤੁਸੀਂ ਚਾਹੋਗੇ ਉਨ੍ਹਾਂ ਤੋਂ, ਉਹ ਦਾਤਾਂ ਪ੍ਰਾਪਤ ਕਰ ਸਕੋਗੇ।

ਸੋ ਮਾਤਾ ਜੀ ਨੇ ਦੂਸਰੇ ਦਿਨ ਬੜੇ ਹੀ ਪਦਾਰਥ ਬਣਾਏ, ਅਨੇਕਾਂ ਕਿਸਮ ਦੇ ਭੋਜਨ ਬਣਾਏ, ਗੱਡੀਆਂ ਮੰਗਵਾ ਲਈਆਂ, ਰਥ ਮੰਗਵਾ ਲਏ, ਬਹੁਤ ਸਾਰੇ ਸਿੱਖ ਨਾਲ ਲੈ ਲਏ, ਬੀਬੀਆਂ ਨਾਲ ਲੈ ਲਈਆਂ – ਦਾਸੀਆਂ ਵਗੈਰਾ ਸੇਵਾ ਕਰਨ ਵਾਲੀਆਂ ਤੇ ਉਚੀ ਉਚੀ ਬੋਲਦੇ ਜਾਂਦੇ ਨੇ। ਬਾਬੇ ਕੀ ਬੀੜ ਦੇ ਕੋਲ ਜਦੋਂ ਗਏ ਤਾਂ ਬਾਬਾ ਜੀ ਸਮਾਧੀ ਵਿਚ ਬੈਠੇ ਸਨ, ਜਦੋਂ ਵਿਖਸ਼ੇਪਤਾ ਹੋਈ, ਬਲਦਾਂ ਦੇ ਟੱਲ ਖੜਕੇ, ਘੁੰਗਰਾਲਾਂ ਖੜਕੀਆਂ, ਰੌਲਾ-ਰੱਪਾ ਸੁਣਿਆ ਤਾਂ ਬਾਬਾ ਜੀ ਨੇ ਸੇਵਾਦਾਰ ਨੂੰ ਪੁਛਿਆ ਕਿ ਆਹ ਕਾਹਦਾ ਰੌਲਾ-ਗੌਲਾ ਮਚ ਰਿਹਾ ਹੈ?

ਸੇਵਾਦਾਰ ਕਹਿੰਦਾ, "ਗੁਰੂ ਕੇ ਮਹਿਲ ਆਏ ਨੇ।"

ਕਹਿੰਦੇ, "ਇਨ੍ਹਾਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ?" ਸਹਿਜ ਸੁਭਾਅ ਕਹਿ ਦਿਤਾ।

ਮਾਤਾ ਜੀ ਵਾਪਸ ਆ ਗਏ, ਇਹ ਬਚਨ ਸੁਣਿਆ, ਚਿਤ ਪ੍ਰਸੰਨ ਨਾ ਹੋਇਆ। ਕਹਿਣ ਲਗੇ ਬਚਨ ਤਾਂ ਉਲਟਾ ਹੋ ਗਿਆ, ਇਹ ਤਾਂ ਠੀਕ ਨਾ ਹੋਇਆ। ਸੋ ਉਸ ਵੇਲੇ ਨਿਰਾਸ ਹੋ ਕੇ ਵਾਪਸ ਆ ਗਏ।

ਮਹਾਰਾਜ ਜੀ ਨੇ ਪੁਛਿਆ ਕਿ ਕੀ ਗੱਲ, ਤੁਸੀਂ ਨਿਰਾਸ ਕਿਉਂ ਹੋ?

ਕਹਿੰਦੇ, "ਮਹਾਰਾਜ! ਬਚਨ ਉਲਟਾ ਹੋ ਗਿਆ।"

ਮਹਾਰਾਜ ਜੀ ਕਹਿੰਦੇ, "ਫੇਰ ਤੁਸੀਂ ਗਲਤ ਤਰੀਕੇ ਨਾਲ ਗਏ। ਜਿਵੇਂ ਸੰਤਾਂ ਕੋਲ ਜਾਣਾ ਚਾਹੀਦਾ ਹੈ ਉਹ ਤਰੀਕਾ ਤਾਂ ਤੁਸੀਂ ਅਪਣਾਇਆ ਨਾ।" ਸੰਤਾਂ ਕੋਲ ਜੇ ਜਾਣਾ ਹੈ ਤਾਂ ਉਸ ਦੇ ਬਾਰੇ ਫੁਰਮਾਨ ਹੈ –

ਧਾਰਨਾ – ਕਬੀਰ ਸਾਧੂ ਕਉ ਮਿਲਣੇ ਜਾਈਐ –2, 2.
ਸਾਥ ਨ ਲੀਜੈ ਕੋਇ –2, 2.
ਸਾਧੂ ਕਉ ਮਿਲਣੇ ਜਾਈਏ...–2, 2.

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥
ਪੰਨਾ – 1370

ਜੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਜਾਓ ਤਾਂ ਉਨ੍ਹਾਂ ਨੇ ਖੇਲ੍ਹਣਾ ਹੈ, ਰੌਲਾ ਪਾਉਣਾ ਹੈ। ਪ੍ਰਮਾਰਥ ਦੀ ਗੱਲ ਕਿਹੜੇ ਵੇਲੇ ਕਰੋਗੇ? ਕਈ ਕਿਸਮ ਦੇ ਬੰਦਿਆਂ ਨੂੰ ਨਾਲ ਲੈ ਜਾਓ, ਉਨ੍ਹਾਂ ਨੇ ਆਪਣੀ ਅਕਲ ਦੇ ਮੁਤਾਬਕ ਗੱਲਾਂ ਕਰਨੀਆਂ ਹਨ। ਗੱਲ ਤਾਂ ਹੋ ਨਹੀਂ ਸਕਣੀ ਸੰਤਾਂ ਦੇ ਨਾਲ, ਜੋ ਕਰਨੀ ਚਾਹੁੰਦੇ ਹਾਂ।

ਗੁਰੂ ਦਸਵੇਂ ਪਾਤਿਸ਼ਾਹ ਇਕ ਵਾਰੀ ਇਕ ਮਹਾਤਮਾ ਨੂੰ ਮਿਲਣ ਚਲੇ ਗਏ। ਸੁਥਰਾ ਪਿਛੇ-ਪਿਛੇ ਚਲਿਆ ਗਿਆ। ਜਦੋਂ ਮਹਾਰਾਜ ਜੀ ਪ੍ਰਮਾਰਥ ਦੇ ਬਚਨ ਕਰ ਰਹੇ ਸੀ ਇਹ ਮਹਾਰਾਜ ਜੀ ਦੀ ਪਿੱਠ ਪਿਛੇ ਖੜ੍ਹਾ ਹੋ ਕੇ, ਸੰਤ ਜੀ ਦੀਆਂ ਅੱਖਾਂ ਨਾਲ ਅੱਖਾਂ ਰਲਾ ਕੇ ਕਦੇ ਮੂੰਹ ਚਿੜ੍ਹਾ ਦਿਆ ਕਰੇ, ਕਦੇ ਹੱਥ ਚੁੱਕ ਲਿਆ ਕਰੇ। ਸੰਤਾਂ ਦਾ ਧਿਆਨ ਹੀ ਨਾ ਟਿਕਣ ਦੇਵੇ। ਹਾਰ ਕੇ ਸੰਤ ਚੁੱਪ ਕਰ ਗਏ। ਮਹਾਰਾਜ ਜੀ ਨੇ ਸੋਚਿਆ ਕਿ ਇਹ ਏਧਰ ਨੂੰ ਬਾਰ-ਬਾਰ ਕਿਉਂ ਦੇਖਦੇ ਨੇ। ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਪਿਛੇ ਸੁਥਰਾ ਮੂੰਹ ਬਣਾਈ ਖੜ੍ਹਾ ਹੈ।

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਬੜਾ ਮਾੜਾ ਕੰਮ ਕਰਿਆ, ਅਸੀਂ ਤਾਂ ਪ੍ਰਮਾਰਥਕ ਬਚਨ ਕਰਨੇ ਸਨ।"

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਜੇ ਸੰਤਾਂ ਕੋਲ ਜਾਈਏ ਤਾਂ ਪਹਿਲਾਂ ਦਿਲ ਦੇ ਅੰਦਰ ਸ਼ਰਧਾ ਹੋਣੀ

ਚਾਹੀਦੀ ਹੈ। ਜੇ ਅੰਦਰ ਸ਼ਰਧਾ ਨਹੀਂ ਹੈ ਤਾਂ ਫੇਰ ਗੱਲ ਨਹੀਂ ਬਣਦੀ।

ਪੰਜੇ ਪਾਂਡਵ ਬਾਲਮੀਕ ਰਿਸ਼ੀ ਨੂੰ ਲੈਣ ਜਾਂਦੇ ਨੇ ਕਿ ਸਾਡੇ ਜੱਗ ਦੇ ਵਿਚ ਆਪ ਆ ਕੇ ਪ੍ਰਸ਼ਾਦਾ ਛਕੋ। ਉਹ ਇਕੋ ਗੱਲ ਕਹਿੰਦੇ ਨੇ ਕਿ ਪਹਿਲਾਂ ਸਾਨੂੰ ਇਕ ਜੱਗ ਦਾ ਫਲ ਦਿਓ ਕਿਉਂਕਿ ਤੁਹਾਡੇ ਸਾਸ਼ਤਰਾਂ ਦੇ ਮੁਤਾਬਕ ਜਾਤ-ਪਾਤ ਦੀ ਵੰਡ ਕੀਤੀ ਹੋਈ ਹੈ ਤੇ ਮੈਂ ਜਿਸ ਜਾਤੀ ਵਿਚ ਹਾਂ, ਤੁਹਾਡੇ ਸਾਸ਼ਤਰਾਂ ਵਿਚ ਲਿਖਿਆ ਹੋਇਆ ਹੈ ਕਿ ਜੇ ਉਹ ਤੁਹਾਡੇ ਵਿਚ ਆ ਕੇ ਪ੍ਰਸ਼ਾਦਾ ਛਕੇ ਤਾਂ ਦੋਸ਼ ਲਗੇਗਾ। ਉਸ ਦੋਸ਼ ਨੂੰ ਦੂਰ ਕਰਨ ਵਾਸਤੇ ਪਹਿਲਾਂ ਮੈਨੂੰ ਇਕ ਯੱਗ ਦਾ ਫਲ ਦਿਓ। ਪੰਜੇ ਭਰਾ ਨਿਰਾਸ਼ ਹੋ ਗਏ। ਕ੍ਰਿਸ਼ਨ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ! ਇਹ ਯੱਗ ਅਧੂਰਾ ਰਹਿ ਗਿਆ, ਉਹ ਤਾਂ ਆਉਂਦੇ ਨਹੀਂ। ਦ੍ਰੋਪਤੀ ਵੱਲ ਦੇਖਿਆ। ਦ੍ਰੋਪੀ ਕਹਿਣ ਲੱਗੀ, "ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਲਿਆਉਂਦੀ ਹਾਂ।" ਹੁਕਮ ਮਿਲ ਗਿਆ ਤੇ ਉਸ ਵੇਲੇ ਸ਼ਰਧਾ ਧਾਰੀ, ਅਰਦਾਸ ਕੀਤੀ ਕਿ ਮਹਾਂਪੁਰਸ਼ੋ! ਆਪ ਪੂਰਨ ਬ੍ਰਹਮਗਿਆਨੀ ਹੋ, ਮੈਂ ਆਪ ਦੇ ਦਰਸ਼ਨ ਕਰਨ ਆ ਰਹੀ ਹਾਂ, ਕਿਰਪਾ ਕਰੋ ਮੇਰੀ ਸ਼ਰਧਾ ਨਾ ਟੁੱਟੇ। ਉਸ ਵੇਲੇ ਨੰਗੇ ਪੈਰੀਂ ਆਪ ਦੇ ਆਸ਼ਰਮ ਵਿਚ ਜਮਨਾ ਦੇ ਕੰਢੇ ਪਹੁੰਚਦੀ ਹੈ, ਨਿਮਰਤਾ ਦੇ ਨਾਲ ਪ੍ਰਨਾਮ ਕਰਦੀ ਹੈ, ਬਹੁਤ ਮਿੱਠੀ ਬਾਣੀ ਬੋਲਦੀ ਹੈ।

ਮਹਾਂਪੁਰਸ਼ਾਂ ਨੇ ਜਦੋਂ ਪੁਛਿਆ ਕਿ ਬੇਟਾ! ਕਿਵੇਂ ਆਈ? ਤਾਂ ਕਹਿਣ ਲੱਗੀ ਕਿ ਮਹਾਰਾਜ! ਆਹ ਮੁਸ਼ਕਲ ਆ ਗਈ, ਤੁਹਾਡੇ ਗਏ ਬਿਨਾਂ ਯੱਗ ਸੰਪੂਰਨ ਨਹੀਂ ਹੁੰਦਾ।

ਕਹਿਣ ਲੱਗੇ, "ਮੈਂ ਤਾਂ ਤੁਹਾਨੂੰ ਪਹਿਲਾਂ ਹੀ ਕਹਿ ਚੁਕਿਆ ਹਾਂ ਕਿ ਇਕ ਯੱਗ ਦਾ ਫਲ ਮੈਨੂੰ ਦਿਓ।"

ਕਹਿੰਦੀ, "ਮਹਾਰਾਜ! ਆਪ ਪੂਰਨ ਬ੍ਰਹਮਗਿਆਨੀ ਹੋ, ਤੁਹਾਡੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ ਤੇ ਜਦੋਂ ਪੂਰਨ ਬ੍ਰਹਮ ਗਿਆਨੀ ਦੇ ਕੋਲ ਕੋਈ ਜਗਿਆਸੂ ਸ਼ਰਧਾ ਦੇ ਨਾਲ ਚੱਲ ਕੇ ਆਉਂਦਾ ਹੈ ਤਾਂ ਜਿੰਨੇ ਕਦਮ ਚੱਲ ਕੇ ਆਉਂਦਾ ਹੈ ਓਨੇ ਯੱਗਾਂ ਦਾ ਫਲ ਉਸ ਨੂੰ ਪ੍ਰਾਪਤ ਹੋਇਆ ਕਰਦਾ ਹੈ।"

ਮਹਾਂਪੁਰਸ਼ਾਂ ਨੇ ਦੇਖਿਆ ਕਿ ਰਾਜ-ਅਭਿਮਾਨ ਤਾਂ ਨਹੀਂ ਹੈ ਇਸ ਦੇ ਵਿਚ? ਪਰ ਦੇਖਿਆ ਕਿ ਮਨ ਸਾਫ ਹੈ। ਸ਼ਰਧਾ ਦਾ ਖਾਨਾ ਦੇਖਿਆ, ਸਾਫ ਹੈ। ਉਸ ਵੇਲੇ ਪ੍ਰਸੰਨ ਹੋਏ। ਕਹਿੰਦੇ ਕਿ ਠੀਕ ਹੈ।

ਕਹਿਣ ਲੱਗੀ, "ਮਹਾਰਾਜ! ਹੁਣ ਜਾਣ ਲੱਗੇ ਕਦਮ ਗਿਣ ਲਿਓ ਤੇ ਉਸ ਦੇ ਵਿਚੋਂ ਇਕ ਯੱਗ ਦਾ ਫਲ ਰੱਖ ਲਿਓ ਤੇ ਬਾਕੀ ਮੇਰੀ ਝੋਲੀ ਵਿਚ ਪਾ ਦਿਓ।"

ਸੋ ਜੇ ਸੰਤਾਂ ਕੋਲ ਜਾਣਾ ਹੋਵੇ ਤਾਂ ਸ਼ਰਧਾ ਤੇ ਨਿਰਮਾਣਤਾ ਨਾਲ ਜਾਓ।

ਮਹਾਰਾਜ ਜੀ ਕਹਿੰਦੇ, "ਤੁਸੀਂ ਤਾਂ ਰਥ ਲੈ ਗਏ, ਐਨਾ ਕੁਝ ਲੈ ਗਏ। ਫੇਰ ਜੇ ਸੇਵਾ ਕਰਨੀ ਹੈ ਤਾਂ ਕੁਝ ਬਣ ਕੇ ਸੇਵਾ ਨਹੀਂ ਕਰੀਦੀ, ਬਣ ਕੇ ਤਾਂ ਸੇਵਾ ਥਾਂ ਨਹੀਂ ਪੈਂਦੀ।"

ਵਿਚਿ ਹਉਮੈ ਸੇਵਾ ਥਾਇ ਨ ਪਾਏ॥
ਜਨਮਿ ਮਰੈ ਫਿਰਿ ਆਵੈ ਜਾਏ॥
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥

ਪੰਨਾ – 1070

ਨਾ ਸੇਵਾ ਥਾਂ ਪੈਣੀ ਹੈ, ਨਾ ਸੁਖ ਹੋਣਾ ਹੈ। ਸੇਵਾ ਤਾਂ ਹੁੰਦੀ ਹੈ –

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥

ਪੰਨਾ – 648

ਤਨ ਵੀ, ਮਨ ਵੀ ਆਪਣਾ ਰੱਖ ਦੇਵੇ ਅੱਗੇ ਤੇ ਖੜ੍ਹ ਕੇ ਸੇਵਾ ਕਰੇ, ਜਿਵੇਂ ਅਹਿਰਣ ਹਥੌੜਿਆਂ ਦੇ ਹੇਠ ਸਿਰ ਦੇ ਦਿੰਦਾ ਹੈ ਅਤੇ ਹਾਥੀ ਦੇ ਸਿਰ ਤੇ ਮਹਾਵਤ ਅਕੁੰਸ ਲਈ ਬੈਠਿਆ ਹੁੰਦਾ ਹੈ। ਜਦੋਂ ਐਉਂ ਕਰੇਗਾ, ਉਸ ਵੇਲੇ ***"ਇਉ ਗੁਰਮੁਖਿ ਆਪ ਨਿਵਾਰੀਐ॥' (ਪੰਨਾ – 648)*** ਆਪਣੇ ਆਪੇ ਨੂੰ ਨਿਵਾਰ ਲਵੇ। ਭਾਵੇਂ ਆਪਣੇ ਕੋਲ ਸਾਰੀ ਸ੍ਰਿਸ਼ਟੀ ਦਾ ਰਾਜ ਹੋਵੇ ਪਰ ਆਪਣੇ ਆਪ ਨੂੰ ਕੁਝ ਬਣ ਕੇ ਨਾ ਦਿਖਾਵੇ। ਜਿਹੜਾ ਬਣ ਕੇ ਦਿਖਾਉਂਦਾ ਹੈ ਉਸ ਦੀ ਸੇਵਾ ਥਾਂ ਨਹੀਂ ਪਿਆ ਕਰਦੀ। ਸੋ ਦੂਸਰੇ ਦਿਨ ਮਹਾਰਾਜ ਜੀ ਨੇ ਜੁਗਤ ਦੱਸ ਦਿਤੀ। ਉਸ ਵੇਲੇ ਮਾਤਾ ਜੀ ਨੇ ਆਪਣੇ ਹੱਥੀਂ ਕਈ ਸੇਰ ਮਿੱਸਾ ਅੰਨ ਪੀਸਿਆ, ਉਸ ਤੋਂ ਬਾਅਦ ਦੁੱਧ ਰਿੜਕਿਆ, ਦਹੀਂ ਕੱਢਿਆ। ਪ੍ਰਸ਼ਾਦੇ ਲੈ ਕੇ ਆਪ ਤੁਰ ਪਏ। ਇਕ ਬੀਬੀ ਨਾਲ ਲਈ, ਉਸਦੇ ਸਿਰ ਤੇ ਚਾਟੀ ਰੱਖ ਦਿਤੀ ਤੇ ਆਪਣੇ ਸਿਰ ਤੇ ਪੰਜ-ਸੱਤ ਬੰਦਿਆਂ ਦਾ ਪ੍ਰਸ਼ਾਦਾ ਰੱਖ ਲਿਆ, ਦਹੀਂ, ਮੱਖਣ ਤੇ ਉਤੇ ਪਿਆਜ ਰੱਖੇ ਹੋਏ ਹਨ। ਸ਼ਰਧਾ ਦੇ ਨਾਲ ਅਰਦਾਸ ਕਰਦੇ ਘਰੋਂ ਜਾ ਰਹੇ ਨੇ। ਅੱਜ ਨਹੀਂ ਹੈ ਮਨ ਦੇ ਅੰਦਰ ਕਿ ਮੈਂ ਗੁਰੂ ਪਤਨੀ ਹਾਂ, ਅੱਜ ਇਕ ਜਗਿਆਸੂ ਦੇ ਤੌਰ ਤੇ ਆਪ ਜਾ ਰਹੇ ਨੇ, ਮੰਗਤਾ ਬਣ ਕੇ ਓਸ ਦਰ ਤੇ ਜਾ ਰਹੇ ਨੇ। ਜਿਉਂ-ਜਿਉਂ ਤੁਰਦੇ ਨੇ, ਦੂਜੇ ਪਾਸੇ ਖਿੱਚ ਪੈ ਰਹੀ ਹੈ। ਬਾਬਾ ਜੀ ਨੂੰ ਐਨੀ ਭੁੱਖ ਲਗੀ ਕਿ ਆਪ ਓਸ ਬੀੜ ਵਿਚੋਂ ਬਾਹਰ ਆ ਗਏ ਤੇ ਜਿਹੜਾ ਰਸਤਾ ਅੰਮ੍ਰਿਤਸਰੋਂ ਆਉਂਦਾ ਹੈ, ਓਧਰ ਨੂੰ ਦੇਖ ਰਹੇ ਹਨ। ਜਦੋਂ ਆਪ ਨੇ ਦੇਖਿਆ ਕਿ ਪ੍ਰਸ਼ਾਦਾ ਲੈ ਕੇ ਕੋਈ ਆ ਰਿਹਾ ਹੈ। ਪੁਛਿਆ ਸੇਵਾਦਾਰ ਨੂੰ ਕਿ ਕੌਣ ਹੈ? ਸੌ ਸਾਲ ਦੀ ਉਸ ਵੇਲੇ ਆਪ ਦੀ ਉਮਰ ਸੀ। ਉਨ੍ਹਾਂ ਨੇ ਕਿਹਾ ਕਿ ਮਾਤਾ ਜੀ ਆ ਰਹੇ ਨੇ।

ਕਹਿੰਦੇ, "ਹੈਂ! ਪੈਦਲ ਆ ਰਹੇ ਨੇ?"

ਸੇਵਾਦਾਰ ਕਹਿੰਦਾ, "ਬਾਬਾ ਜੀ! ਪ੍ਰਸ਼ਾਦੇ ਵੀ ਸੀਸ ਤੇ ਚੁੱਕੇ ਹੋਏ ਨੇ।"

ਉਸ ਵੇਲੇ ਬਾਬਾ ਜੀ ਬਹੁਤ ਕਾਹਲੀ-ਕਾਹਲੀ ਤੁਰੇ ਤੇ ਨੇੜੇ ਜਾ ਕੇ ਸੀਸ ਤੋਂ ਪਰਸ਼ਾਦੇ ਲਾਹ ਲਏ।

ਕਹਿਣ ਲੱਗੇ, "ਮਾਤਾ ਜੀ! ਐਨਾ ਪਿਆਰ ਤੁਸੀਂ ਆਪਣੇ ਪੁੱਤਰਾਂ ਨੂੰ ਕਰਦੇ ਹੋ? ਮੈਂ ਤਾਂ ਆਪ ਹੀ ਆ ਜਾਣਾ ਸੀ, ਐਨੀ ਖੇਚਲ ਤੁਸੀਂ ਕਿਉਂ ਕਰੀ।"

ਬੇਨਤੀਆਂ, ਨਿਮਰਤਾ ਦੇ ਬਚਨ ਕਰਦੇ ਜਾਂਦੇ ਨੇ ਪਰ ਮਾਤਾ ਜੀ ਪੂਰੀ ਸ਼ਰਧਾ ਵਿਚ ਨੇ। ਬਾਬਾ ਜੀ ਇਕ ਦਰਖਤ

(ਬਾਕੀ ਪੰਨਾ 54 ਤੇ)

ਰਹੀ ਕਿਨਾਰੇ ਬੈਠ

ਡਾ. ਕੁਲਦੀਪ ਸਿੰਘ

ਜ਼ਿੰਦਗੀ ਦੇ ਭੰਵਰਾਂ ਵਿਚ ਫਸੇ ਮਨੁੱਖ ਅੰਦਰ ਪ੍ਰਭੂ ਮਿਲਣ ਦੀ ਜਗਿਆਸਾ ਉਠੀ। ਉਸ ਨੇ ਨਿਸ਼ਚਾ ਕਰ ਲਿਆ ਕਿ ਉਹ ਇਹ ਜੰਜੀਰਾਂ ਤੋੜ ਕੇ ਹੀ ਦਮ ਲਵੇਗਾ। ਬਹੁਤ ਵਾਰੀ ਉਸ ਨੇ ਇਹ ਸਰਵਣ ਕੀਤਾ ਹੋਇਆ ਸੀ ਕਿ ਪੂਰੇ ਗੁਰਾਂ ਤੋਂ ਬਗੈਰ ਕੋਈ ਛੁਟਕਾਰਾ ਨਹੀਂ। ਉਸ ਨੇ ਗੁਰੂ ਲੱਭਣ ਦੀ ਤਿਆਰੀ ਕਰ ਲਈ। ਕਾਰੋਬਾਰ ਨੂੰ ਸੰਕੋਚਦਾ ਹੋਇਆ ਘਰੋਂ ਤੁਰ ਪਿਆ। ਪਿੰਡ ਦੀ ਜੂਹ ਤੇ ਇਕ ਦਰਖਤ ਹੇਠਾਂ ਧਾਰਮਕ ਪੁਰਖ ਦਿਖਾਈ ਦਿਤਾ। ਉਸ ਕੋਲ ਜਾ ਕੇ ਪੂਰੇ ਗੁਰੂ ਦੀ ਨਿਸ਼ਾਨੀ ਪੁੱਛੀ ਜੋ ਉਸ ਨੂੰ ਪ੍ਰਮੇਸ਼ਰ ਨਾਲ ਮਿਲਾ ਦੇਵੇ। ਉਸ ਸਹਿਜ ਸਮਾਧ-ਸਥਿਤ ਪੁਰਖ ਨੇ ਦੱਸਿਆ ਕਿ ਉਹ ਇਕ ਬਰਗਦ ਦੇ ਪੇੜ ਹੇਠਾਂ ਮਿਲੇਗਾ। ਉਸ ਦਰਖਤ ਦੀਆਂ ਟਹਿਣੀਆਂ ਇਸ ਤਰ੍ਹਾਂ ਫੈਲੀਆਂ ਹੋਣਗੀਆਂ। ਉਸ ਗੁਰੂ ਦੇ ਚਿਹਰੇ ਦੇ ਇਸ ਤਰ੍ਹਾਂ ਦੇ ਭਾਵ ਹੋਣਗੇ। ਇਸ ਤਰ੍ਹਾਂ ਹੱਥਾਂ ਦੀ ਅਦਾ ਹੋਵੇਗੀ ਅਤੇ ਇਸ ਤਰ੍ਹਾਂ ਦੇ ਆਸਣ ਵਿਚ ਬੈਠਾ ਹੋਵੇਗਾ।

ਜਗਿਆਸੂ ਉਸ ਦੀ ਭਾਲ ਵਿਚ ਨਿਕਲ ਗਿਆ। 30 ਸਾਲ ਦੁਨੀਆਂ ਦਾ ਕੋਨਾ ਕੋਨਾ ਛਾਣ ਮਾਰਿਆ। ਉਹ ਨਿਸ਼ਾਨੀਆਂ ਵਾਲਾ ਗੁਰੂ ਕਿਤੇ ਨਾ ਮਿਲਿਆ। ਪਰੇਸ਼ਾਨ ਹੋਇਆ ਘਰ ਵਲ ਮੋੜਾ ਪਾ ਲਿਆ, ਪਿੰਡ ਦੀ ਜੂਹ ਤੇ ਉਹੀ ਧਾਰਮਕ ਪੁਰਖ ਸਮਾਧੀ ਵਿਚ ਲੀਨ ਨਜ਼ਰ ਆਏ। ਉਸੇ ਆਸਣ ਵਿਚ ਬੈਠੇ ਸੀ ਜਿਸ ਦਾ ਜ਼ਿਕਰ ਕੀਤਾ ਸੀ। ਦਰਖਤ ਵਲ ਝਾਤ ਮਾਰੀ, ਉਸੇ ਤਰ੍ਹਾਂ ਦੀਆਂ ਟਹਿਣੀਆਂ ਸਨ ਜਿਸ ਤਰ੍ਹਾਂ ਦਾ ਵਖਿਆਨ ਕੀਤਾ ਸੀ। ਕੋਲ ਆ ਕੇ ਚਰਨਾਂ ਵਿਚ ਨਮਸ਼ਕਾਰ ਕੀਤੀ ਅਤੇ ਪੁਛਿਆ ਕਿ ਕਿਤੇ ਤੁਸੀਂ ਉਹੀ ਤਾਂ ਨਹੀਂ। ਤੁਸੀਂ ਮੈਨੂੰ ਕਿਉਂ 30 ਸਾਲ ਭਰਮਾਇਆ।

ਮੈਂ ਪੂਰੀ ਦੁਨੀਆਂ ਦੀ ਖਾਕ ਛਾਣ ਮਾਰ ਆਇਆ। ਇਹ ਤੁਸੀਂ ਕਿਉਂ ਕੀਤਾ? ਮਹਾਤਮਾ ਬੋਲੇ, ਮੈਂ ਵੀ 30 ਸਾਲ ਤੋਂ ਇਥੇ ਉਸੇ ਤਰ੍ਹਾਂ ਬੈਠਾ ਤੇਰਾ ਇੰਤਜ਼ਾਰ ਕਰਦਾ ਰਿਹਾ। ਤੂੰ ਉਦੋਂ ਐਨੀ ਕਾਹਲ ਵਿਚ ਸੀ ਕਿ ਤੂੰ ਕਿਧਰੇ ਹੋਰ ਦੇਖ ਰਿਹਾ ਸੀ। ਮੈਂ ਤੈਨੂੰ ਸਾਰੀਆਂ ਨਿਸ਼ਾਨੀਆਂ ਦਸ ਰਿਹਾ ਸੀ ਪਰ ਤੇਰੀ ਨਜ਼ਰ ਕਿਤੇ ਹੋਰ ਸੀ। ਇਹ ਤਾਂ ਸ਼ੁਕਰ ਹੈ ਕਿ ਤੂੰ ਮੇਰੇ ਸਰੀਰ ਦੇ ਰਹਿੰਦੇ ਰਹਿੰਦੇ ਆ ਗਿਆ, ਜੇ ਮੈਂ ਚੜ੍ਹਾਈ ਕਰ ਗਿਆ ਹੁੰਦਾ ਤਾਂ ਫਿਰ ਕੀ ਹੁੰਦਾ?

ਮੈਨੂੰ ਵੀ ਇਹ ਘਟਨਾ ਆਪਣੇ ਨਾਲ ਜਾਪਦੀ ਸੱਚ ਪ੍ਰਤੀਤ ਦਿੰਦੀ ਹੈ। ਕਿੰਨੇ ਭੁੱਲੇ ਹੋਏ ਹਾਂ, ਕਿਤਨੇ ਅਣਜਾਣ ਹਾਂ। ਟੈਗੋਰ ਦੀ ਇਕ ਕਹਾਣੀ ਬੜੀ ਪਿਆਰੀ ਹੈ ਕਿ ਉਸਨੂੰ ਰੱਬ ਦੀ ਭਾਲ ਸੀ। ਭਾਲਦਾ ਭਾਲਦਾ ਰੱਬ ਦੇ ਘਰ ਮੂਹਰੇ ਪਹੁੰਚ ਗਿਆ। ਘਰ ਦੇ ਬਾਹਰ ਤਖਤੀ ਵੀ ਪੜ੍ਹ ਲਈ ਜਿਸ ਤੋਂ ਪੱਕਾ ਯਕੀਨ ਹੁੰਦਾ ਸੀ ਕਿ ਰੱਬ ਇਥੇ ਵਸਦਾ ਹੈ। ਉਹ ਲਿਖਦਾ ਹੈ ਕਿ ਦਰਵਾਜ਼ਾ ਖੜਕਾਉਣ ਹੀ ਲੱਗਿਆ ਸੀ ਕਿ ਖਿਆਲ ਆ ਗਿਆ ਕਿ ਜੇ ਰੱਬ ਨੂੰ ਹੀ ਮਿਲ ਗਏ ਤਾਂ ਫਿਰ ਜ਼ਿੰਦਗੀ ਵਿਚ ਕਰਨ ਨੂੰ ਕੀ ਰਹਿ ਜਾਵੇਗਾ। ਇਹ ਖਿਆਲ ਆਉਂਦੇ ਹੀ ਮੈਂ ਖੜਕਾਉਣ ਵਾਲੀ ਸੰਗਲ ਪੋਲੇ ਜਿਹੇ ਛੱਡ ਦਿਤੀ ਕਿ ਕਿਤੇ ਖੜਾਕ ਹੀ ਨਾ ਹੋ ਜਾਵੇ। ਪੈਰ ਦੀਆਂ ਜੁੱਤੀਆਂ ਕੱਢ ਕੇ ਫੜ ਲਈਆਂ ਹੱਥ ਵਿਚ ਕਿ ਕਿਤੇ ਜੁੱਤੀ ਦੇ ਖੜਕੇ ਨਾਲ ਰੱਬ ਬਾਹਰ ਮਿਲਣ ਹੀ ਨਾ ਆ ਜਾਵੇ। ਜੁੱਤੀਆਂ ਹੱਥ ਵਿਚ ਫੜ ਕੇ ਉਥੋਂ ਮੈਂ ਬਹੁਤ ਤੇਜ਼ ਰਫਤਾਰ ਨਾਲ ਨੱਠਿਆ। ਅੱਜ ਵੀ ਮੈਂ ਰੱਬ ਦੀ ਭਾਲ ਵਿਚ ਹਾਂ ਪਰ ਉਸ ਦਰਵਾਜ਼ੇ ਵਲ ਕਦੀ ਨਹੀਂ ਜਾਂਦਾ ਜਿਥੇ ਰੱਬ ਰਹਿੰਦਾ ਹੈ। ਮੈਂ ਉਸ ਦਰ ਨੂੰ ਛੱਡ ਬਾਕੀ ਸਭ ਜਗ੍ਹਾ ਉਸ ਨੂੰ ਖੋਜਣ ਵਿਚ ਲੱਗਿਆ ਹੋਇਆ ਹਾਂ।

ਫਰੀਦ ਜੀ ਦਾ ਤਰਲਾ, ਦੁਨੀਆਂ ਨੂੰ ਜਗਾਉਣ ਦਾ ਕਿਉਂ ਬੇਕਾਰ ਚਲਾ ਗਿਆ।

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ॥

ਪੰਨਾ - 1378

ਗੁਰੂ ਪੀਰ ਮਹਾਤਮਾ ਪੂਰੀ ਤਨ ਦੇਹੀ ਨਾਲ ਜਤਨ ਕਰ ਰਹੇ ਹਨ ਕਿ ਮਨੁੱਖ ਨੂੰ ਜਾਗ ਆ ਜਾਵੇ। ਬਹੁਤ ਸੁਣਦੇ ਆ ਰਹੇ ਹਾਂ ਕਿ ਇਕ ਦੀਵਾ ਜਗਦਾ ਹੋਇਆ, ਕਈ ਬੁਝੇ ਦੀਵਿਆਂ ਨੂੰ ਜਲਾ ਸਕਦਾ ਹੈ। ਇਕ ਜਾਗਦਾ ਸੁੱਤਿਆਂ ਨੂੰ ਜਗਾ ਸਕਦਾ ਹੈ ਪਰ ਉਸ ਦਾ ਕੀ ਕੀਤਾ ਜਾ ਸਕਦਾ ਹੈ ਜੋ ਮਚਲਾ ਹੋ ਅੱਖਾਂ ਮੀਟ ਕੇ ਪਿਆ ਹੈ ਜਿਸ ਨੇ ਜਾਣ ਕੇ ਸੌਣ ਦਾ, ਬੇਹੋਸ਼ੀ ਦਾ ਬਹਾਨਾ ਕੀਤਾ ਹੋਇਆ ਹੈ? ਸੁੱਤਾ ਆਦਮੀ ਤਾਂ ਘੜੀ ਦੇ ਅਲਾਰਮ ਤੋਂ ਵੀ ਜਾਗ ਪੈਂਦਾ ਹੈ ਪਰ ਜਿਹੜਾ ਮਚਲਾ ਹੋ ਕੇ ਪਿਆ ਹੈ ਉਸ ਨੂੰ ਕੋਈ ਵੀ ਉਠਾਉਣ ਤੋਂ ਅਸਮਰਥ ਹੈ।

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥

ਪੰਨਾ - 1372

ਅਸੀਂ ਸਤਿਸੰਗ ਵੀ ਕਰਦੇ ਹਾਂ। ਗੁਰਬਾਣੀ ਵੀ ਸੁਣਦੇ ਹਾਂ, ਹਰ ਆਦਮੀ ਪੜ੍ਹਨਾ ਲਿਖਣਾ ਵੀ ਜਾਣ ਗਿਆ। ਪੁਰਾਤਨ ਗੁਰਸਿੱਖਾਂ ਨਾਲੋਂ ਸਾਡੇ ਕੋਲ ਹਜ਼ਾਰਾਂ ਗੁਣਾਂ ਜ਼ਿਆਦਾ ਰੂਹਾਨੀ ਵਿਚਾਰਾਂ ਪੜ੍ਹਨ ਨੂੰ ਮਿਲਦੀਆਂ ਹਨ। ਹੁਣ ਇਹ ਨਹੀਂ ਕਿ ਇਕੋ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਉਹ ਵੀ ਧੀਰਮਲ ਕੋਲ ਅਤੇ ਦੇਣ ਤੋਂ ਨਾਹ ਕਰ ਰਿਹਾ ਹੈ। ਮੋਟਰ ਗੱਡੀਆਂ ਦਾ ਜਮਾਨਾ ਹੈ, ਦਰਸ਼ਨ ਪਰਸਨ ਬਹੁਤ ਸੁਖਾਲੇ ਹਨ। ਇਲੈਕਟ੍ਰਾਨਿਕ ਮੀਡੀਆ ਹੈ, ਘਰ ਬੈਠੇ ਗੁਰੂ ਦੇ ਨਾਲ ਬੋਲ, ਵਿਚਾਰ ਕੀਤੇ ਜਾ ਸਕਦੇ ਹਨ। ਗੁਰੂ ਦੀ ਬਾਣੀ ਵੀਡੀਓ ਕੈਸਟਾਂ ਵਿਚ ਸਰਵਣ ਨੂੰ ਮਿਲਦੀ ਹੈ। ਅੱਜ ਜਿੰਨਾਂ ਧਾਰਮਕ ਪ੍ਰਚਾਰ ਪਹਿਲਾਂ ਕਦੇ ਵੀ ਨਹੀਂ ਹੋਇਆ। ਫਿਰ ਸਾਡੇ ਅੰਦਰ ਬੇਚੈਨੀ ਕਿਉਂ? ਕਿਉਂ ਸਾਡਾ ਹਿਰਦਾ ਹਾਲੇ ਤਕ ਸ਼ਾਂਤ ਨਹੀਂ ਹੋਇਆ? ਸਾਡੇ ਅੰਦਰ ਉਸ ਦਾ ਵਾਸ ਪ੍ਰਗਟ ਕਿਉਂ ਨਹੀਂ

ਹੋਇਆ ਜਿਸ ਦੀ ਜਨਮਾਂ ਜਨਮਾਂ ਤੋਂ ਖੋਜ ਚਲ ਰਹੀ ਹੈ।

ਮੈਨੂੰ ਤਾਂ ਇਹ ਜਾਪਣ ਲਗ ਪਿਆ ਹੈ ਕਿ ਅਸੀਂ ਵੀ ਰੱਬ ਦੇ ਦਰ ਨੂੰ ਛੱਡ ਬਾਕੀ ਸਭ ਜਗ੍ਹਾ ਤੇ ਉਸ ਦੀ ਭਾਲ ਕਰ ਰਹੇ ਹਾਂ। ਭਾਲ ਕਰਨ ਨਾਲ ਧਾਰਮਕ ਭੇਖ ਬਣਿਆ ਰਹਿੰਦਾ ਹੈ ਅਤੇ ਵਾਸ਼ਨਾਵਾਂ ਦੀ ਪੂਰਤੀ ਵਿਚ ਮਨ ਲੀਨ ਰਹਿੰਦਾ ਹੈ। ਰੱਬ ਦਾ ਦਰ ਅਸੀਂ ਇਕ ਹਸਪਤਾਲ ਜਾਂ ਰੋਜ਼ਗਾਰ ਦੇ ਦਫਤਰ (employment exchange) ਦੀ ਤਰ੍ਹਾਂ ਇਸਤੇਮਾਲ ਕਰਦੇ ਹਾਂ ਕਿ ਇਹ ਬਿਮਾਰੀ ਠੀਕ ਹੋ ਜਾਵੇ ਜਾਂ ਇਹ ਕਾਰੋਬਾਰ ਬਣ ਜਾਵੇ। ਜਿਸ ਦਰ ਤੇ ਜਾ ਕੇ ਇਨ੍ਹਾਂ ਬਿਮਾਰੀਆਂ ਨੂੰ ਜਨਮ ਦੇਣ ਵਾਲਾ, ਵਾਸ਼ਨਾਵਾਂ ਨੂੰ ਜਨਮ ਦੇਣ ਵਾਲਾ ਹੀ ਜੜ੍ਹੋਂ ਪੁੱਟਿਆ ਜਾ ਸਕਦਾ ਹੈ ਉਸ ਨੂੰ ਅਸੀਂ ਬਚਾਈ ਰਖਦੇ ਹਾਂ। ਇਸ ਕਰਕੇ ਹਰ ਜਨਮ ਜੂਨੀ ਵਿਚ ਦੁਖ ਭੋਗਦੇ ਰਹਿੰਦੇ ਹਾਂ।

ਕੀ ਕਾਰਨ ਹੈ ਕਿ ਅਸੀਂ ਅੱਧਮਰੀ ਜ਼ਿੰਦਗੀ ਹੀ ਜੀ ਕੇ ਤੁਰ ਜਾਂਦੇ ਹਾਂ। ਮਨੁੱਖਤਾਈ ਹਮੇਸ਼ਾ ਗਲਤ ਸਵਾਲ ਪੁਛਦੀ ਰਹੀ ਕਿ ਮਰਨ ਤੋਂ ਬਾਅਦ ਜੀਵ ਦਾ ਕੀ ਹੁੰਦਾ ਹੈ? ਆਓ, ਅਸੀਂ ਅੱਜ ਇਕ ਨਵਾਂ ਸਵਾਲ ਪੈਦਾ ਕਰੀਏ ਕਿ ਜੰਮਣ ਤੋਂ ਬਾਅਦ ਜੀਵਨ ਕਿਸ ਤਰ੍ਹਾਂ ਦਾ ਹੁੰਦਾ ਹੈ। ਜੇ ਅਸੀਂ ਜੀਣ ਦੀ ਜੁਗਤ ਸਿੱਖ ਲਈਏ ਤਾਂ ਮਰਨ ਤੋਂ ਬਾਅਦ ਕੀ ਹੁੰਦਾ ਹੈ ਇਹ ਸਵਾਲ ਹੀ ਮੁੱਕ ਜਾਂਦਾ ਹੈ।

ਦੇਹੀ ਮਾਟੀ ਬੋਲੈ ਪਉਣੁ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ ਪੰਨਾ - 152

ਇਸ ਗੱਲ ਦੀ ਸੋਝੀ ਆ ਜਾਵੇਗੀ ਕਿ ਕੌਣ ਜੀਂਦਾ ਹੈ ਅਤੇ ਕੌਣ ਮਰਦਾ ਹੈ। ਸਾਨੂੰ ਜੀਣ ਦੀ ਜੁਗਤ ਨਾ ਪਤਾ ਹੋਣ ਕਰਕੇ ਹੀ ਅਸੀਂ ਅੱਧਮਰੇ, ਬਿਨਾਂ ਖੁਸ਼ੀ ਖੇੜੇ, ਉਦਾਸ ਜਿਹਾ ਜੀਵਨ ਸਫਰ ਪੂਰਾ ਕਰ ਅਗਲੇ ਪੜਾਅ (ਸਟੇਸ਼ਨ) ਤੇ ਪਹੁੰਚ ਜਾਂਦੇ ਹਾਂ।

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥
ਪੰਨਾ - 466

ਸਾਰਾ ਸੰਸਾਰ ਇਸ ਰੋਗ ਨਾਲ ਪੀੜਤ ਹੈ।

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਪੰਨਾ - 1140

ਕਹਿੰਦੇ ਹਨ ਕਿ ਕੁਛ ਸਾਲ ਪਹਿਲਾਂ ਅਫਰੀਕਾ ਵਿਚ ਇਕ ਕਬੀਲਾ ਮਿਲਿਆ ਜਿਥੇ ਸਭ ਨੂੰ ਪੀਲੀਆ ਹੋਇਆ ਹੋਇਆ ਸੀ। ਮੱਛਰ ਐਨਾ ਸੀ ਕਿ ਬੱਚਾ ਪੈਦਾ ਹੁੰਦਾ, ਮੱਛਰ ਕੱਟਣ ਨਾਲ ਮਲੇਰੀਆ ਅਤੇ ਬੁਖਾਰ ਨਾ ਟੁੱਟਣ ਕਰਕੇ ਖੂਨ ਦੀ ਘਾਟ ਕਰਕੇ ਪੀਲੀਆ ਹੋ ਜਾਂਦਾ। ਉਨ੍ਹਾਂ ਲੋਕਾਂ ਨੇ ਉਸ ਪੀਲੀਏ ਨੂੰ, ਉਸ ਅੱਧਮਰੇ ਜੀਵਨ ਨੂੰ ਹੀ ਸਹਿਜ ਜੀਵਨ ਸਮਝ ਲਿਆ। ਅਚਾਨਕ ਦੂਸਰੇ ਦੇਸ਼ ਦੀ ਮੈਡੀਕਲ ਟੀਮ ਉਸ ਕਬੀਲੇ ਵਿਚ ਪਹੁੰਚੀ ਅਤੇ ਲੋਕਾਂ ਦੀ ਹਾਲਤ ਦੇਖੀ। ਮਲੇਰੀਆ ਬਿਮਾਰੀ ਦਾ ਇਲਾਜ ਕੀਤਾ ਤਾਂ ਲੋਕਾਂ ਨੂੰ ਨਰੋਆ ਜੀਵਨ ਮਿਲਿਆ।

ਅਸੀਂ ਵੀ ਹਉਮੈ ਰੋਗ ਵਿਚ ਜੀਵਨ ਗੁਜ਼ਾਰ ਰਹੇ ਹਾਂ। ਦੁੱਖ ਸੁਖ ਦੀਆਂ ਲਹਿਰਾਂ ਨੂੰ ਹੀ ਜੀਵਨ ਸਮਝੀ ਬੈਠੇ ਹਾਂ। ਇਕ ਸੁਪਨੇ ਦੀ ਦੁਨੀਆਂ ਵਿਚ ਮਾਇਆ ਦੇ ਪ੍ਰਭਾਵ ਹੇਠ ਨਾਚ ਨੱਚ ਰਹੇ ਹਾਂ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥
ਪੰਨਾ - 487

ਮਨੁੱਖ ਜਿਤਨੀ ਖੁਸ਼ੀ ਖੇੜੇ ਅਤੇ ਅਨੰਦ ਨਾਲ ਜੀ ਸਕਦਾ ਹੈ ਅਸੀਂ ਉਸ ਦਾ ਇਕ ਫੀ ਸਦੀ ਨਹੀਂ ਜੀ ਰਹੇ। ਆਪਣੇ ਸੰਗਲ ਆਪੇ ਹੀ ਪਾਏ ਹੋਏ ਹਨ। ਉਤੋਂ ਦਿਖਣ ਨੂੰ ਵੱਡੇ ਵੱਡੇ ਲੋਕ ਲਗਦੇ ਹਾਂ ਪਰ ਚਿੰਤਾ ਨਾਲ ਗ੍ਰਸਤ ਹਾਂ।

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥
ਪੰਨਾ - 464

ਇਸ ਰੋਗ ਨੂੰ ਕੱਟਣ ਲਈ ਅਣਡਿੱਠ ਮੰਡਲ ਤੋਂ ਸਤਿਗੁਰੂ ਜੋਗੀ ਆਉਂਦੇ ਹਨ। ਪਰ ਉਨ੍ਹਾਂ ਦੀ ਗੱਲ ਕਿਉਂ ਸਮਝ ਨਹੀਂ ਆਉਂਦੀ? ਜਿਸ ਆਸ਼ੇ ਨਾਲ, ਜਿਸ ਪਰਉਪਕਾਰ ਵਸ ਉਹ ਜੀਵ ਨੂੰ ਛੁਡਾਉਣ ਦੀ ਕੋਸ਼ਿਸ਼ ਕਰਦੇ ਹਨ। ਹਰ ਹੋ ਚੁੱਕੇ ਮਹਾਤਮਾ ਦੀ ਤਸੀਰ ਵਿਚੋਂ ਮੈਨੂੰ ਇਹ ਸ਼ਬਦ ਸੁਣਾਈ ਦਿੰਦੇ ਹਨ –

'ਸੁਣ ਸਕੋ ਤਾਂ ਸੁਣੋ
ਥੋੜ੍ਹੀ ਦੇਰ ਹੋਰ ਪੁਕਾਰਾਂਗਾ, ਫਿਰ ਚਲਾ ਜਾਵਾਂਗਾ।'

ਆਪਣੇ ਜੀਵਨ ਵਿਚ ਮਹਾਤਮਾ ਆਸ ਨਹੀਂ ਛੱਡਦੇ। ਹਮੇਸ਼ਾ ਉਡੀਕ ਵਿਚ ਰਹਿੰਦੇ ਹਨ ਕਿ ਕੋਈ ਹੁਣ ਪਿਆਰਾ ਆਵੇਗਾ। ਉਹ ਬੇਸ਼ਕ ਘੋੜੇ ਤੇ ਹੋਵੇ ਆਪ ਘੋੜੇ ਦੀਆਂ ਵਾਗਾਂ ਫੜ ਰਾਹ ਦਰਸਾ ਦਿੰਦੇ ਹਨ। ਮਹਾਤਮਾ ਵੀ ਹੁਕਮ ਦੇ ਬੰਨ੍ਹੇ ਹੋਏ ਹਨ।

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥
ਪੰਨਾ - 1365

ਰੱਬ ਵਾਂਗ ਮਹਾਤਮਾ ਵੀ ਆਸ ਨਹੀਂ ਛੱਡਦੇ।

ਹਰ ਰੋਜ਼ ਨਵਾਂ ਬੱਚਾ ਪੈਦਾ ਹੁੰਦਾ ਹੈ ਜੋ ਇਹ ਰੱਬ ਦੀ ਇਕ ਆਸ ਪ੍ਰਗਟਾਉਂਦਾ ਹੈ ਕਿ ਸ਼ਾਇਦ ਇਹ ਪੂਰਾ ਨਿਕਲ ਆਵੇ। ਕੀ ਕਾਰਣ ਹੈ ਅਸੀਂ ਮਨੁੱਖ ਜਨਮ ਵੀ ਲਿਆ, ਗੁਰਸਿੱਖੀ ਵੀ ਮਿਲੀ, ਸਤਿਸੰਗ ਵੀ ਮਿਲਿਆ ਪਰ ਜਿਸ ਵਖਰ ਨੂੰ ਲੈਣ ਆਏ ਹਾਂ ਉਹ ਨਹੀਂ ਪ੍ਰਾਪਤ ਕੀਤਾ।

ਕਬੀਰ ਜਿਨ ਖੋਜਿਓ ਤਿਨ ਪਾਇਓ ਗਹਿਰੇ ਪਾਣੀ ਬੈਠ।
ਮੈ ਬਾਵਰੀ ਖੋਜਣ ਗਈ ਰਹੀ ਕਿਨਾਰੇ ਬੈਠ।

L L L L L L

ਸਨੇਹੀਆਂ ਦਾ ਪੰਨਾ

ਵਲੋਂ (ਸੰਤ) 'ਵਰਿਆਮ ਸਿੰਘ' ਚੇਅਰਮੈਨ

ਜਦੋਂ ਅਕਤੂਬਰ 2000 ਦਾ ਮੈਗਜ਼ੀਨ ਆਪ ਤੀਕਰ ਪਹੁੰਚੇਗਾ ਉਸ ਸਮੇਂ ਦਸਵਾਂ ਗੁਰਮਤਿ ਸਮਾਗਮ ਰਤਵਾੜਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੋਵੇਗਾ। ਇਸ ਵਾਰੀ ਦੇਸ਼ਾਂ ਵਿਦੇਸ਼ਾਂ ਤੋਂ ਪ੍ਰੀਤਵਾਨ ਪ੍ਰੇਮੀ ਸੰਗਤਾਂ ਦੇ ਰੂਪ ਵਿਚ ਰਤਵਾੜਾ ਸਾਹਿਬ ਪਹੁੰਚ ਕੇ ਪਰਸਪਰ ਦਰਸ਼ਨ ਦੇ ਰਹੇ ਅਤੇ ਕਰ ਰਹੇ ਹੋਣਗੇ। ਇਸ ਵਾਰੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਜਰਮਨੀ, ਅਰਬ ਦੇਸ਼ਾਂ ਤੋਂ ਆਤਮ ਮਾਰਗ ਦੇ ਸੈਂਕੜੇ ਲਾਈਫ ਮੈਂਬਰਾਂ ਦੇ ਦਰਸ਼ਨ ਕਰਕੇ ਇਕ ਨਵਾਂ ਉਤਸ਼ਾਹ ਅਤੇ ਪਿਆਰ ਝਰਨ੍ਹਾਟਾਂ ਦਿੰਦੀਆਂ ਮਿਲਣੀਆਂ ਦੇ ਰੂਪ ਵਿਚ ਆਨੰਦਤ ਕਰੇਗਾ। ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਰਤਵਾੜਾ ਸਾਹਿਬ ਪਹੁੰਚਣ ਵਾਲੀਆਂ ਸੰਗਤਾਂ ਦੇ ਅੰਗ ਸੰਗ ਹੋ ਕੇ ਸਹਾਇਤਾ ਕਰਨ ਅਤੇ ਸਭਨਾਂ ਵਿਘਨਾਂ ਤੋਂ ਬਚਾ ਕੇ ਤੰਦਰੁਸਤੀ ਬਖਸ਼ਣ। ਇਸ ਵਾਰੀ ਹੋਰਨਾਂ ਮਹਾਂਪੁਰਸ਼ਾਂ ਵਿਦਵਾਨਾਂ ਤੋਂ ਇਲਾਵਾ ਡਾ. ਸੁਆਮੀ ਵੇਦ ਭਾਰਤੀ ਜੀ ਡੀ. ਲਿਟ, ਡਾ. ਸੁਆਮੀ ਰਾਮ ਜੀ ਹਿਮਾਲੀਅਨ ਇੰਸਟੀਚਿਊਟ ਦੀ ਨੁਮਾਇੰਦਗੀ ਕਰਨ ਲਈ ਲੰਡਨ ਵਿਚ ਚਲ ਰਹੇ ਆਪਣੇ ਪ੍ਰੋਗਰਾਮ ਨੂੰ ਵਿਚਾਲੇ ਹੀ ਛੱਡ ਕੇ ਪਹੁੰਚ ਰਹੇ ਹਨ। ਸੁਆਮੀ ਅਨੰਦ ਜੀ ਇਸੇ ਸੰਪਰਦਾਇ ਦੇ ਜਗਤ ਪ੍ਰਸਿੱਧ ਸਾਧੂ ਹਨ ਅਤੇ ਜਿਨ੍ਹਾਂ ਨੇ ਹਿਮਾਲੀਆ ਪਰਬਤ ਦੀਆਂ ਬਰਫਾਨੀ ਪਹਾੜੀਆਂ ਤੇ ਤਪਾਂ ਜਪਾਂ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ, ਉਹ ਭੀ ਸਮਾਗਮ ਦੇ ਦੌਰਾਨ ਰਤਵਾੜਾ ਸਾਹਿਬ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕਰਨਗੇ। ਇਨ੍ਹਾਂ ਤੋਂ ਇਲਾਵਾ ਬੀਬੀ ਪ੍ਰੀਤਮ ਜੋਤੀ ਜੀ ਅੰਮ੍ਰਿਤਸਰ ਵਾਲੇ ਸਮਾਗਮ ਦੇ ਚਾਰ ਦਿਨਾਂ ਵਿਚ ਆਪਣੇ ਵੀਚਾਰ ਸਰਵਣ ਕਰਾ ਰਹੇ ਹੋਣਗੇ। ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਸੰਪਰਦਾਇ ਰਾੜਾ ਸਾਹਿਬ ਅਤੇ ਸੰਤ ਕਲਿਆਣ ਦਾਸ ਸਿੰਘ ਜੀ ਆਨੰਦਪੁਰੀ, ਪਰਮ ਸੰਤ ਬ੍ਰਹਮਗਿਆਨੀ ਸ੍ਰੀ 108 ਸੰਤ ਜੁਆਲਾ ਸਿੰਘ ਜੀ ਹਰਖੋਵਾਲ ਵਾਲਿਆਂ ਤੋਂ ਵਰੋਸਾਏ ਹੋਏ, ਆਪਣੇ ਜੀਵਨ ਭਰ ਦੇ ਰੂਹਾਨੀ ਵੀਚਾਰਾਂ ਨਾਲ ਸਾਂਝ ਪਾ ਰਹੇ ਹੋਣਗੇ। ਇਨ੍ਹਾਂ ਤੋਂ ਇਲਾਵਾ ਸੰਤ ਮਹਿੰਦਰ ਸਿੰਘ ਜੀ ਖੰਨੇ ਵਾਲੇ, ਸੰਤ ਭੂਪਿੰਦਰ ਸਿੰਘ ਜੀ ਜਰਗ ਵਾਲੇ, ਬ੍ਰਹਮਗਿਆਨੀ ਪਰਮ ਸੰਤ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਵਰੋਸਾਇ ਹੋਏ ਅਤੇ ਸੰਤ ਬਲਵੰਤ ਸਿੰਘ ਜੀ, ਸੰਤ ਜਸਵੰਤ ਸਿੰਘ ਜੀ ਅਤੇ ਸੰਤ ਨਿਧਾਨ ਸਿੰਘ ਜੀ ਰਾੜੇ ਸਾਹਿਬ ਵਾਲੇ ਦਰਸ਼ਨ ਦੇ ਰਹੇ ਹੋਣਗੇ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਦੇ ਦਰਸ਼ਨ ਕਰਦੇ ਵੀਚਾਰ ਸੁਣ ਰਹੇ ਹੋਵਾਂਗੇ। ਇਹ ਸਮਾਂ ਅਤਿ ਦੁਰਲੱਭ ਹੈ ਜੋ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਦੇ ਸਦਕੇ ਪ੍ਰਾਪਤ ਹੋਇਆ ਹੈ।

ਸਮਾਗਮ ਦੀ ਕਾਰਵਾਈ ਬਾਰੇ ਆਤਮ ਮਾਰਗ ਦੇ ਮੈਂਬਰਾਂ ਨੂੰ ਨਵੰਬਰ 2000 ਦੇ ਮੈਗਜ਼ੀਨ ਵਿਚ ਪੂਰੀ ਕਾਰਵਾਈ ਦੀ ਸੂਚਨਾ ਦਿਤੀ ਜਾਵੇਗੀ।

'ਆਤਮ ਮਾਰਗ' ਦੀ ਸਾਂਝ ਸਾਰੇ ਸੰਸਾਰ ਵਿਚ ਪੈ ਚੁਕੀ ਹੈ। ਇਹ ਮੈਗਜ਼ੀਨ ਗੁਰਬਾਣੀ ਦੇ ਚਾਨਣ ਵਿਚ ਸਾਰੇ ਧਰਮਾਂ ਨਾਲ ਗੁੱਝੀਆਂ ਸਾਂਝਾ ਪਾਉਂਦਾ ਗੁਰਮਤਿ ਅਨੁਸਾਰ ਸੂਝ ਦਿੰਦਾ ਦ੍ਰਿੜ੍ਹਤਾ ਨਾਲ ਅੱਗੇ ਵਧ ਰਿਹਾ ਹੈ। ਇਸਨੂੰ ਹਰ ਵਰਗ ਦੇ ਵਿਦਵਾਨਾਂ ਨੇ ਅਪਨਾਇਆ ਹੈ ਕਿਉਂਕਿ ਇਹ 'ਸਭੇ ਸਾਂਝੀਵਾਲ' ਦੇ ਅਤੇ ਸਰਬ ਧਰਮਾਂ ਦੇ ਸਤਿ ਸਿਧਾਂਤਾਂ ਨੂੰ, ਗੁਰਮਤਿ ਦੇ ਪ੍ਰਕਾਸ਼ ਵਿਚ ਅਪਨਾਅ ਰਿਹਾ ਹੈ। ਡਾ. ਸੁਆਮੀ ਰਾਮ ਜੀ ਦੇ ਵੀਚਾਰ ਪੂਰਵਕ ਲੇਖ ਗੀਤਾ ਦੇ ਗੂੜ੍ਹ ਰਹੱਸ ਨੂੰ ਆਮ ਪਾਠਕਾਂ ਤਕ ਪਹੁੰਚਾ ਰਹੇ ਹਨ। ਇਸੇ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੂਰਨ ਗੁਰਮਤਿ ਦੇ ਧਾਰਨੀ ਕਰਮ ਯੋਗੀ ਜੀ ਦੇ ਲਿਖੇ ਅਨੁਭਵ 'ਰੰਗਲੇ ਸੱਜਣ' ਦੇ ਰੂਪ ਵਿਚ ਗੁਰਸਿੱਖਾਂ ਦੀਆਂ ਨਾਮ ਕਮਾਈਆਂ ਭਰਪੂਰ ਜੀਵਨਾਂ ਨਾਲ ਸਾਂਝ ਪੁਆ ਰਹੇ ਹਨ। ਉਨ੍ਹਾਂ ਵਲੋਂ ਆਜ਼ਾਦੀ ਸੰਗਰਾਮ ਵਿਚ ਸਹਿਨ ਕੀਤੇ ਅਤਿ ਕਸ਼ਟਾਂ ਦੀਆਂ ਕਥਾਵਾਂ ਭੀ ਅਸੀਂ ਛੇਤੀ ਹੀ ਆਤਮ ਮਾਰਗ ਦੇ ਸਾਥੀਆਂ ਲਈ ਅਤੇ ਬੱਚਿਆਂ ਲਈ ਪ੍ਰੇਰਨਾ ਦਿੰਦੀਆਂ ਨਾਮ ਕਮਾਈ ਦੀਆਂ ਦਿਲ ਖਿੱਚ ਵਾਰਤਾਵਾਂ ਆਤਮ ਮਾਰਗ ਰਾਹੀਂ ਸਾਂਝੀਆਂ ਕਰਾਂਗੇ। ਆਤਮ ਮਾਰਗ ਅਦਾਰੇ ਦਾ ਕਿਸੇ ਮਹਾਂਪੁਰਸ਼, ਸੰਪਰਦਾਇ ਨਾਲ ਕੋਈ ਵਖੇਵਾਂ ਨਹੀਂ ਹੈ, ਸਮੇਂ ਸਮੇਂ ਸਿਰ ਮਹਾਤਮਾ ਬੁੱਧ, ਨਜ਼ਾਮੁਦੀਨ ਔਲੀਆ, ਬੁੱਲੇਸ਼ਾਹ ਸੁਲਤਾਨ ਬਾਹੂ ਜੀ ਆਦਿ ਸੂਫੀ ਸੰਤਾਂ ਦੇ ਵੀਚਾਰ ਛਪਦੇ ਰਹਿੰਦੇ ਹਨ।

ਸੰਤ ਮਹਾਰਾਜ ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਨਿਜੀ ਅਨੁਭਵ ਭੀ ਵਿਆਖਿਆ ਸਹਿਤ ਆਤਮ ਮਾਰਗ ਦਾ ਪ੍ਰਸੰਸਾਦਾਇਕ ਸ਼ਿੰਗਾਰ ਬਣਦੇ ਹਨ।

1998 ਜਨਵਰੀ ਤੋਂ ਮੈਨੂੰ ਸਰੀਰਕ ਕਸ਼ਟ ਸਹਿਣਾ ਪੈ ਰਿਹਾ ਸੀ। By pass ਸਰਜਰੀ ਭੀ ਹੋਈ ਅਤੇ ਇਕ ਗਿਲਟੀ ਦਾ ਇਲਾਜ ਇੰਗਲੈਂਡ ਵਿਚ ਕਰਾਇਆ। ਹੁਣ ਵਾਹਿਗੁਰੂ ਜੀ ਨੇ ਸਰੀਰ ਨੂੰ ਕੰਮ ਕਰਨ ਅਤੇ ਸੇਵਾ ਕਰਨ ਲਈ ਤਤਪਰ ਕਰ ਦਿਤਾ ਹੈ। ਜਿੰਨਾ ਕੁ ਸਮਾਂ ਇਸ ਸੰਸਾਰ ਵਿਚ ਹੋਰ ਮਿਲੇਗਾ, ਸੇਵਾ ਕਰਦਾ ਰਹਾਂਗਾ।

ਆਤਮ ਮਾਰਗ ਭਾਈਚਾਰਾ ਵਿਸ਼ਾਲ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਹ ਇਕ ਟਰੱਸਟ ਰਾਹੀਂ ਚਲਾਇਆ ਜਾ ਰਿਹਾ ਹੈ। ਇਸ ਵਿਚ 25 ਕਰਮਚਾਰੀ pay list (ਤਨਖਾਹ) ਤੇ ਹਨ ਇਨ੍ਹਾਂ ਤੋਂ ਇਲਾਵਾ ਉਚ ਜ਼ਿੰਮੇਵਾਰੀਆਂ ਨਿਭਾਹੁਣ ਵਾਲੇ ਸ੍ਵੈ-ਸੇਵਕਾਂ ਦੀ ਗਿਣਤੀ ਸੈਂਕੜਿਆਂ ਵਿਚ ਸੇਵਾ ਕਰ ਰਹੀ ਹੈ ਜਿਸ ਕਰਕੇ ਇਹ ਮੈਗਜ਼ੀਨ ਬਹੁਤ ਵੱਡੀ ਗਿਣਤੀ ਵਿਚ ਛਪ ਰਿਹਾ ਹੈ ਦੇਸ਼ ਵਿਦੇਸ਼ਾਂ ਵਿਚ ਇਸ ਦੀ ਸਮੇਂ ਸਿਰ ਉਡੀਕ ਬਣੀ ਰਹਿੰਦੀ ਹੈ।

'ਆਤਮ ਮਾਰਗ' ਦੇ ਪਾਂਧੀਆਂ ਨੂੰ ਇਕ ਜਾਇਜ਼ ਖੇਚਲ ਵਲ ਧਿਆਨ ਦਿਵਾਉਣਾ ਚਾਹੁੰਦੇ ਹਾਂ। ਉਹ ਇਹ ਹੈ ਕਿ ਪਾਠਕਾਂ ਵਲੋਂ ਸਮੇਂ ਸਿਰ ਰਿਨੂਅਲ ਨਹੀਂ ਪੁਜਦੀ, ਅਸਾਡੇ ਸ਼ੁਭ ਚਿੰਤਕਾਂ ਨੂੰ ਘਰ ਘਰ ਜਾਣਾ ਪੈਂਦਾ ਹੈ, 30 ਹਜ਼ਾਰ ਪ੍ਰੇਮੀਆਂ

ਨੂੰ ਮਿਲ ਕੇ ਰਿਨੂਅਲ ਇਕੱਠੀ ਕਰਨੀ ਬਹੁਤ ਔਖੀ ਹੈ। ਹਰ ਪਰਚੇ ਤੇ ਪਿਛਲਾ ਚੰਦਾ ਮੁਕਣ ਦੀ ਤਾਰੀਖ ਲਿਖੀ ਹੁੰਦੀ ਹੈ ਪਰ ਬਹੁਤ ਸਾਰੇ ਪਾਠਕ ਆਪਣਾ ਚੰਦਾ ਮੁੱਕਣ ਦੀ ਤਾਰੀਖ ਪੜ੍ਹਨ ਦੀ ਖੇਚਲ ਘੱਟ ਹੀ ਕਰਦੇ ਹਨ। ਅਸੀਂ ਪਰਚਾ ਭੇਜਦੇ ਰਹਿੰਦੇ ਹਾਂ ਕਿਉਂਕਿ ਅਸਾਨੂੰ ਪੂਰਨ ਵਿਸ਼ਵਾਸ਼ ਹੁੰਦਾ ਹੈ ਕਿ ਕਿਸੇ ਕਾਰਨ ਕਰਕੇ ਰਿਨੂਅਲ ਦੀ ਰਕਮ ਭੇਜੀ ਨਹੀਂ ਗਈ ਹੋਣੀ। ਪਿਛਲੇ ਸਾਲਾਂ ਵਿਚ ਅਸੀਂ ਵਿਦੇਸ਼ਾਂ ਵਿਚ ਵਸਣ ਵਾਲੇ ਸਾਥੀਆਂ ਲਈ 15 ਲੱਖ ਰੁਪਏ ਦੇ ਮੈਗਜ਼ੀਨ ਮੁਫਤ ਭੇਜ ਚੁੱਕੇ ਹਾਂ। ਇਹ ਇਕ ਬਹੁਤ ਵੱਡਾ ਘਾਟਾ ਹੈ ਜੋ ਆਤਮ ਮਾਰਗ ਅਦਾਰੇ ਨੂੰ Good faith ਕਰਕੇ ਝੱਲਣਾ ਪਿਆ ਹੈ। ਪਾਠਕਾਂ ਦੀ ਸੁਵਿਧਾ ਲਈ ਕੈਲੇਫੋਰਨੀਆਂ ਸੈਨਹੋਜ਼ੇ ਵਿਚ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਯੂ.ਐਸ.ਏ ਦਾ ਮੁੱਖ ਦਫਤਰ ਹੈ ਉਸਨੂੰ ਚੰਦਾ ਭੇਜਿਆ ਜਾ ਸਕਦਾ ਹੈ। Detroit ਵਿਚ ਸਰਦਾਰ ਹਰਿਪਿੰਦਰ ਸਿੰਘ ਗਿੱਲ 'ਰੂਪੀ'; ਕੈਨੇਡਾ Edminton ਵਿਚ ਸਰਦਾਰ ਅਵਤਾਰ ਸਿੰਘ, ਜਸਵੀਰ ਸਿੰਘ ਸਰੀ, ਅਤੇ ਸਰਦਾਰ ਸਰਮੁਖ ਸਿੰਘ ਪੰਨੂ ਵੈਨਕੂਵਰ ਵਿਖੇ ਅਤੇ ਇੰਗਲੈਂਡ ਸਾਊਥਹਾਲ ਵਿਚ ਸਰਦਾਰ ਅਰਜਨ ਸਿੰਘ ਚੰਨਾ ਅਤੇ ਅਰਵਿੰਦਰ ਸਿੰਘ ਤੱਖਰ, ਅਤੇ ਬੀਬੀ ਸੁਖਦੇਵ ਚੀਮਾ, Lower Sheltor ਸਰਦਾਰ ਸੁਖਜਿੰਦਰ ਸਿੰਘ ਖੇੜਾ, ਬੀਬੀ ਜਸਵੀਰ ਕੌਰ Walsal ਨੂੰ ਚੰਦੇ ਦਿਤੇ ਜਾ ਸਕਦੇ ਹਨ। ਆਸਟ੍ਰੇਲੀਆ ਵਿਚ ਸਰਦਾਰ ਬਲਵਿੰਦਰ ਸਿੰਘ ਚਾਹਲ, ਸਿਡਨੀ ਅਤੇ ਮੈਲੋਬੋਰਨ ਸਰਦਾਰ ਜੀਵਨ ਸਿੰਘ ਜੀ ਰਾਹੀਂ ਚੰਦੇ ਦਿਤੇ ਜਾ ਸਕਦੇ ਹਨ।

ਅਸਾਨੂੰ ਬਹੁਤ ਖੇਦ ਹੁੰਦਾ ਹੈ ਜਦੋਂ ਅਸੀਂ ਕਿਸੇ ਦਾ ਪਰਚਾ ਇਸ ਕਰਕੇ ਬੰਦ ਕਰਦੇ ਹਾਂ ਕਿ ਉਸ ਦਾ ਚੰਦਾ ਨਹੀਂ ਪੁੱਜਿਆ, ਇਸ ਸ਼ੁਭ ਭਾਵਨਾ ਅਧੀਨ ਪਿਛਲੇ ਸਾਲਾਂ ਵਿਚ 15 ਲੱਖ ਰੁਪੈ ਦੀ ਕੀਮਤ ਦੇ ਮੈਗਜ਼ੀਨ ਮੁਫਤ ਭੇਜੇ ਗਏ ਹਨ। ਪੜ੍ਹਨ ਵਾਲਿਆਂ ਦਾ ਫਰਜ਼ ਬਣਦਾ ਹੈ ਕਿ ਉਹ ਖੁਦ ਹੀ ਯਾਦ ਰੱਖਣ ਕਿ ਕਦੋਂ ਰਿਨੂਅਲ ਦੀ ਤਰੀਕ ਹੈ ਜੋ ਹਰ ਐਡਰੈਸ ਦੇ ਨਾਲ ਹੀ ਲਿਖੀ ਹੁੰਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਸ ਅਦਾਰੇ ਦੇ ਲਾਈਫ ਮੈਂਬਰ ਬਣ ਚੁੱਕੇ ਹਨ। ਲਾਈਫ ਮੈਂਬਰਸ਼ਿਪ ਅਸੀਂ ਇਕ ਸਾਲ ਦੀਆਂ ਕਿਸ਼ਤਾਂ ਵਿਚ ਲੈ ਲੈਂਦੇ ਹਾਂ। ਵਿਦੇਸ਼ਾਂ ਲਈ 500 ਡਾਲਰ ਦੀ ਰਕਮ ਹੈ, ਇੰਗਲੈਂਡ ਲਈ 300 ਪੌਂਡ ਹੈ, ਆਪ ਲਈ ਇੰਨੀ ਛੋਟੀ ਰਕਮ ਦੇਣੀ ਕੋਈ ਔਖੀ ਨਹੀਂ। ਵਾਹਿਗੁਰੂ ਜੀ ਦੀ ਕ੍ਰਿਪਾ ਸਹਿਤ ਸਾਰਿਆਂ ਦੇ ਰੁਜ਼ਗਾਰ ਬਹੁਤ ਸੋਹਣੇ ਹਨ। ਤੁਸੀਂ ਲਾਈਫ ਮੈਂਬਰਸ਼ਿਪ ਲੈ ਕੇ ਇਸ ਅਦਾਰੇ ਦੇ ਪੱਕੇ ਮੈਂਬਰ ਬਣ ਕੇ, ਸਾਥੀ ਬਣ ਕੇ ਸਹਿਯੋਗ ਦੇਵੋ। ਆਤਮ ਮਾਰਗ ਦਾ ਇਕ ਪੈਸਾ ਭੀ ਇਸ ਦੇ ਪ੍ਰਬੰਧਕ ਨਹੀਂ ਲੈਂਦੇ, ਆਪਣੇ ਖਰਚ ਤੇ ਸਾਰਾ ਕੰਮ ਦਾਨ ਵਜੋਂ ਅਤੇ ਸੇਵਾ ਭਾਵ ਨਾਲ ਕੀਤਾ ਜਾ ਰਿਹਾ ਹੈ। ਇਸ ਲਈ ਸਾਰੇ ਸਾਥੀਆਂ ਨੂੰ ਬੇਨਤੀ ਹੈ ਕਿ ਲਾਈਫ ਮੈਂਬਰਸ਼ਿਪ ਹਾਸਲ ਕਰਨ ਦਾ ਉਪਰਾਲਾ ਜ਼ਰੂਰ ਕਰੋ। ਦੇਸ਼ ਵਿਚ ਭੀ ਘਰ ਘਰ ਜਾ ਕੇ ਸਾਰੇ ਭਾਰਤ ਵਿਚੋਂ ਚੰਦਾ ਇਕੱਠਾ ਕਰਨਾ ਅਸੰਭਵ ਹੈ। ਆਸ ਹੈ ਕਿ ਆਪ ਜੀ ਅਸਾਡੀ ਮਦਦ ਜ਼ਰੂਰ ਕਰੋਗੇ।

ਸ਼ੁਭ ਕਾਮਨਾਵਾਂ ਸਹਿਤ

ਅਦਾਰਾ ਆਤਮ ਮਾਰਗ

LLLLLL

(ਪੰਨਾ 50 ਦੀ ਬਾਕੀ)

ਥੱਲੇ ਬੈਠ ਗਏ, ਖੇਤ ਵਾਹਿਆ ਹੋਇਆ ਹੈ। ਉਥੇ ਬੈਠ ਕੇ ਮਾਤਾ ਜੀ ਨੇ ਪੋਣਾ ਖੋਲ੍ਹਿਆ, ਦਹੀਂ ਦਾ ਛੰਨਾ ਅੱਗੇ ਰੱਖਿਆ, ਵਿਚ ਮੱਖਣ ਪਾਇਆ, ਪਰਸ਼ਾਦੇ ਹੱਥਾਂ ਤੇ ਰੱਖ ਕੇ ਛਕਣ ਲੱਗੇ। ਜਿਸ ਵਕਤ ਗੋਡੇ ਤੇ ਰੱਖ ਕੇ ਵੱਡਾ ਗੰਢਾ (ਪਿਆਜ) ਭੰਨਿਆ ਤਾਂ ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਉਚਾਰਣ ਹੋਇਆ ਕਿ ਮਾਤਾ ਜੀ! ਐਸਾ ਵਲੀ ਸਾਹਿਬਜਾਦਾ ਆਪ ਦੇ ਘਰ ਪ੍ਰਗਟ ਹੋਏਗਾ, ਵੱਡੇ-ਵੱਡੇ ਆਕੜ ਖਾਂ, ਦੁਸ਼ਟਾਂ ਦੇ ਸਿਰ ਭੰਨੇਗਾ। ਉਹ ਸੇਲੀ ਟੋਪੀ ਨਹੀਂ ਪਹਿਨੇਗਾ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੇਗਾ, ਸੱਚਾ ਪਾਤਿਸ਼ਾਹ ਕਹਾਏਗਾ, ਰਾਜੇ ਉਸ ਦੇ ਅੱਗੇ ਝੁਕਣਗੇ, ਵੱਡੇ ਪ੍ਰਤਾਪ ਵਾਲਾ ਹੋਵੇਗਾ। ਇਕ ਬੁਰਕੀ ਪਾ ਲੈਂਦੇ ਨੇ, ਨਾਲ ਇਕ ਬਚਨ ਕਰ ਦਿੰਦੇ ਨੇ। ਮਾਤਾ ਜੀ ਪ੍ਰਸੰਨ ਹੁੰਦੇ ਜਾਂਦੇ ਨੇ ਕਿ ਇਹ ਸੰਤਾਂ ਦਾ ਬਚਨ ਹੈ ਜੋ ਕਦੇ ਨਾਸ਼ ਨਹੀਂ ਹੋਇਆ ਕਰਦਾ -

ਧਾਰਨਾ - ਭਾਵੇ ਚੰਦਰਮਾ ਨਾਸ਼ ਹੋ ਜਾਵੇ,
ਸੰਤਾਂ ਦਾ ਬੋਲ ਨਾ ਟਲੇ -2, 2.
ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ-2, 2
ਭਾਵੇ ਚੰਦਰਮਾਂ ਨਾਸ਼ ਹੋ ਜਾਵੇ, ...-2, 2.

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥
ਪੰਨਾ - 1204

ਸੋ ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਆਪ ਜੀ ਦੇ ਬਚਨ ਨਾਲ ਹੋਇਆ। ਸੋ ਵਿਚਾਰ ਇਹ ਸੀ ਕਿ 'ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥"

ਧਾਰਨਾ - ਜੇਹਾ ਮਨੋਰਥ ਕਰ ਆਰਾਧੇ,
ਸੋ ਸੰਤਨ ਤੇ ਪਾਵੈ ਜੀ-2, 4.
ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥
ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥
ਪੰਨਾ - 748

ਏਸ ਕਰਕੇ ਅਰਦਾਸ ਹੈ ਕਿ -

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥
ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥
ਪੰਨਾ - 961

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤ ਕਰਦੇ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਭਾਈ, ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

LLLLLL

ਅਮਰ ਕਥਾ

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 17)

ਇਕ ਰਿਸ਼ੀ ਹੋਏ ਹਨ ਉਨ੍ਹਾਂ ਦਾ ਨਾਉਂ ਮਾਂਡਵ ਸੀ। ਉਹ ਤਪ ਬਹੁਤ ਕਰਿਆ ਕਰਦੇ ਸਨ - ਬਾਬਾ ਫਰੀਦ ਜੀ ਵਾਂਗ, ਬਹੁਤ ਤਪੀਏ ਸਨ। ਉਹ ਬੈਠੇ ਸਨ, ਚੋਰ ਚੋਰੀ ਕਰਨ ਜਾਂਦੇ ਸੁੱਖਣਾ ਸੁੱਖ ਗਏ ਉਨ੍ਹਾਂ ਦੀ। ਰਾਜੇ ਦੇ ਚੋਰੀ ਕਰ ਲਈ ਤੇ ਮੁੜਦੇ ਹੋਏ ਕਹਿਣ ਲੱਗੇ ਕਿ ਮਹਾਤਮਾ ਨੂੰ ਕੀ ਦੇਈਏ। ਰਾਣੀ ਦਾ ਹਾਰ ਉਨ੍ਹਾਂ ਦੇ ਗਲ ਵਿਚ ਪਾ ਦਿਤਾ। ਆਪ ਸਮਾਧੀ ਲਾਈ ਬੈਠੇ ਨੇ, ਕੋਈ ਪਤਾ ਨਹੀਂ ਕੀ ਪਾਇਆ ਹੈ, ਕੀ ਨਹੀਂ ਪਾਇਆ। ਰਾਜੇ ਦੇ ਸਿਪਾਹੀ ਆ ਗਏ। ਉਨ੍ਹਾਂ ਨੇ ਫੜ ਲਿਆ। ਉਸੇ ਵੇਲੇ ਹੁਕਮ ਹੋ ਗਿਆ ਕਿ ਚੋਰ ਨੂੰ ਫਾਂਸੀ ਦੇ ਦਿਓ; ਐਡੀ ਜੁਰਤ ਕਿ ਰਾਜੇ ਦੇ ਘਰ ਆ ਕੇ ਚੋਰੀ ਕਰੀ? ਬਥੇਰਾ ਕਿਹਾ ਕਿ ਮੈਂ ਤਾਂ ਤਪੀਆ ਹਾਂ, ਤਪ ਕਰਦਾ ਹਾਂ, ਮਾਂਡਵ ਮੇਰਾ ਨਾਉਂ ਹੈ। ਕਹਿੰਦੇ, ਤੇਰੇ ਕੋਲੋਂ ਮਾਲ-ਏ-ਮਸ਼ਰੂਕਾ ਨਿਕਲਿਆ ਹੈ, ਚੋਰੀ ਦਾ ਮਾਲ ਨਿਕਲਿਆ ਹੈ, ਤੂੰ ਚੋਰ ਹੈਂ। ਸੂਲੀ ਚਾੜ੍ਹ ਦਿਤਾ। ਜਪ ਦੇ ਬਲ ਕਰਕੇ ਮਰਦਾ ਨਹੀਂ ਹੈ, ਲਟਕਦਾ ਹੈ। ਧਰਮਰਾਜ ਦੇ ਕੋਲ ਚਲਿਆ ਗਿਆ। ਜਾ ਕੇ ਕਹਿਣ ਲੱਗਿਆ, ਮੈਂ ਤੁਹਾਨੂੰ ਸਰਾਪ ਦੇਵਾਂਗਾ, ਮੈਂ ਕੀ ਕਰਿਆ ਹੈ, ਮੇਰਾ ਕਸੂਰ ਨਹੀਂ ਤੇ ਮੈਨੂੰ ਐਡਾ ਵੱਡਾ ਦੋਸ਼ ਲਾ ਕੇ ਮੇਰੇ ਨਾਲ ਕੀ ਕਰਿਆ ਹੈ? ਧਰਮਰਾਜ ਕਹਿਣ ਲੱਗਿਆ ਕਿ ਮਹਾਂਪੁਰਸ਼ੋ, ਮੇਰੇ ਵਿਚ ਇਹ ਤਾਕਤ ਨਹੀਂ ਕਿ ਮੈਂ ਬੇਦੋਸ਼ ਨੂੰ ਕੋਈ ਸਜ਼ਾ ਦੇਵਾਂ। ਇਹ ਪਾਰਬ੍ਰਹਮ ਪਰਮੇਸ਼ਰ ਦਾ ਨਿਯਮ ਹੈ। ਉਸ ਨਿਯਮ ਦੇ ਮੁਤਾਬਿਕ ਤੁਸੀਂ ਕਰਮ ਕਰਦੇ ਹੋ। ਦੁਨੀਆਂ ਦੇ ਲੋਕਾਂ ਨੂੰ, ਉਨ੍ਹਾਂ ਦੇ ਕਰਮਾਂ ਦਾ ਫਲ ਕੁਛ ਉਥੇ ਭੁਗਤਾ ਦਿਤਾ ਜਾਂਦਾ ਹੈ, ਕੁਛ ਬਾਕੀ ਦਾ ਰਹਿੰਦਾ ਏਥੇ ਭੁਗਤਾ ਦਿੰਦੇ ਹਾਂ। ਸੋ ਜੋ ਕਰਮ ਨੇ, ਉਨ੍ਹਾਂ ਬਾਰੇ ਜੋ ਪਰਮੇਸ਼ਰ ਦਾ ਹੁਕਮ ਹੈ, ਉਸ ਮੁਤਾਬਿਕ ਹੀ ਵਰਤੋਂ ਹੋ ਰਹੀ ਹੈ। ਉਸ ਦਾ ਮੈਨੂੰ ਦੋਸ਼ ਨਾ ਦੇ -

ਧਾਰਨਾ - ਫਲ ਦਿੱਤਿਆਂ ਬਾਝ ਨਾ ਜਾਣਾ,
ਫਲ ਦਿੱਤਿਆਂ,
ਫਲ ਦਿੱਤਿਆਂ ਬਾਝ ਨਾ ਜਾਣਾ,
ਤੇਰਿਆਂ ਕਰਮਾਂ ਨੇ ਬੰਦਿਆ, ਬੰਦਿਆ,
ਤੇਰਿਆਂ ਕਰਮਾਂ ਨੇ, ਫਲ ਦਿੱਤਿਆਂ......-2.

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਪੰਨਾ - 433

ਕਹਿੰਦਾ, "ਮਹਾਂਪੁਰਸ਼ੋ! ਮੈਂ ਕੁਛ ਨਹੀਂ ਕਰਦਾ।" ਰਿਸ਼ੀ ਕਹਿਣ ਲੱਗਿਆ, "ਫੇਰ ਮੈਂ ਕੀ ਕਰਿਆ ਹੈ?"

ਕਹਿਣ ਲੱਗੇ, "ਪਿਛਲੇ ਜਨਮ 'ਚ ਤੂੰ ਚਾਰ ਸਾਲ ਦਾ ਸੀ ਤੇ ਤੇਰੇ ਹੱਥ ਵਿਚ ਅੱਕ ਦਾ ਟਿੱਡਾ ਆ ਗਿਆ, ਤੂੰ ਸੂਲ ਲਈ ਤੇ ਉਸਦੇ ਪੇਟ ਵਿਚੋਂ ਸਾਰ ਪਾਰ ਕੱਢ ਦਿਤੀ, ਤੇ ਉਸ ਟਿੱਡੇ ਨੇ ਤੜਪ-ਤੜਪ ਕੇ ਜਾਨ ਦਿਤੀ। ਉਸ ਦਾ ਬਦਲਾ ਹੈ ਇਹ ਕਿ ਤੈਨੂੰ ਇਸ ਜਨਮ ਦੇ ਅੰਦਰ ਸੂਲੀ ਤੇ ਲਟਕਣਾ ਪਿਆ। ਬਹੁਤ ਸਾਰੇ ਪ੍ਰੇਮੀ ਕਹਿੰਦੇ ਹਨ ਕਿ ਫਲਾਣਾ ਬੰਦਾ ਪਾਠ ਵੀ ਕਰਦਾ ਸੀ, ਸੇਵਾ ਵੀ ਕਰਦਾ ਸੀ, ਉਸ ਦੇ ਨਾਲ ਐਂ ਕਿਉਂ ਹੋ ਗਈ, ਭਾਈ! ਕਰਮ ਹੁੰਦੇ ਨੇ, ਕੀਤੇ ਹੋਏ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ -

ਭੋਗੇ ਬਿਨ ਭਾਗੇ ਨਹੀ ਕਰਮਗਤੀ ਬਲਵਾਨ।

ਦੋ ਕਿਸਮ ਦੇ ਹੁੰਦੇ ਨੇ ਕਰਮ। ਇਕ ਤਾਂ ਹੁੰਦੇ ਨੇ ਕਿਰਿਆਮਾਨ ਕਰਮ, ਜਿਹੜੇ ਹੁਣ ਅਸੀਂ ਰੋਜ਼ ਕਰ ਰਹੇ ਹਾਂ। ਹੁਣੇ ਸੋਚ ਕੇ ਕਰ ਲਓ। ਐਸਾ ਕੰਮ ਨ ਕਰੋ -

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਪੰਨਾ - 917

ਨ ਕਰੋ ਐਸਾ ਕੰਮ ਜਿਸ ਦੇ ਨਾਲ ਪਛਤਾਵਾ ਕਰਨਾ ਪਵੇ। ਦੂਸਰੇ ਹੁੰਦੇ ਨੇ - ਪ੍ਰਾਲਬਧ ਕਰਮ। ਜਦ ਅਸੀਂ ਜਨਮ ਲੈ ਕੇ ਇਥੇ ਆਉਂਦੇ ਹਾਂ, ਪ੍ਰਾਲਬਧ ਕਰਮ ਪ੍ਰਾਲਬਧ ਕੋਟੀ ਵਿਚ ਆ ਜਾਂਦੇ ਨੇ। ਇਹ ਟਲਿਆ ਨਹੀਂ ਕਰਦੇ। ਇਹ ਆਦਮੀ ਨੂੰ ਭੋਗਣੇ ਹੀ ਪੈਂਦੇ ਹਨ। ਤੀਸਰੇ ਹੁੰਦੇ ਨੇ - ਸੰਚਿਤ ਕਰਮ। ਜਿਹੜੇ ਹਜ਼ਾਰਾਂ ਕ੍ਰੋੜਾਂ ਕਰਮ ਸਾਡੇ ਜਮ੍ਹਾਂ ਪਏ ਨੇ ਫੇਰ ਤਾਂ ਉਹ ਵੀ ਸਾਨੂੰ ਭੋਗਣੇ ਪੈਣਗੇ। ਮਹਾਰਾਜ ਜੀ ਕਹਿੰਦੇ ਨੇ ਕਿ ਨਹੀਂ ਭਾਈ -

ਗੁਰ ਕਾ ਸਬਦੁ ਕਾਟੈ ਕੋਟਿ ਕਰਮ॥

ਪੰਨਾ - 1195

ਜੇ ਤੁਹਾਨੂੰ ਗਿਆਨ ਹੋ ਗਿਆ, ਨਾਮ ਦੀ ਪ੍ਰਾਪਤੀ ਹੋ ਗਈ ਫੇਰ ਸਾਰੇ ਕਰਮ ਐਸ ਤਰ੍ਹਾਂ ਦਗਧ ਹੋ ਜਾਂਦੇ ਹਨ ਜਿਸ ਤਰ੍ਹਾਂ ਦੇ ਨਾਲ ਬੀਜ ਰੱਖਿਆ ਹੋਵੇ ਤੇ ਉਹ ਗਰਮੀ ਤੇ ਸਲਾਭੇ ਦੇ ਨਾਲ ਖਰਾਬ ਹੋ ਜਾਵੇ, ਉਹ ਬੀਜ ਜਲ ਜਾਇਆ ਕਰਦਾ ਹੈ, ਫੇਰ ਬੀਜ ਹਰਾ ਨਹੀਂ ਹੋਇਆ ਕਰਦਾ, ਉਸਨੂੰ ਗਮਣਾ (ਗਮ ਗਿਆ) ਕਹਿੰਦੇ ਹਨ ਕਿ ਇਹ ਹੁਣ ਗਮ ਗਿਆ, ਇਹ ਹੁਣ ਹਰਾ ਨਹੀਂ ਹੋਣਾ। ਉਹ ਤਾਂ ਗਮ ਜਾਂਦੇ ਨੇ ਨਾਮ ਜਪਣ ਕਰਕੇ। ਜਿਹੜੇ ਕ੍ਰਿਆਮਾਨ ਕਰਮ ਅਸੀਂ ਰੋਜ਼-ਰੋਜ਼ ਕਰਦੇ ਹਾਂ, ਉਨ੍ਹਾਂ ਨੂੰ ਬੰਦ ਕਰ ਦਿਓ, ਕਰੋ ਹੀ ਨਾ ਐਸਾ ਕਰਮ ਜਿਹਦਾ ਲੇਖਾ ਦੇਣਾ ਪਵੇ। -

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

ਪੰਨਾ - 1378

ਕਾਲੇ ਲੇਖ ਕਿਉਂ ਲਿਖਦੈਂ ਜਿਨ੍ਹਾਂ ਦਾ ਲੇਖਾ ਦੇਣਾ ਪਵੇ,

ਜਿਹੜੇ ਕਰਮ ਆਏ ਹੋਏ ਨੇ ਸਾਡੇ ਸਰੀਰ ਦੇ ਨਾਲ, ਆਦਰ ਵੀ ਆਇਐ, ਨਿਰਾਦਰ ਵੀ ਆਇਆ ਹੈ, ਗਰੀਬੀ ਵੀ ਆਈ ਹੈ, ਉਹ ਭੁਗਤ ਲੈ ਭਾਈ! ਖੁਸ਼ੀ ਹੋ ਕੇ। ਉਹ ਤੈਨੂੰ ਭੁਗਤਣਾ ਪਿਆ, ਕਿਉਂਕਿ ਤੇਰੇ ਪਰਾਲਬਧ ਕਰਮਾਂ 'ਚ ਦਾਖਲ ਹੋ ਚੁੱਕਿਆ ਸੀ। ਕਹਿਣ ਲੱਗਿਆ, ਮੈਂ ਸ਼ਰਾਪ ਦੇਵਾਂਗਾ ਤੈਨੂੰ। ਕਹਿੰਦਾ, "ਕਿਉਂ?" ਉਸ ਨੇ ਕਿਹਾ ਮੈਂ ਚਾਰ ਸਾਲ ਦਾ ਸੀ, ਚਾਰ ਸਾਲ ਦੇ ਬੱਚੇ ਨੂੰ ਦੋਸ਼ ਨਹੀਂ ਲੱਗਿਆ ਕਰਦਾ, ਪੰਜ ਸਾਲ ਤਕ ਬੱਚੇ ਦੇ ਕੀਤੇ ਕਰਮਾਂ ਦਾ ਦੋਸ਼ ਮਾਂ ਬਾਪ ਨੂੰ ਲੱਗਿਆ ਕਰਦਾ ਹੈ, ਕੋਈ ਕਾਨੂੰਨ ਨਹੀਂ ਜੋ ਬੱਚੇ ਨੂੰ ਸਜ਼ਾ ਦੇਵੇ, ਮਾਂ ਬਾਪ ਨੂੰ ਸਜ਼ਾ ਮਿਲਦੀ ਹੈ। ਕਹਿਣ ਲੱਗਿਆ, "ਮਹਾਰਾਜ! ਹੁਣ ਖਿਮਾ ਕਰੋ, ਅਕਾਲਪੁਰਖ ਜੀ ਦੇ ਪਾਸ ਹੁਣ ਇਹ ਰਖ ਦਿੰਦੇ ਹਾਂ, ਅੱਗੇ ਵਾਸਤੇ ਜੋ ਆਗਿਆ ਹੋਏਗੀ, ਮੈਂ ਮੰਨਾਂਗਾ। ਪੰਜ ਸਾਲ ਦੇ ਹੇਠਾਂ ਕੋਈ ਬੱਚਾ ਕਰਮ ਕਰਦੈ ਤਾਂ ਉਸ ਦਾ ਦੋਸ਼ ਮਾਂ ਬਾਪ ਨੂੰ ਲਗਦਾ ਹੈ, ਪੰਜ ਸਾਲ ਤੋਂ ਉਤੇ ਜੋ ਕਰਮ ਕਰਦਾ ਹੈ ਉਹਦਾ ਦੋਸ਼ ਕਰਤੇ ਨੂੰ ਲੱਗਦਾ ਹੈ।

ਸੋ ਸੂਲੀ ਤੇ ਲਟਕ ਰਿਹਾ ਹੈ, ਐਨੇ ਨੂੰ ਇਕ ਬੀਬੀ ਟੋਕਰਾ ਸਿਰ ਦੇ ਉਤੇ ਰੱਖਿਆ ਹੋਇਆ ਹੈ, ਜਿਸਨੂੰ ਖਾਰਾ ਕਹਿੰਦੇ ਹਨ, ਉਹਦੇ ਵਿਚ ਇਕ ਸੁੱਕਿਆ ਹੋਇਆ ਪਿੰਜਰ ਲਈ ਫਿਰਦੀ ਹੈ, ਪਤੀ ਬਿਮਾਰ ਹੈ, ਦਰ ਬਦਰ ਤੁਰੀ ਫਿਰਦੀ ਹੈ, ਭਿਖਿਆ ਮੰਗਦੀ ਹੈ, ਰਹਿਣ ਨੂੰ ਕੋਈ ਥਾਂ ਨਹੀਂ ਦਿੰਦਾ, ਬਾਹਰ ਆ ਕੇ ਜਿਥੇ ਉਹ ਸੂਲੀ ਗੱਡੀ ਹੋਈ ਸੀ, ਇਸ ਨੇ ਉਪਰ ਨਹੀਂ ਦੇਖਿਆ, ਹਨ੍ਹੇਰਾ ਹੋਇਆ ਹੋਇਆ ਸੀ, ਉਸ ਦੇ ਨਾਲ ਲਾ ਕੇ ਟੋਕਰਾ ਰੱਖ ਦਿਤਾ ਤੇ ਆਪ ਹੇਠਾਂ ਹੋ ਕੇ ਪੈ ਗਈ – ਇਸ ਖਿਆਲ ਨਾਲ ਕਿ ਕਿਤੇ ਕੋਈ ਜਾਨਵਰ ਨਾ ਆ ਜਾਏ। ਜਾਗੋਮੀਟੀ ਹੈ, ਰਾਖੀ ਕਰਦੀ ਹੈ, ਸੇਵਾ ਕਰਦੀ ਹੈ। ਜਦੋਂ ਜਾਂਦੀ ਹੈ ਉਸ ਦਾ ਟੋਕਰਾ ਲੱਗਿਆ ਸੂਲੀ ਨੂੰ ਤਾਂ ਉਹ ਸੂਲੀ ਹਿੱਲ ਗਈ। ਜਦੋਂ ਹਿੱਲੀ ਤਾਂ ਸੂਲੀ ਤੇ ਲਟਕ ਰਹੇ ਮਾਂਡਵ ਰਿਸ਼ੀ ਨੂੰ ਦਰਦ ਹੋਇਆ ਤਾਂ ਉਸ ਵੇਲੇ ਉਹ ਰਿਸ਼ੀ ਉਸ ਬੀਬੀ ਨੂੰ ਕਹਿਣ ਲੱਗਿਆ, "ਤੂੰ ਕੌਣ ਹੈਂ ਜਿਸ ਨੇ ਮੈਨੂੰ ਆ ਕੇ ਦੁੱਖ ਦਿਤਾ ਹੈ? ਮੈਂ ਸਰਾਪ ਦਿੰਦਾ ਹਾਂ ਕਿ ਜਿਸ ਨੂੰ ਤੂੰ ਟੋਕਰੇ ਵਿਚ ਸਿਰ ਤੇ ਚੁੱਕੀ ਫਿਰਦੀ ਹੈਂ, ਇਹ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਮਰ ਜਾਵੇ।"

ਕਹਿੰਦੀ, ਬਾਬਾ! ਠੀਕ ਹੈ ਤੇਰੀ ਮਰਜ਼ੀ। ਤੈਨੂੰ ਤਪ ਦਾ ਅਭਿਮਾਨ ਹੈ। ਜੇ ਮੈਂ ਪਤੀਵਰਤਾ ਇਸਤ੍ਰੀ ਹੋਵਾਂਗੀ ਤਾਂ ਸੂਰਜ ਹੀ ਨਹੀਂ ਚੜ੍ਹੇਗਾ, ਸਾਰਾ ਬ੍ਰਹਿਮੰਡ ਆਪਣੀ ਚਾਲ ਤੋਂ ਰੁਕ ਜਾਏਗਾ। ਦਸ ਦਿਨ ਲੰਘ ਗਏ, ਸੂਰਜ ਨਹੀਂ ਚੜ੍ਹ ਰਿਹਾ, ਸਾਰੇ ਪਰਲੋਕ ਦੇ ਅੰਦਰ ਹਾਹਾਕਾਰ ਮਚ ਗਈ। ਬ੍ਰਹਿਮੰਡ ਦੇ ਮਾਲਕ ਦੇ ਕੋਲ ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਆਦਿ ਸਾਰਿਆਂ ਕੋਲ ਗਈ ਅਤੇ ਆਪਣੇ ਪਤੀ ਲਈ ਪ੍ਰਾਣ ਦਾਨ ਮੰਗ ਰਹੀ ਹੈ। ਕਹਿਣ ਲੱਗੀ ਕਿ ਮੈਂ ਸੰਸਾਰਕ ਮਰਿਆਦਾ ਅਟਕਾ ਦਿਤੀ ਹੈ। ਐਧਰ ਸਾਧ ਦਾ ਬਚਨ ਹੈ ਉਹ ਨਹੀਂ ਟਲਣਾ। ਦੋਵੇਂ ਗੱਲਾਂ ਹੋ ਗਈਆਂ। ਹੁਣ ਦੇਵਤੇ ਆਏ ਚੱਲ ਕੇ। ਕਹਿੰਦੇ, ਬੀਬਾ! ਸੂਰਜ ਚੜ੍ਹ ਜਾਣ ਦੇ, ਇਸ ਦੇ ਪ੍ਰਾਣ ਅਸੀਂ ਮੁੜ ਕੇ ਪਾ ਦੇਵਾਂਗੇ। ਸੂਰਜ ਚੜ੍ਹ ਗਿਆ। ਉਹ ਚੜ੍ਹਾਈ ਕਰ ਗਿਆ। ਫੇਰ ਉਸ ਵਿਚ ਪ੍ਰਾਣ ਵੀ ਪਾ ਦਿਤੇ ਤੇ ਨਾਲੇ ਸਰੀਰ ਵੀ ਦੇ ਦਿਤਾ। ਸੋ ਇਸ ਨੂੰ ਪਤੀਬਰਤਾ ਇਸਤਰੀ ਦਾ ਤਪ ਕਹਿੰਦੇ ਹਨ। ਰਜਨੀ ਬਾਰੇ ਸਾਰਿਆਂ ਨੂੰ ਪਤਾ ਹੈ। ਹੋਰ ਬੇਅੰਤ ਬੀਬੀਆਂ ਹੋਈਆਂ ਹਨ, ਜਿਨ੍ਹਾਂ ਨੇ ਪਤੀਬਰਤਾ ਧਰਮ ਪਾਲਣ ਕਰਕੇ ਬੇਅੰਤ ਤਾਕਤਾਂ ਹਾਸਲ ਕੀਤੀਆਂ।

ਕਾਬਲ ਵਾਲੀ ਬੀਬੀ ਦੀ ਮੈਂ ਕਥਾ ਸੁਣਾਈ ਸੀ ਕਿ ਰੋਜ਼ ਕਾਬਲ ਤੋਂ ਸ਼ਬਦ ਦੀ ਸਵਾਰੀ ਕਰਕੇ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵੇਲੇ ਸੇਵਾ ਕਰਨ ਲਈ ਆਇਆ ਕਰਦੀ ਸੀ ਤੇ ਸੇਵਾ ਕਰਕੇ ਮੁੜ ਜਾਇਆ ਕਰਦੀ ਸੀ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਇਸ ਤਰ੍ਹਾਂ ਕਰਦੀ ਸੀ ਜਿਵੇਂ ਝੂਟਾ ਦਿੰਦੀ ਹੁੰਦੀ ਹੋਵੇ। ਸਿੱਖਾਂ ਨੇ ਸਾਰਿਆਂ ਨੇ ਇਹ ਗੱਲ ਜਾ ਕੇ ਗੁਰੂ ਮਹਾਰਾਜ ਜੀ ਕੋਲ ਕਹੀ ਕਿ ਪਾਤਿਸ਼ਾਹ! ਇਹ ਕੌਣ ਹੈ? ਕਹਿੰਦੇ, ਭਾਈ! ਇਹ ਬੀਬੀ ਕਾਬਲ ਤੋਂ ਹਰ ਰੋਜ਼ ਆਉਂਦੀ ਹੈ। ਮਹਾਰਾਜ ਜੀ ਨੇ ਦੱਸਿਆ ਕਿ ਇਹ ਆਪਣਾ ਬੱਚਾ ਸੁਆ ਕੇ ਆਉਂਦੀ ਹੈ। ਏਥੋਂ ਹੀ ਉਸ ਨੂੰ ਦੁੱਧ ਪਿਲਾਉਂਦੀ ਹੈ ਤੇ ਏਥੋਂ ਹੀ ਉਸ ਨੂੰ ਸੁਆ ਕੇ ਝੂਟਾ ਦਿੰਦੀ ਹੈ ਤੇ ਆਪਣੇ ਪਤੀ ਦੇ ਆਉਣ ਤੋਂ ਪਹਿਲਾਂ ਸੇਵਾ ਕਰਕੇ ਵਾਪਸ ਚਲੀ ਜਾਂਦੀ ਹੈ। ਆਗਿਆ ਇਸ ਨੇ ਲਈ ਹੋਈ ਹੈ ਤੇ ਕੱਲ੍ਹ ਨੂੰ ਉਸ ਬੀਬੀ ਨੂੰ ਅਸਾਡੇ ਪਾਸ ਲੈ ਕੇ ਆਇਓ। ਜਦ ਦੂਸਰੇ ਦਿਨ ਲੈ ਕੇ ਆਏ, ਮਹਾਰਾਜ ਕਹਿੰਦੇ, "ਬੇਟਾ! ਕਿਥੋਂ ਆਉਂਦੀ ਹੈਂ?" ਕਹਿੰਦੀ, "ਪਾਤਸ਼ਾਹ! ਤੁਸੀਂ ਜਾਣੀ ਜਾਣ ਹੋ। ਕਾਬੁਲ ਤੋਂ ਮੰਗਾਉਂਦੇ ਹੋ, ਮੈਂ ਉਥੋਂ ਆ ਜਾਂਦੀ ਹਾਂ।" "ਬੇਟਾ! ਇਹ ਐਨੀ ਸ਼ਕਤੀ ਕਿਥੋਂ ਆ ਗਈ ਤੇਰੇ ਵਿਚ?"

ਕਹਿੰਦੀ, "ਪਾਤਿਸ਼ਾਹ! ਗੁਰੂ ਨਾਨਕ ਸਾਹਿਬ ਸਾਡੇ ਗ੍ਰਿਹ ਵਿਚ ਆਏ ਸੀ, ਉਨ੍ਹਾਂ ਨੇ ਮੇਰੇ ਪਿਤਾ ਜੀ ਨੂੰ ਨਾਮ ਦਿਤਾ, ਸਹੁਰਾ ਸਾਹਿਬ ਨੂੰ ਭੀ ਨਾਮ ਦੀ ਦਾਤ ਬਖਸ਼ੀ। ਇਨ੍ਹਾਂ ਤੇ ਦ੍ਰਿਸ਼ਟੀ ਕੀਤੀ ਤੇ ਉਸ ਵੇਲੇ ਤੋਂ ਗੁਰੂ ਘਰ ਨਾਲ ਲੱਗੇ ਹੋਏ ਹਾਂ। ਜਪੀ ਤਪੀ ਪੁਰਸ਼ ਨੇ ਤੇ ਮੇਰੀ ਭਾਵਨਾ ਦੇ ਅੰਦਰ ਮੇਰਾ ਪਤੀ ਆਪ ਪਰਮੇਸ਼ਰ ਹੈ।"

ਭਾਵਨਾ ਹੈ ਗੁਰਸਿੱਖ ਦੀ। ਗੁਰਸਿਖ ਦੀ ਨਿਗਾਹ ਦੇ ਅੰਦਰ –

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ॥
ਪੰਨਾ – 442

ਸੋ, ਜੇ ਐਨੀ ਸ਼ਰਧਾ ਹੋਵੇ ਮਨ ਦੇ ਅੰਦਰ ਅਤੇ ਗੁਰੂ ਉਪਰ ਪੂਰਾ ਵਿਸ਼ਵਾਸ਼ ਹੋਵੇ ਕਿ ਮੇਰਾ ਗੁਰੂ ਆਪ ਪ੍ਰਮੇਸ਼ਰ ਹੈ, ਤਾਂ ਹੀ ਨਾਮ ਚਿਤ ਵਿਚ ਵਸਿਆ ਕਰਦਾ ਹੈ –

ਧਾਰਨਾ – ਗੁਰ ਕੀ ਪਰਤੀਤ ਜੀ,
ਜਿਸਦੇ ਮਨ ਵਿਚ ਹੈ ਭਾਈ –2, 2.
ਜਿਸ ਦੇ ਮਨ ਵਿਚ ਹੈ ਭਾਈ –2, 2.

ਗੁਰ ਕੀ ਪਰਤੀਤਿ ਜੀ, ...-2.

ਜਾ ਕੈ ਮਨਿ ਗੁਰ ਕੀ ਪਰਤੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283

"ਪਾਤਸ਼ਾਹ! ਮੈਂ ਆਪਣੇ ਪਤੀ ਉੱਤੇ ਐਨੀ ਪਰਤੀਤ ਰੱਖਦੀ ਹਾਂ ਕਿ ਉਹ ਆਪ ਹੀ ਨਿਰੰਕਾਰ ਦਾ ਰੂਪ ਹੈ। ਸੋ ਉਸਦੇ ਭਰੋਸੇ ਵਿਚੋਂ ਆਪ ਦੀ ਕ੍ਰਿਪਾ ਦੇ ਨਾਲ ਇਹ ਸ਼ਕਤੀ ਆਈ ਹੈ ਕਿ ਮੈਂ ਇੱਛਾ ਦੇ ਨਾਲ ਜਿਥੇ ਜਾਣਾ ਚਾਹਾਂ, ਜਾ ਸਕਦੀ ਹਾਂ।"

ਸੋ ਮਹਾਰਾਜ ਕਹਿੰਦੇ ਹਨ, "ਦੇਖੋ ਪ੍ਰੇਮੀਓਂ! ਪਤੀਵਰਤਾ ਇਸਤਰੀ, ਤੇ ਇਕ ਸਾਧੂ ਨੇ ਐਨਾ ਤਪ ਕਰਿਆ ਹੈ, ਉਹ ਸਾਧੂ ਤੋਂ ਵੱਧ ਤਾਕਤ ਵਾਲੀ ਹੋ ਗਈ।" ਕਹਿੰਦੇ -

ਜੈਸੇ ਤਉ ਪਪੀਹਾ ਪ੍ਰਿਯ ਪ੍ਰਿਯ ਟੇਰ ਹੇਰੇ ਬੂੰਦ,
ਵੈਸੇ ਪਤਿਬ੍ਰਤਾ ਪਤਿਬ੍ਰਤ ਪ੍ਰਤਿਪਾਲ ਹੈ॥
ਕਬਿੱਤ ਸਵੱਯੇ, ਭਾਈ ਗੁਰਦਾਸ ਜੀ - 645

ਪਪੀਹਾ ਹਰ ਵਰਤ 'ਪ੍ਰਿਉ-ਪ੍ਰਿਉ-ਪ੍ਰਿਉ' ਕਰਦਾ ਹੈ। ਕਾਹਦੇ ਵਾਸਤੇ ਕਿ ਸਵਾਂਤੀ ਬੂੰਦ ਮਿਲ ਜਾਵੇ। ਇਕ ਪਤੀਬਰਤਾ ਦਾ ਜਿਹੜਾ ਬ੍ਰਤ ਹੈ ਉਸ ਨੂੰ ਪਾਲਦੀ ਹੈ। ਇਕ ਸਕਿੰਟ ਵਾਸਤੇ ਵੀ ਮਨ ਚਿੱਤ ਤੋਂ ਕੋਈ ਵਾਸ਼ਨਾ, ਕੋਈ ਗਲਤ ਗੱਲ ਆਪਣੇ ਪਤੀ ਬਾਰੇ ਨਹੀਂ ਸੋਚਦੀ, ਪਰਪੁਰਸ਼ ਵੱਲ ਧਿਆਨ ਕਿਸੇ ਤਰ੍ਹਾਂ ਵੀ ਨਹੀਂ ਕਰਦੀ।

ਜੈਸੇ ਦੀਪ ਦਿਪਤ ਪਤੰਗ ਪੇਖਿ ਜ੍ਵਾਰਾ ਜਰੈ,
ਤੈਸੇ ਪ੍ਰਿਆ ਪ੍ਰੇਮ ਨੇਮ ਪ੍ਰੇਮਨੀ ਸਮ੍ਹਾਰ ਹੈ।।
ਕਬਿੱਤ ਸਵੱਯੇ, ਭਾਈ ਗੁਰਦਾਸ ਜੀ - 645

ਜਿਵੇਂ ਦੀਵੇ ਨੂੰ ਦੇਖ ਕੇ ਪਤੰਗਾ ਅੱਗ ਦੇ ਵਿਚ ਚਲਿਆ ਜਾਂਦਾ ਹੈ, ਉਸੇ ਤਰ੍ਹਾਂ ਦੇ ਨਾਲ ਪਤੀਬਰਤਾ ਇਸਤਰੀ ਆਪਣੇ ਪਤੀ ਨੂੰ ਪਿਆਰ ਕਰਦੀ ਹੈ, ਉਹਦੀ ਥਾਂ ਤੇ ਆਪਣੀ ਜਾਨ ਦੇਣਾ ਚਾਹੁੰਦੀ ਹੈ।

ਜਲ ਸੈ ਨਿਕਸਿ ਜੈਸੇ ਮੀਨ ਮਰਿਤ ਜਾਤ ਤਾਤ,
ਬਿਰਹ ਬਿਯੋਗ ਬਿਰਹਨੀ ਬਪੁਹਾਰ ਹੈ॥
ਕਬਿੱਤ ਸਵੱਯੇ, ਭਾਈ ਗੁਰਦਾਸ ਜੀ-645

ਜਿਵੇਂ ਜਲ ਤੋਂ ਨਿਕਲ ਕੇ ਮੱਛੀ ਇਕ ਦਮ ਮਰ ਜਾਂਦੀ ਹੈ, ਇਕ ਸਕਿੰਟ ਵੀ ਜਿਉਂਦੀ ਨਹੀਂ ਰਹਿੰਦੀ, ਉਸੇ ਤਰ੍ਹਾਂ ਬਿਰਹੇ ਦੇ ਵਿਚ ਰਹਿਣ ਵਾਲੀ ਇਸਤਰੀ ਬਿਰਹਾ ਨਹੀਂ ਸਹਿ ਸਕਦੀ-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥
ਪੰਨਾ - 787

ਭਗਤ ਪੀਪਾ ਜੀ ਦੀ ਇਸਤ੍ਰੀ, ਪੀਪਾ ਭਗਤ ਜੀ ਦਾ ਪ੍ਰਲੋਕ ਗਮਨ ਸੁਣ ਕੇ ਜਿਉਂਦੀ ਨ ਰਹਿ ਸਕੀ। ਜਦ ਉਸਨੂੰ ਪਤਾ ਲੱਗਿਆ ਕਿ ਉਹ ਚੜ੍ਹਾਈ ਕਰ ਗਏ। ਸੋ ਇਸ ਤਰ੍ਹਾਂ ਦੇ ਨਾਲ -

ਬਿਰਹਨੀ ਪ੍ਰੇਮ ਨੇਮ ਪਤਿਬ੍ਰਤਾ ਕੈ ਕਹਾਵੈ,
ਕਰਨੀ ਕੈ ਐਸੀ ਕੋਟਿ ਮਧੇ ਕੋਊ ਨਾਰ ਹੈ।।
ਕਬਿੱਤ ਸਵੱਯੇ, ਭਾਈ ਗੁਰਦਾਸ ਜੀ-645

ਪਿਆਰ ਦੇ ਨੇਮ ਵਿਚ ਰਹਿੰਦੀ ਹੈ ਪਤਿਵਰਤਾ-'*ਕਰਨੀ ਕੈ ਐਸੀ ਕੋਟਿ ਮਧੇ ਕੋਊ ਨਾਰ ਹੈ।*' ਕਰੋੜਾਂ ਵਿਚੋਂ ਇਕ ਹੈ ਜਿਹੜੀ ਪਤਿਬਰਤਾ ਇਸਤ੍ਰੀ ਪਤੀ ਨੂੰ ਪਿਆਰ ਕਰਦੀ ਹੈ, ਕਦੇ ਭੁੱਲ ਕੇ ਭੀ ਮੰਦਾ ਅੱਖਰ ਨਹੀਂ ਕਹਿੰਦੀ, ਕਦੇ ਭੁੱਲ ਕੇ ਭੀ ਚਿੱਤ ਵਿਚ ਗਿਲਾਨੀ ਨਹੀਂ ਲਿਆਉਂਦੀ।

ਉਹ ਬੀਬੀ ਜੋ ਖੂਹ ਵਿਚੋਂ ਪਾਣੀ ਕੱਢ ਰਹੀ ਸੀ, ਫਰੀਦ ਜੀ ਨੂੰ ਕਹਿਣ ਲੱਗੀ, "ਬਾਬਾ ਫਰੀਦ ਜੀ! ਅਸਾਨੂੰ ਇਸਤਰੀਆਂ ਨੂੰ ਇਹ ਵਰਤ ਰੱਖਣੇ ਨਹੀਂ ਦੱਸੇ, ਪੁੱਠੇ ਲਟਕਣਾ ਨਹੀਂ ਦੱਸਿਆ। ਸਾਨੂੰ ਬੜਾ ਸੁਖਾਲਾ ਰਸਤਾ ਦਸਿਆ ਹੈ ਕਿ ਪਤੀ ਨੂੰ ਪਰਮੇਸ਼ਰ ਕਰਕੇ ਪੂਜੋ, ਉਸ ਦੇ ਨਾਲ ਇਹ ਸ਼ਕਤੀਆਂ ਆ ਜਾਂਦੀਆਂ ਹਨ।"

ਫਰੀਦ ਦਾ ਸਾਰਾ ਅਭਿਮਾਨ ਟੁੱਟ ਗਿਆ, ਨੀਵੀਂ ਪਾ ਲਈ। ਕਹਿੰਦਾ, "ਬੀਬਾ! ਤੂੰ ਘਰ ਵਿਚ ਰਹਿੰਦੀ ਹੈਂ, ਸੋਹਣੇ ਕੱਪੜੇ ਪਾਉਂਦੀ ਹੈਂ, ਮੈਥੋਂ ਅੱਗੇ ਲੰਘ ਗਈ, ਮੇਰਾ ਤਾਂ ਕੁਛ ਬਣਿਆ ਹੀ ਨਹੀਂ।" ਘਰ ਚਲਿਆ ਗਿਆ। ਮਾਂ ਕੇਸ ਵਾਹੁਣ ਲੱਗੀ। ਫਰੀਦ 'ਸੀ ਸੀ' ਕਰਦਾ ਹੈ। ਮਾਂ! ਕੇਸ ਉਲਝੇ ਹੋਏ ਨੇ, ਹੌਲੀ ਕਰ। ਕਹਿਣ ਲੱਗੀ, "ਫਰੀਦ! ਓਥੇ ਕੀ ਖਾਂਦਾ ਹੁੰਦਾ ਸੀ?" ਕਹਿੰਦਾ, "ਮੈਂ ਦਰਖਤਾਂ ਦੇ ਪੱਤੇ ਸੂਤ ਕੇ ਖਾ ਲੈਂਦਾ ਸੀ।" ਕਹਿੰਦੀ, "ਉਨ੍ਹਾਂ ਨੂੰ ਨਹੀਂ ਸੀ ਦੁੱਖ ਲਗਦਾ? ਜਾਹ, ਦੁਬਾਰਾ! ਅਜੇ ਤੇਰਾ ਕੁਛ ਨਹੀਂ ਬਣਿਆ।" ਮਾਂ ਨੇ ਫੇਰ ਹੋਰ ਤਪ ਕਰਨ ਲਈ ਭੇਜ ਦਿਤਾ। ਉਸ ਵੇਲੇ ਫਰੀਦ ਖਾਣਾ ਪੀਣਾ ਛੱਡ ਕੇ ਫੇਰ ਤਪ ਕਰਦਾ ਹੈ ਤੇ ਬਿਲਕੁਲ ਪਿੰਜਰ ਬਣ ਗਿਆ। ਕਦੇ ਖੂਹ ਵਿਚ ਲਟਕਦਾ ਹੈ, ਬੜਾ ਉਗਰ ਤਪ ਉਸ ਨੇ ਸਾਧਿਆ। ਕਦੇ ਰੋੜਾਂ ਤੇ ਪੈਂਦਾ ਹੈ, ਕਦੇ ਇਕ ਲੱਤ ਦੇ ਭਾਰ ਖੜ੍ਹਦਾ ਹੈ, ਕਦੇ ਬਾਹਾਂ ਉੱਪਰ ਨੂੰ ਕਰਕੇ, ਕਦੇ ਕਿਵੇਂ ਕਦੇ ਕਿਵੇਂ ਤਪ ਕਰ ਰਿਹਾ ਹੈ। ਸਰੀਰ ਬਿਲਕੁਲ ਪਿੰਜਰ ਬਣ ਗਿਆ। ਉਸ ਵੇਲੇ ਫਰੀਦ ਦੇ ਮਨ ਵਿਚ ਆਇਆ, ਕਹਿਣ ਲੱਗਿਆ, ਮਨਾਂ! ਹੁਣ ਪਤਾ ਨਹੀਂ ਚੜ੍ਹਾਈ ਹੀ ਕਰ ਜਾਣਾ ਹੈ, ਪਰ ਅਜੇ ਰੱਬ ਦੇ ਤਾਂ ਦੀਦਾਰ ਹੀ ਨਹੀਂ ਹੋਏ। ਇਸ ਤਰ੍ਹਾਂ ਫੁਰਮਾਨ ਕਰਿਆ -

ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,
ਅਜੇ ਵੀ ਨਾ ਰੱਬ ਬਹੁੜਿਆ-2, 2.
ਮੇਰੇ ਪਿਆਰੇ, ਅਜੇ ਵੀ ਨ ਰੱਬ ਬਹੁੜਿਆ -2, 2.
ਤਨ ਸੁਕ ਕੇ ਹੱਡਾਂ ਦੀ ਮੁੱਠੀ ਹੋ ਗਿਆ ....-2.

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥
ਪੰਨਾ - 1382

ਐਸੀ ਅਵਸਥਾ ਆ ਗਈ। ਰੰਗ ਕਾਲਾ ਹੋ ਗਿਆ। ਕੋਇਲ ਬੋਲ ਰਹੀ ਹੈ, ਆਵਾਜ਼ ਦਿੱਤੀ ਕੋਇਲ ਨੇ ਮਿੱਠਾ ਬੋਲ ਬੋਲ ਕੇ। ਫਰੀਦ ਜੀ ਨੇ ਦੇਖਿਆ, ਕਹਿੰਦੇ, ਕੋਇਲ! ਤੇਰਾ ਵੀ

ਰੰਗ ਕਾਲਾ ਹੈ, ਮੇਰਾ ਵੀ ਰੰਗ ਕਾਲਾ। ਤੇਰੀ ਆਵਾਜ਼ ਵਿਚ ਕਿੰਨੀ ਤਰਲੇ ਭਰੀ ਬ੍ਰਿਹੋਂ ਪੀੜ ਪ੍ਰਤੀਤ ਦੇ ਰਹੀ ਹੈ, ਕੋਈ ਤਰਲਾ ਹੈ; ਮੇਰੀ ਆਵਾਜ਼ ਵਿਚ ਵੀ ਤਰਲਾ ਹੈ। ਤੂੰ ਮੈਨੂੰ ਕੁਝ ਦੱਸ ਸਕਦੀ ਹੈਂ, ਮੇਰੇ ਨਾਲ ਕੋਈ ਦੁੱਖ ਤਾਂ ਸਾਂਝਾ ਕਰ -

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥

ਪੰਨਾ - 794

"ਤੂੰ ਕਿਉਂ ਕਾਲੀ ਹੋ ਗਈ?"

ਕਹਿੰਦੀ, "ਫਰੀਦਾ! *'ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥'* ਮੈਨੂੰ ਵੀ ਬਿਰਹੋਂ ਦੀ ਚੋਟ ਲੱਗੀ ਹੋਈ ਹੈ, ਮੇਰਾ ਪਤੀ ਮੇਰੇ ਨਾਲ ਨਹੀਂ ਰਹਿੰਦਾ, ਮੈਨੂੰ ਉਸ ਦਾ ਵਿਛੋੜਾ ਤੜਫਾ ਰਿਹਾ ਹੈ।"

ਇਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਜੀ ਦੀ ਐਸੀ ਹਾਲਤ ਹੋ ਗਈ -

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥

ਪੰਨਾ - 1382

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

ਪੰਨਾ - 1382

ਤੁਸੀਂ ਚੁੰਝਾਂ ਮਾਰੀ ਜਾਂਦੇ ਹੋ, ਮਾਸ ਕੱਢੀ ਜਾਂਦੇ ਹੋ। ਦੇਖੀਂ ਕੋਈ ਨਵਾਂ ਕੰਮ ਨ ਕਰ ਦੇਵੀਂ, ਅੱਖਾਂ ਵੱਲ ਨੂੰ ਤੁਰਿਆ ਆਉਂਨੈ, ਅੱਖਾਂ ਨਾ ਕਿਤੇ ਮੇਰੀਆਂ ਕੱਢ ਦਈਂ, ਮੈਨੂੰ ਆਸ ਲੱਗੀ ਹੋਈ ਹੈ ਕਿ ਮੈਨੂੰ ਪਿਆਰੇ ਦੇ ਦਰਸ਼ਨ ਹੋਣਗੇ। ਇਸ ਤਰ੍ਹਾਂ ਬੇਨਤੀ ਕਰਦਾ ਹੈ। ਇਸ ਤਰ੍ਹਾਂ ਬਹੁਤ ਸਖਤ ਤਪੱਸਿਆ ਕਰਨ ਤੋਂ ਬਾਅਦ ਗੈਬ ਤੋਂ ਆਵਾਜ਼ ਆਈ - ਫਰੀਦਾ! ਤੇਰੀ ਘਾਲ ਦੇਖ ਕੇ ਤਰਸ ਆਉਂਦਾ ਹੈ ਪਰ ਰਸਤਾ ਤੂੰ ਬਹੁਤ ਗਲਤ ਫੜ ਲਿਆ। ਇਹ ਤਾਂ ਬਹੁਤ ਲੰਮਾ ਕੀੜੀ ਵਾਲਾ ਰਸਤਾ ਹੈ। ਹੋਰ ਰਸਤਾ ਅਖਤਿਆਰ ਕਰ, ਇਸ ਤਰ੍ਹਾਂ ਤੂੰ ਸਰੀਰ ਦਾ ਖਾਤਮਾ ਕਰ ਰਿਹਾ ਹੈਂ। ਫਰੀਦ ਇਸ ਤਰ੍ਹਾਂ ਦੇ ਨਾਲ ਤਰਲੇ ਕਰਦਾ ਹੈ, ਸਾਧ ਸੰਗਤਿ ਜੀ, ਪੜ੍ਹੋ ਪਿਆਰ ਨਾਲ -

ਧਾਰਨਾ - ਓ ਕਾਗਾ, ਇਹ ਦੋਇ ਨੈਨਾ ਮਤਿ ਛੇੜਿਓ -2, 2.
ਮੈਨੂੰ ਪਿਰ ਦੇਖਣ ਦੀ ਆਸ-2, 2.
ਓ ਕਾਗਾ, ਇਹ ਦੋਇ ਨੈਨਾ ਮਤਿ ਛੇੜਿਓ-2.

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

ਪੰਨਾ - 1382

ਮੈਨੂੰ ਆਸ ਲੱਗੀ ਹੋਈ ਹੈ -

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥

ਪੰਨਾ - 1382

ਆਵਾਜ਼ ਆਈ -

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥

ਪੰਨਾ - 1384

ਉਹ ਤਾਂ ਤੇਰੇ ਅੰਦਰ ਵਸਦਾ ਹੈ, ਟੋਲ੍ਹ ਲੈ ਉਸ ਨੂੰ -

ਧਾਰਨਾ - ਪਿਆਰੇ ਜੀ,
ਜੰਗਲਾਂ 'ਚ ਕਾਹਨੂੰ ਢੂੰਡਦੈਂ-2, 2.
ਰੱਬ ਵਸਦੈ ਅੰਦਰ ਤੇਰੇ -2, 2.
ਪਿਆਰੇ ਜੀ, ਜੰਗਲਾਂ 'ਚ ...-2.

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਪੰਨਾ - 1378

ਤੇਰੇ ਤਾਂ ਅੰਦਰ ਰੱਬ ਵਸਦਾ ਹੈ। ਮੁਰਸ਼ਦ-ਇ-ਕਾਮਲ ਦੀ ਸ਼ਰਨ ਵਿਚ ਜਾਹ। ਹਠ ਯੋਗ ਨਾਲ ਰੱਬ ਨਹੀਂ ਮਿਲਦਾ। ਇਹ ਬਹੁਤ ਲੰਮਾ ਰਸਤਾ ਹੈ। ਸੁਖੈਨ ਮਾਰਗ ਗੁਰ ਸੇਵਾ, ਪਿਆਰ ਭਰੀ ਖਿੱਚ, ਵਿਸ਼ਵਾਸ਼, ਸਤਿ ਨਾਲ ਪਿਆਰ ਦਾ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਰਾਜੇ ਸ਼ਿਵਨਾਭ ਨੂੰ ਕਹਿਣ ਲੱਗੇ, "ਰਾਜਨ! ਇਕ ਤਾਂ ਰਸਤਾ ਹੈ ਇਹ, ਦੂਸਰਾ ਰਸਤਾ ਹੈ ਜਿਸ ਨੂੰ 'ਰਾਜ ਯੋਗ' ਕਹਿੰਦੇ ਹਨ। ਉਹ ਇਸ ਤੋਂ ਕੁਛ ਸੁਖਾਲਾ ਹੈ ਲੇਕਿਨ ਫੇਰ ਵੀ ਉਸਦੇ ਵਿਚ ਇਹ ਚੀਜ਼ ਹੈ ਕਿ ਆਦਮੀ ਨੂੰ ਆਪਣੇ ਤਨ ਤੇ ਮਨ ਰਾਹੀਂ ਸਾਰੇ ਕਰਮ ਸ਼ੁੱਧ ਕਰਨੇ ਪੈਂਦੇ ਨੇ, ਮਨ ਦੇ ਸਾਰੇ ਕੰਮ ਸ਼ੁੱਧ ਕਰਨੇ ਪੈਂਦੇ ਹਨ। ਜਿੰਨਾ ਚਿਰ ਤਨ ਤੇ ਮਨ ਸਾਫ ਨਹੀਂ ਹੁੰਦੇ, ਓਨਾਂ ਚਿਰ ਸੁਰਤਿ ਉਪਰ ਨਹੀਂ ਉੱਠਦੀ, ਏਥੇ ਹੀ ਉਲਝਿਆ ਰਹਿੰਦਾ ਹੈ। ਉਸ ਦੇ ਵਿਚ ਚਿੱਤ ਬਿਰਤੀਆਂ ਨੂੰ ਇਕਾਗਰ ਕਰਨਾ ਪੈਂਦਾ ਹੈ। ਉਸ ਨੂੰ ਰਾਜ ਜੋਗ ਕਹਿੰਦੇ ਹਨ। ਜੋਗ ਕਹਿੰਦੇ ਨੇ 'ਜੁੜਨ ਨੂੰ' ਜੁੜਨ ਦੇ ਨਾਲ ਆਦਮੀ ਦੇ ਅੰਦਰ ਜੋ ਪੰਜ ਕਲੇਸ਼ ਨੇ, ਜਿਨ੍ਹਾਂ ਕਰਕੇ ਸਾਰਾ ਸੰਸਾਰ ਦੁਖੀ ਹੋ ਰਿਹਾ ਹੈ, ਕਲਹ ਕਲੇਸ਼ ਦੇ ਵਿਚ ਭਰਮ ਰਿਹਾ ਹੈ, ਉਹ ਦੂਰ ਹੋ ਜਾਂਦੇ ਹਨ।

ਚਿੱਤ ਬਿਰਤੀਆਂ ਜੋ ਗਿਣਤੀ ਵਿਚ ਪੰਜ ਹਨ, ਇਨ੍ਹਾਂ ਨੂੰ ਇਨ੍ਹਾਂ ਦੇ ਵਿਸ਼ਿਆਂ ਤੋਂ ਰੋਕ ਕੇ ਇਕ ਧੇਅ ਉਪਰ ਕੇਂਦਰਤ ਕਰਨ ਨੂੰ 'ਜੋਗ' ਕਿਹਾ ਜਾਂਦਾ ਹੈ। ਚਿੱਤ ਬਿਰਤੀਆਂ ਦਾ ਨਿਰੋਧ ਹੋਣਾ ਯੋਗ ਕਿਹਾ ਜਾਂਦਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਅਨੇਕਾਂ ਸਾਧਨ ਹਨ।

ਪਹਿਲੀ ਪ੍ਰਮਾਣ ਬਿਰਤੀ, ਦੂਸਰੀ ਵਿਪਰਯ ਬਿਰਤੀ, ਤੀਸਰੀ ਵਿਕਲਪ ਬ੍ਰਿਤੀ, ਚੌਥੀ ਨਿੰਦਰਾ ਬਿਰਤੀ, ਪੰਜਵੀਂ ਸਿਮ੍ਰਿਤੀ ਬਿਰਤੀ ਹੁੰਦੀ ਹੈ। ਇਹ ਸਿਰਫ ਮੁਖ ਬਿਰਤੀਆਂ ਹਨ ਵੈਸੇ ਕਿਉਂਕਿ ਅਸੰਖ ਪਦਾਰਥ ਹਨ ਉਨ੍ਹਾਂ ਤੋਂ ਉਤਪੰਨ ਹੋਣ ਵਾਲੀਆਂ ਬਿਰਤੀਆਂ ਭੀ ਅਨੇਕ ਹਨ ਪਰ ਉਪਰ ਕਥੀਆਂ ਪੰਜ ਮੁੱਖ ਬਿਰਤੀਆਂ ਹਨ। ਬਿਰਤੀਆਂ ਦਾ ਕੁਦਰਤੀ ਸੁਭਾਵ ਹੈ ਕਿ ਉਹ ਆਪਣੇ ਵਿਸ਼ਿਆਂ ਦੇ ਮੁਤਾਬਿਕ ਸੰਸਕਾਰ ਉਤਪੰਨ ਕਰਦੀਆਂ ਹਨ।

ਜੋ ਵਸਤੂਆਂ ਅਸੀਂ ਅੱਖਾਂ ਨਾਲ ਵੇਖਦੇ ਹਾਂ, ਕੰਨਾਂ ਨਾਲ ਸੁਣਦੇ ਹਾਂ, ਨਾਸਕਾ ਨਾਲ ਸੁਗੰਧਤ, ਰਸਨਾ ਨਾਲ ਰਸ ਮਹਿਸੂਸ ਕਰਦੇ ਹਾਂ, ਸਰੀਰ ਨਾਲ ਸਪਰਸ਼ ਤੋਂ ਪ੍ਰਤੱਖ ਗਿਆਨ ਪ੍ਰਾਪਤ ਕਰਕੇ ਚਿੱਤ ਵਿਚ ਉਨ੍ਹਾਂ ਦੀ ਹੋਂਦ ਧਾਰਨ ਕਰਦੇ ਹਾਂ, ਉਸ ਨੂੰ ਪ੍ਰਮਾਣ ਬਿਰਤੀ ਕਹਿੰਦੇ ਹਨ। ਪ੍ਰਮਾਣ ਕਈ ਪ੍ਰਕਾਰ ਦੇ ਹੁੰਦੇ ਹਨ। ਅਨੁਮਾਨ ਪ੍ਰਮਾਣ, ਆਗਮ ਪ੍ਰਮਾਣ, ਪ੍ਰਤੱਖ ਪ੍ਰਮਾਣ, ਸ਼ਬਦ ਪ੍ਰਮਾਣ ਆਦਿ ਹਨ, ਇਹ ਪ੍ਰਮਾਣ ਬਿਰਤੀ ਦੇ ਵਿਸ਼ੇ ਹਨ। ਦੂਜੀ ਬਿਰਤੀ ਵਿਪਰਯ ਬਿਰਤੀ ਹੈ। ਇਸ ਤੋਂ ਮਿਥਿਆ ਗਿਆਨ ਉਤਪੰਨ ਹੁੰਦਾ ਹੈ ਜਿਵੇਂ ਸਿੱਪੀ ਤੇ ਚੰਦਰਮਾ ਦੀਆਂ ਕਿਰਨਾਂ ਪੈਣ ਨਾਲ ਸਿੱਪੀ ਚਾਂਦੀ ਵਾਂਗੂੰ ਚਮਕਦੀ ਹੈ। ਉਹ ਹੈ ਤਾਂ ਸਿੱਪੀ ਪਰ ਚਾਂਦੀ ਸਮਝਣਾ ਮਿਥਿਆ ਗਿਆਨ ਹੈ ਜਿਵੇਂ ਜੇਠ ਹਾੜ੍ਹ ਦੇ ਮਹੀਨੇ ਰੜੇ ਮੈਦਾਨ ਵਿਚ ਪਾਣੀ ਵਗਦਾ ਤਕਣਾ, ਅਨ੍ਹੇਰੇ ਵਿਚ ਪਈ ਰੱਸੀ ਤੋਂ ਸੱਪ ਹੋਣ ਦਾ ਅਨੁਮਾਨ ਲੈ ਲੈਣਾ, ਟੀਰੀ ਅੱਖ ਨਾਲ ਚੰਦਰਮਾ ਪ੍ਰਤੱਖ ਵੇਖ ਕੇ ਦੋ ਸਮਝਣੇ, ਕਿਸੇ ਵਸਤੂ ਵਿਚ ਵਿਪਰੀਤ ਵਸਤੂ ਕਲਪਤ ਕਰਕੇ ਨਿਹਚਾ ਕਰਨ ਨੂੰ ਵਿਪਰਯ ਬਿਰਤੀ ਕਹਿੰਦੇ ਹਨ।

ਤੀਸਰੀ ਬਿਰਤੀ ਵਿਕਲਪ ਬਿਰਤੀ ਹੁੰਦੀ ਹੈ, ਇਹ ਬਿਰਤੀ ਭੇਦ ਵਿਚ ਅਭੇਦ ਅਤੇ ਅਭੇਦ ਵਿਚ ਭੇਦ ਅਰੂਪਨ ਕਰਦੀ ਹੈ, ਜਿਵੇਂ ਅਹੰ ਬਿਰਤੀ ਪ੍ਰਭੂ ਵਿਚ ਭੇਦ ਉਤਪੰਨ ਕਰਦੀ ਹੈ।

ਚੌਥੀ ਨਿੰਦਰਾ ਬਿਰਤੀ ਹੈ ਜੋ ਸਖੋਪਤ (ਗਾੜ੍ਹੀ ਨੀਂਦ) ਦੇ ਆਏ ਆਨੰਦ ਨੂੰ ਪ੍ਰਗਟ ਕਰਦੀ ਹੈ। ਇਸ ਵਿਚ ਜਾਗ੍ਰਤ ਅਤੇ ਸਵਪਨ ਅਵਸਥਾ ਦਾ ਅਭਾਵ ਹੁੰਦਾ ਹੈ। ਇਸ ਬਿਰਤੀ ਵਿਚ ਯਾਦ ਹੁੰਦੀ ਹੈ ਕਿ ਮੈਨੂੰ ਘੂਕ ਨੀਂਦ ਆਈ ਹੈ, ਮੈਂ ਸੁਖ ਨਾਲ ਸੁੱਤਾ ਆਦਿ।

ਪੰਜਵੀਂ ਸਿੰਮ੍ਰਿਤੀ ਬਿਰਤੀ ਹੈ। ਜੋ ਚੀਜ਼ਾਂ ਅਸੀਂ ਜਾਗ੍ਰਤ ਅਵਸਥਾ ਵਿਚ ਵੇਖਦੇ ਹਾਂ, ਪੜ੍ਹਦੇ ਹਾਂ, ਸੁਣਦੇ ਹਾਂ, ਉਨ੍ਹਾਂ ਦੇ ਸੰਸਕਾਰ ਯਾਦ ਮੰਡਲ ਵਿਚ ਫਿਲਮ ਵਾਂਗੂੰ ਚਿਤ੍ਰਤ ਹੋ ਜਾਂਦੇ ਹਨ, ਸਮਾਂ ਲੰਘ ਜਾਣ ਤੇ ਭੀ ਯਾਦ ਰਹਿੰਦੇ ਹਨ, ਭਜਨ ਅਭਿਆਸ ਵੇਲੇ, ਲੰਘ ਗਏ ਚਿਤ੍ਰ, ਸੁਣੇ ਹੋਏ ਸ਼ਬਦ, ਵੇਖੀਆਂ ਹੋਈਆਂ ਥਾਵਾਂ ਉਭਰ ਕੇ ਯਾਦ ਵਿਚ ਸਾਕਾਰ ਹੋ ਜਾਂਦੇ ਹਨ, ਇਸ ਕ੍ਰਿਆ ਨੂੰ ਸਿੰਮ੍ਰਿਤੀ ਬਿਰਤੀ ਕਹਿੰਦੇ ਹਨ। ਇਹ ਬਿਰਤੀ ਭਜਨ ਕਰਨ ਵੇਲੇ ਬਹੁਤ ਵਿਖਸ਼ੇਪਤਾ ਪੈਦਾ ਕਰਦੀ ਹੈ ਤੇ ਬਿਰਤੀ ਨੂੰ ਇਕਾਗਰ ਨਹੀਂ ਹੋਣ ਦਿੰਦੀ। ਦ੍ਰਿੜ੍ਹ ਅਭਿਆਸ ਨਾਲ ਇਨ੍ਹਾਂ ਬਿਰਤੀਆਂ ਨੂੰ ਸ਼ਾਂਤ ਕਰਨਾ, ਨਿਰੁੱਧ ਕਰਨ ਦੀ ਕ੍ਰਿਆ ਨੂੰ ਸਾਧਨ ਕਹਿੰਦੇ ਹਨ ਅਤੇ ਪ੍ਰਾਪਤੀ ਨੂੰ ਜੋਗ ਕਹਿੰਦੇ ਹਨ। ਜਦੋਂ ਚਿੱਤ ਟਿਕ ਜਾਵੇ ਤਾਂ ਚਿਤ ਬ੍ਰਿਤੀਆਂ ਦਾ ਨਿਰੁੱਧ ਹੋ ਕੇ ਯੋਗ ਪ੍ਰਾਪਤ ਹੁੰਦਾ ਹੈ।

ਭਜਨ ਕਰਨ ਲਈ ਚਿੱਤ ਦੀ ਇਕਾਗਰਤਾ ਬਹੁਤ ਹੀ ਆਵਸ਼ਕ ਸਾਧਨ ਹੈ, ਚਿੱਤ ਇਕ ਨਦੀ ਵਾਂਗੂੰ ਹੈ ਜਿਸ ਵਿਚ ਚਿੱਤ ਬਿਰਤੀਆਂ ਦਾ ਪ੍ਰਵਾਹ ਦਿਨ ਰਾਤ ਹੀ ਨਿਰੰਤਰ ਵਹਿ ਰਿਹਾ ਹੈ ਅਤੇ ਚਿੱਤ ਨੂੰ ਅਸ਼ਾਂਤ ਰਖਦਾ ਹੈ। ਇਨ੍ਹਾਂ ਬਿਰਤੀਆਂ ਦਾ ਪ੍ਰਵਾਹ ਦੋ ਸਾਗਰਾਂ ਵਲ ਵਹਿੰਦਾ ਹੈ। ਇਕ ਵਹਿਣ ਸੰਸਾਰ ਸਾਗਰ ਵਲ ਨੂੰ ਤੇਜ਼ੀ ਨਾਲ ਛੱਲਾਂ ਮਾਰਦਾ ਰੁੜ੍ਹ ਰਿਹਾ ਹੈ, ਦੂਜਾ ਪ੍ਰਵਾਹ ਬਹੁਤ ਧੀਮੀਂ ਚਾਲ ਨਾਲ ਰੁਕ-ਰੁਕ ਕੇ ਕਲਿਆਣ ਸਾਗਰ ਵਲ ਨੂੰ ਵਹਿ ਰਿਹਾ ਹੈ। ਸੰਸਾਰੀ ਲੋਕ, ਵਿਸ਼ੇ ਸਾਗਰ ਦੇ ਦੁਖਾਂ ਭਰੇ ਬਦਬੂਦਾਰ ਅਤਿ ਕੌੜੇ ਤੇ ਖਾਰੇ ਸਾਗਰ ਵਲ ਵਹਿ ਰਹੇ ਹਨ ਪਰ ਜਗਿਆਸੂ ਕਲਿਆਣ ਸਾਗਰ ਵਲ ਨੂੰ ਚਲ ਰਹੇ ਹਨ।

ਸਰਬ ਬਿਰਤੀਆਂ ਦਾ ਨਿਰੁਧ ਅਭਿਆਸ ਅਤੇ ਬੈਰਾਗ ਵੀ ਦ੍ਰਿੜ੍ਹ ਲਗਨ ਤੇ ਆਧਾਰਤ ਹੈ। ਗੁਰੂ ਸੰਗਤ, ਸਤਿ ਸੰਗਤ, ਦ੍ਰਿੜ੍ਹਤਾ ਅਤੀ ਆਵਸ਼ਕ ਹੈ। ਇਹ ਸਾਰੀਆਂ ਬਿਰਤੀਆਂ ਕਲੇਸ਼ਾਂ ਨੂੰ ਜਨਮ ਦਿੰਦੀਆਂ ਹਨ ਜੋ ਦੁਖ ਰੂਪ ਹਨ। ਅਭਿਆਸੀਆਂ ਨੇ ਪੰਜ ਕਲੇਸ਼ ਮੰਨੇ ਹਨ ਜਿਨ੍ਹਾਂ ਦਾ ਇਲਾਜ ਪ੍ਰਭੂ ਦੇ ਨਾਮ ਦਾ ਲਗਾਤਾਰ ਸਿਮਰਨ ਹੈ।

ਸਾਰੇ ਕਲੇਸ਼ਾਂ ਨੂੰ ਉਤਪੰਨ ਕਰਨ ਵਾਲੀ ਮਾਂ ਦਾ ਨਾਮ **ਅਵਿਦਿਆ** ਹੈ। ਮੋਹ ਆਦਿ, ਸਰੀਰ ਵਗੈਰਾ ਅਨਾਤਮ ਪਦਾਰਥਾਂ ਵਿਚ ਆਤਮ ਅਭਿਮਾਨ ਧਾਰਨ ਕਰਨ ਨੂੰ ਅਵਿਦਿਆ ਕਿਹਾ ਜਾਂਦਾ ਹੈ। ਅਵਿਦਿਆ ਹੀ ਅਸਿਮਿਤਾ, ਰਾਗ, ਦ੍ਵੈਸ਼ ਅਤੇ ਅਭਿਨਿਵੇਸ਼ ਕਲੇਸ਼ਾਂ ਨੂੰ ਜਨਮ ਦੇਣ ਵਾਲੀ ਮਾਤਾ ਹੈ।

ਸੰਖੇਪ ਵਿਚ ਸਤਿ ਵਿਚ ਅਸਤਿ, ਅਨਿਤ ਵਿਚ ਨਿਤ, ਅਪਵਿੱਤਰ ਵਿਚ ਪਵਿੱਤਰ ਦੁਖ ਵਿਚ ਸੁਖ ਸਮਝਣਾ ਅਵਿਦਿਆ ਕਹਾਉਂਦੀ ਹੈ। ਇਹ ਬਾਕੀ ਹੋਰ ਚਾਰ ਕਲੇਸ਼ਾਂ ਨੂੰ ਜਨਮ ਦਿੰਦੀ ਹੈ। ਤਿੰਨ ਗੁਣਾਂ ਦਾ ਪ੍ਰਣਾਮ ਮਹੱਤਤ (ਸਮਸ਼ਟ ਬੁੱਧੀ) ਦੀ ਹੋਂਦ ਪ੍ਰਗਟ ਕਰਦਾ ਹੈ। ਮਹੱਤਤ ਤੋਂ ਸਮਸ਼ਟ ਹਉਮੈ ਦੀ ਉਤਪਤੀ ਹੋ ਕੇ ਇਕ ਚਿੱਤ ਅਨੇਕਾਂ ਚਿੱਤਾਂ ਵਿਚ ਵਖਰਾ ਵਖਰਾ ਹੋ ਕੇ ਸੰਸਾਰ ਦੇ ਰੂਪ ਨੂੰ ਧਾਰਨ ਕਰਦਾ ਹੈ। ਚੇਤਨ ਤਤੂ ਤੋਂ ਪ੍ਰਤਿਬਿੰਬਤ ਹੋਇਆ ਵਿਅਸ਼ਟ (ਇਕੱਲਾ ਇਕੱਲਾ) ਚਿੱਤ ਅਵਿਦਿਆ ਧਾਰਨ ਕਰਦਾ ਹੈ ਜਿਸ ਤੋਂ ਅਸਿਮਿਤਾ ਕਲੇਸ਼ ਉਤਪੰਨ ਹੁੰਦਾ ਹੈ ਇਹ ਕਲੇਸ਼ ਇੰਦ੍ਰੀਆਂ ਅਤੇ ਸਰੀਰ ਵਿਚ ਆਤਮ ਭਾਵ ਦ੍ਰਿੜ੍ਹ ਕਰਾਉਂਦਾ ਹੈ, ਮੈਂ ਅਤੇ ਮੇਰੀ ਦਾ ਭਾਵ ਦ੍ਰਿੜ੍ਹ ਹੋ ਜਾਂਦਾ ਹੈ। ਜੋ ਮੈਂ ਅਤੇ ਮੇਰੀ ਦੇ ਹਿਤੂ ਹੋਣ, ਉਨ੍ਹਾਂ ਨਾਲ ਰਾਗ (ਲਗਾਓ) ਉਤਪੰਨ ਹੋ ਜਾਂਦਾ ਹੈ।

ਸਰੀਰ ਅਤੇ ਇਸ ਦੀਆਂ ਇੰਦ੍ਰੀਆਂ ਮਨ, ਬੁੱਧੀ ਵਿਚ ਜੀਵ ਅਧਿਆਸ ਪਰਪੱਕ ਹੋ ਕੇ ਜਿਨ੍ਹਾਂ ਵਸਤੂਆਂ, ਪ੍ਰਾਣੀਆਂ ਤੋਂ ਸੁਖ ਮਿਲਦਾ ਹੈ ਉਨ੍ਹਾਂ ਨਾਲ ਸਬੰਧ ਜੁੜੇ ਰਹਿਣੇ ਰਾਗ ਕਹਾਉਂਦਾ ਹੈ, ਇਹ ਕਲੇਸ਼ ਅਸਿਮਿਤਾ ਤੋਂ ਉਤਪੰਨ ਹੁੰਦਾ ਹੈ, ਇਹ ਰਾਗ ਹੀ ਦ੍ਵੈਸ਼ ਦਾ ਕਾਰਨ ਹੈ। ਜਿਨ੍ਹਾਂ ਵਸਤੂਆਂ, ਪ੍ਰਾਣੀਆਂ ਤੋਂ ਦੁਖ ਮਹਿਸੂਸ ਹੋਵੇ ਉਨ੍ਹਾਂ ਨਾਲ ਦ੍ਵੈਸ਼ ਪੈਦਾ ਹੋ ਜਾਂਦੀ ਹੈ, ਜਿਸ ਨੂੰ ਦ੍ਵੈਸ਼ ਕਲੇਸ਼ ਕਹਿੰਦੇ ਹਨ। ਜੋ ਮਰਨ ਦਾ ਭੈ, ਨਾਸ਼ ਹੋ ਜਾਣ ਦਾ ਭੈ, ਅੰਦੇਸ਼ਾ ਚਿੱਤ ਵਿਚ ਬਣਿਆ ਰਹਿੰਦਾ ਹੈ, ਉਸ ਨੂੰ ਅਭਿਨਿਵੇਸ਼ ਕਲੇਸ਼ ਕਹਿੰਦੇ ਹਨ।

ਇਹ ਸਾਰੇ ਕਲੇਸ਼ ਸਕਾਮ ਕਰਮਾਂ ਦੇ ਕਾਰਣ ਹਨ ਜਿਨ੍ਹਾਂ ਦੀ

ਵਾਸ਼ਨਾ ਅਧੀਨ ਇਹ ਜੀਵ ਜੰਮਣ ਮਰਣ ਦਾ ਸਦਾ ਹੀ ਦੁੱਖ ਸਹਾਰਦਾ ਹੈ ਅਤੇ ਆਪਣੇ ਬੀਜੇ ਕਰਮ ਆਪੇ ਹੀ ਭੋਗਦਾ ਹੈ।

ਕ੍ਰਿਸ਼ਨ ਮਹਾਰਾਜ ਫੁਰਮਾਨ ਕਰਦੇ ਹਨ ਕਿ ਹੇ ਕੁੰਤੀ ਪੁੱਤਰ! ਇਹ ਜੀਵ ਮਰਨ ਸਮੇਂ ਜਿਸ ਵਾਸ਼ਨਾ ਦੀ ਪ੍ਰਬਲ ਸਿੰਮ੍ਰਿਤੀ ਧਾਰਦਾ ਹੈ ਉਸ ਦੇ ਮੁਤਾਬਿਕ ਹੀ ਉਸ ਨੂੰ ਜਨਮ ਮਿਲਦਾ ਹੈ। ਹਿੰਸਕ, ਮਾਸ ਭਖਸ਼ਣ ਕਰਨ ਵਾਲਾ ਜੀਵ-ਆਤਮਾ ਜਿਥੇ ਭੀ ਨਵਾਂ ਸਰੀਰ ਧਾਰਨ ਕਰੇਗਾ, ਪਿਛਲੀ ਵਾਸ਼ਨਾ ਅਨੁਸਾਰ ਕੋਈ ਹਿੰਸਕ ਜੂਨੀ ਹੀ ਉਸ ਨੂੰ ਮਿਲੇਗੀ। ਅੰਤ ਸਮੇਂ 'ਜੋ ਮਤਿ ਸੋ ਗਤਿ' ਅਨੁਸਾਰ ਹੀ ਉਸ ਦਾ ਅਗਲਾ ਸਫਰ ਹੋਵੇਗਾ।

ਜੀਵ ਆਤਮ ਰਥ ਦਾ ਸੁਆਮੀ ਹੈ, ਸਰੀਰ ਰਥ ਹੈ, ਬੁੱਧੀ ਰਥ ਦਾ ਸਾਰਥੀ ਹੈ, ਮਨ ਲਗਾਮ ਹੈ, ਇੰਦ੍ਰੀਆਂ ਘੋੜੇ ਹਨ, ਇਨ੍ਹਾਂ ਦੀ ਸੜਕ ਵਿਸ਼ੇ ਭਰਪੂਰ ਹੈ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਰਾਜਨ! ਪੰਜੇ ਕਲੇਸ਼ ਪ੍ਰਭੂ ਦੇ ਰਸਤੇ ਚੱਲਣ ਵਿਚ ਵਿਘਨਕਾਰੀ ਹਨ ਜਿਨ੍ਹਾਂ ਤੋਂ ਪ੍ਰਭੂ ਸਿਮਰਨ ਵਿਚ ਪੂਰੀ ਤਰ੍ਹਾਂ ਲਿਵਤਾਰ ਹੋਣ ਤੇ ਛੁਟਕਾਰਾ ਮਿਲ ਜਾਂਦਾ ਹੈ। ਬਾਣੀ ਵਿਚ ਫੁਰਮਾਨ ਹੈ -

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262

ਇਕ ਰਹਿਤ ਤਾਂ ਉਹ ਹੁੰਦੀ ਹੈ ਜੋ ਕਿਸੇ ਵਿਅਕਤੀ ਨੂੰ, ਮਜ਼ਹਬ ਨੂੰ ਧਾਰਨ ਸਮੇਂ ਉਸ ਦਾ ਅਚਾਰੀਯ ਦਸਦਾ ਹੈ। ਦੂਜੀ ਰਹਿਤ ਨਿਜ ਨਾਲ ਸਬੰਧ ਰਖਦੀ ਹੈ - ਕੁਝ ਸਰੀਰ ਨਾਲ, ਕੁਝ ਮਨ ਨਾਲ। ਇਨ੍ਹਾਂ ਨਿਯਮਾਂ ਦੀ ਪਾਲਣਾ ਅਤਿ ਜ਼ਰੂਰੀ ਹੈ। ਸਾਰੇ ਵੱਡੇ-ਵੱਡੇ ਮਹਾਂਪੁਰਸ਼ਾਂ ਨੇ ਆਪਣੇ ਵੀਚਾਰਾਂ ਵਿਚ ਇਨ੍ਹਾਂ ਦਾ ਕਥਨ ਕੀਤਾ ਹੈ। ਮਹਾਤਮਾ ਬੁੱਧ ਨੇ ਭੀ ਅਸ਼ਟਾਂਗ ਯੋਗ ਦੇ ਅੱਠ ਨਿਯਮ ਦੱਸੇ ਹਨ।

ਇਸ ਅਨੁਸਾਰ ਕੁਝ ਕਰਮ ਧਾਰਨ ਕਰਨ ਵਾਲੇ ਹਨ, ਕੁਝ ਛੱਡਣ ਵਾਲੇ ਹਨ ਕਿਉਂਕਿ ਵੀਚਾਰਾਂ ਤੋਂ ਹੀ ਉਚਾ ਆਚਾਰ ਬਣਦਾ ਹੈ। ਆਚਾਰ ਤੇ ਵੀਚਾਰ ਦਾ ਘਨਿਸ਼ਠ ਸਬੰਧ ਹੈ। ਅਸ਼ਟਾਂਗ ਯੋਗ ਦੇ ਨਿਯਮ ਹਨ -

1. ਸਤਿ ਦ੍ਰਿਸ਼ਟੀ (ਗਿਆਨ)
2. ਸਤਿ ਸੰਕਲਪ
3. ਸਤਿ ਕਰਮ
4. ਸਤਿ ਬਚਨ
5. ਸਤਿ ਕਿਰਤ
6. ਸਤਿ ਵਿਆਮ
7. ਸਤਿ ਸਿਮਰਨ
8. ਸਤਿ ਸਮਾਧੀ

1. ਸਮਯੱਕ (ਸਤਿ) ਦ੍ਰਿਸ਼ਟੀ - ਆਚਾਰ ਤੇ ਵਿਚਾਰ ਦਾ ਸਬੰਧ ਅਨਿਖੜਵਾਂ ਹੈ। ਵਿਚਾਰ ਦੀ ਭੂਮੀ ਉਪਰ ਆਚਾਰ ਖੜ੍ਹਾ ਹੈ। ਸਤਿ ਦ੍ਰਿਸ਼ਟੀ ਪਹਿਲਾ ਅੰਗ ਹੈ। ਇਹ ਕੁਝ ਕਰਮ ਕਰਨ ਵਾਲੇ ਹਨ, ਕੁਝ ਨਾ ਕਰਨ ਵਾਲੇ ਹਨ। ਇਹ ਕਰਮ ਤਿੰਨ ਹਿੱਸਿਆਂ ਵਿਚ ਹਨ - 1. ਕਾਇਕ ਕਰਮ, 2. ਵਾਚਕ ਕਰਮ 3. ਮਾਨਸ ਕਰਮ

ਬੁਰੇ ਨਾ ਕਰਨ ਵਾਲੇ ਕਰਮ	**ਕਰਨ ਵਾਲੇ ਕਰਮ**
(ੳ) ਕਾਇਕ ਕਰਮ	
1. ਹਿੰਸਾ	ਅਹਿੰਸਾ
2. ਚੋਰੀ	ਅਚੋਰੀ
3. ਵਿਭਚਾਰ	ਅਵਿਭਚਾਰ (ਜਤ)
(ਅ) ਵਾਚਕ ਕਰਮ	
1. ਝੂਠ ਬੋਲਣਾ	ਸੱਚ ਬੋਲਣਾ
2. ਚੁਗਲੀ	ਚੁਗਲੀ ਰਹਿਤ ਬਚਨ
3. ਕੌੜੇ ਬੋਲ	ਮਿੱਠੇ ਬੋਲ
4. ਬਕਵਾਸ	ਥੋੜ੍ਹਾ ਬੋਲਣਾ
(ੲ) ਮਾਨਸ ਕਰਮ	
1. ਲੋਭ	ਲੋਭ ਰਹਿਤ ਰਹਿਣਾ
2. ਸਰਬੱਤ ਦਾ ਬੁਰਾ ਚਿਤਵਨਾ	ਸਰਬੱਤ ਦਾ ਭਲਾ ਮੰਗਣਾ
3. ਮਿਥਿਆ ਦ੍ਰਿਸ਼ਟੀ (ਝੂਠੀ ਧਾਰਨਾ)	ਸਤਿ ਦ੍ਰਿਸ਼ਟੀ

2. ਸਤਿ ਸੰਕਲਪ - ਸਤਿ ਦ੍ਰਿਸ਼ਟੀ ਹੋਣ ਤੇ ਹੀ ਸਤਿ ਸੰਕਲਪ ਨਿਸ਼ਚਾ ਪੈਦਾ ਹੁੰਦਾ ਹੈ। ਦ੍ਰਿੜ੍ਹ ਸੰਕਲਪ ਧਾਰਨਾ ਚਾਹੀਦਾ ਹੈ ਕਿ ਮੈਂ ਵਿਸ਼ਿਆਂ ਦੀ ਕਾਮਨਾ ਨਹੀਂ ਕਰਾਂਗਾ। ਦੂਜੇ ਨਾਲ ਧੋਖਾ, ਵਿਸ਼ਵਾਸ਼ਘਾਤ ਨਹੀਂ ਕਰਾਂਗਾ ਅਤੇ ਨਾ ਹੀ ਕਿਸੇ ਜੀਵ ਦੀ ਹਿੰਸਾ ਹੀ ਕਰਾਂਗਾ।

3. ਸਤਿ ਬਚਨ - ਕੌੜੇ ਬਚਨ, ਚੁਗਲੀ ਬਕਵਾਸ ਨੂੰ ਪੂਰੀ ਤਰ੍ਹਾਂ ਛੱਡ ਦੇਣਾ।

4. ਸਤਿ ਕਰਮ - ਪੰਜ ਸ਼ੀਲ ਪੂਰੀ ਤਰ੍ਹਾਂ ਧਾਰਨ ਕਰਨੇ (ਅਹਿੰਸਾ, ਸਤਯ, ਬ੍ਰਹਮਚਰੀਆ ਧਾਰਨ ਕਰਨਾ, ਸ਼ਰਾਬ ਮਾਸ ਦਾ ਪੂਰੀ ਤਰ੍ਹਾਂ ਤਿਆਗ ਕਰਨਾ।

5. ਸਤਿ ਕਿਰਤ - ਸੁੱਚੀ ਕਿਰਤ ਕਰਨੀ ਆਵਸ਼ਕ ਹੈ। ਝੂਠੀ ਜੀਵਕਾ ਨੂੰ ਛੱਡ ਕੇ ਦਸਾਂ ਨਹੁੰਆਂ ਦੀ ਕਮਾਈ ਤੇ ਸੰਤੁਸ਼ਟ ਰਹੇ। ਕ੍ਰਿਤ ਅਜਿਹੀ ਹੋਣੀ ਚਾਹੀਦੀ ਹੈ ਜਿਸ ਤੋਂ ਦੂਸਰੇ ਨੂੰ ਦੁਖ ਨਾ ਪਹੁੰਚੇ, ਤਰਾਜੂ ਦੀ ਠੱਗੀ, ਵੱਟਿਆਂ ਦੀ ਠੱਗੀ, ਰਲਦੇ ਮਿਲਦੇ ਵਪਾਰਕ ਨਾਮ ਦੀ ਠੱਗੀ, ਰਿਸ਼ਵਤ,

ਵੇਸ਼ਵਾ ਦਾ ਪੇਸ਼ਾ, ਅਕ੍ਰਿਤਘਣਤਾ, ਕੁਟਲਤਾ, ਕਤਲ, ਬੰਧਨ, ਡਾਕਾ, ਲੁੱਟ ਮਾਰ, ਹਥਿਆਰ ਦਾ ਵਪਾਰ, ਮਾਸ ਦਾ ਵਪਾਰ, ਬੰਦਿਆਂ (ਗੁਲਾਮ) ਦਾ ਵਪਾਰ, ਸ਼ਰਾਬ, ਵਿਹੁ ਦਾ ਵਪਾਰ ਨਾ ਕਰੇ। ਸੁੱਚੀ ਕਿਰਤ ਕਰੇ। ਦਸਾਂ ਨੌਹਾਂ ਦੀ ਘਾਲ ਦੇ ਸਤੋਂ ਗੁਣੀ ਪ੍ਰਭਾਵ ਵਿਚ ਵਰਤੇ।

6. **ਸਤਿ ਵਿਆਮ** – ਇੰਦ੍ਰੀਆਂ ਤੇ ਸੰਜਮ, ਬੁਰੀਆਂ ਭਾਵਨਾਵਾਂ ਰੋਕਣੀਆਂ, ਅੱਛੀਆਂ ਭਾਵਨਾਵਾਂ ਰੱਖਣੀਆਂ।

7. **ਸਤਿ ਸਿਮ੍ਰਿਤੀ** – ਵਾਹਿਗੁਰੂ ਜੀ ਦੀ ਮਹਿਮਾ ਨੂੰ ਸਦਾ ਹੀ ਹਿਰਦੇ ਵਿਚ ਵਸਾ ਕੇ ਰਖਣਾ। ਸਤਿ ਸਿਮ੍ਰਿਤੀ ਦੇ ਚਾਰ ਰੂਪ ਹਨ 1. ਕਾਇਆ 2. ਵੇਦਨਾ 3 ਚਿੱਤ 4 ਧਰਮ ਦੇ ਰਹੱਸ ਨੂੰ ਸਮਝਣਾ। ਇਨ੍ਹਾਂ ਦੇ ਵਾਸਤਵਿਕ ਸਰੂਪ ਨੂੰ ਸਮਝਣਾ ਅਤੇ ਇਨ੍ਹਾਂ ਦੀ ਸਿਮ੍ਰਿਤੀ ਸਦਾ ਹੀ ਰੱਖਣੀ।

1. ਕਾਇਆ, ਮਲ ਮੂਤਰ, ਕੇਸ਼, ਨਹੁੰ ਆਦਿ ਪਦਾਰਥਾਂ ਤੋਂ ਬਣੀ ਹੈ।

2. ਸੁੱਖ-ਦੁਖ, ਨਾ ਸੁਖ ਨਾ ਦੁਖ ਦੇ ਭਾਵ ਨੂੰ ਸਮਝਣਾ ਵੇਦਨਾ ਹੈ।

3. ਚਿੱਤ ਦੀਆਂ ਹਾਲਤਾਂ ਬਦਲਦੀਆਂ ਰਹਿੰਦੀਆਂ ਹਨ, ਕਦੇ ਖੁਸ਼ੀ ਕਦੇ ਗਮੀ, ਕਦੇ ਰਾਗ, ਕਦੇ ਬੈਰਾਗ, ਕਦੇ ਦ੍ਵੈਸ਼ ਸਹਿਤ, ਕਦੇ ਦ੍ਵੈਤ ਰਹਿਤ, ਕਦੇ ਮੋਹ ਸਹਿਤ, ਕਦੇ ਮੋਹ ਰਹਿਤ।

4. ਚਿੱਤ ਦੇ ਅਨੇਕਾਂ ਧਰਮ ਹਨ ਕਦੇ ਕਾਮੁਕਤਾ, ਕਦੇ ਧ੍ਰੋਹ, ਕਦੇ ਆਲਸ, ਕਦੇ ਸੰਸੇ ਵਿਚ - ਕਦੇ ਖੇਦ ਆਦਿ ਵਿਚ ਆਪਣੇ ਆਪ ਨੂੰ ਪਛਾਨਣਾ।

8. ਸਤਿ ਸਮਾਧੀ – ਬੁੱਧ ਧਰਮ ਵਿਚ ਮੰਨਿਆ ਜਾਂਦਾ ਹੈ ਕਿ ਗਿਆਨ ਬਿਨਾਂ ਮੁਕਤੀ ਨਹੀਂ ਮਿਲਦੀ। ਗਿਆਨ ਨੂੰ ਨਿਰਵਾਣ, ਕੈਵਲਯ ਮੁਕਤੀ ਦਾ ਮੁੱਖ ਸਾਧਨ ਮੰਨਿਆ ਗਿਆ ਹੈ। ਗਿਆਨ ਦੀ ਉਤਪਤੀ ਉਸ ਸਮੇਂ ਤਕ ਨਹੀਂ ਹੁੰਦੀ ਜਦੋਂ ਤੀਕਰ ਉਸ ਨੂੰ ਧਾਰਨ ਕਰਨ ਦੀ ਯੋਗਤਾ ਸਰੀਰ ਵਿਚ ਨਹੀਂ ਹੁੰਦੀ। ਗਿਆਨ ਲਈ ਸਰੀਰ ਦੀ ਸ਼ੁਧੀ ਦੀ ਆਵਸ਼ਕਤਾ ਹੈ। ਬੁੱਧ ਧਰਮ ਵਿਚ ਸ਼ੀਲ ਅਤੇ ਸਮਾਧੀ ਦੁਆਰਾ ਕਾਇਆ ਸ਼ੁਧੀ ਅਤੇ ਚਿੱਤ ਸ਼ੁੱਧੀ ਤੇ ਵਿਸ਼ੇਸ਼ ਜ਼ੋਰ ਦਿਤਾ ਹੈ।

ਇਸੇ ਤਰ੍ਹਾਂ ਬੁੱਧ ਧਰਮ ਵਿਚ ਪੰਚ ਨਿਯਮਾਂ ਨੂੰ, ਪੰਜ ਮਹਾਂਵਰਤ ਕਿਹਾ ਗਿਆ ਹੈ - ਪਹਿਲੀ ਹੈ ਅਹਿੰਸਾ, ਸਤਿ ਬਚਨ ਬੋਲਣਾ, ਅਸਤਿਯ, ਕਿਸੇ ਤਰ੍ਹਾਂ ਭੀ ਨਾ ਹੱਥਾਂ ਨਾਲ ਨਾ ਪੈਰਾਂ ਨਾਲ ਕਿਸੇ ਪ੍ਰਾਣਧਾਰੀ ਨੂੰ ਪੀੜਾ ਨਾ ਪਹੁੰਚਾਉਣੀ, ਚੋਰੀ ਨਹੀਂ ਕਰਨੀ। 4. ਬ੍ਰਹਮਚਰਯ 5. ਅਪਰ ਗ੍ਰਹਿ ਪੂਰਨ ਸੰਜਮੀ ਨੂੰ ਧਨ, ਧਰਮ, ਨੌਕਰ ਚਾਕਰ ਦਾ ਤਿਆਗ ਜ਼ਰੂਰੀ ਹੈ। ਸਾਰੇ ਪਾਪ ਕਰਮਾਂ ਦਾ ਤਿਆਗ ਜ਼ਰੂਰੀ ਹੈ ਆਪਣੀ ਲੋੜ ਤੋਂ ਵੱਧ ਆਪਣੇ ਪਾਸ ਕੁਝ ਭੀ ਨਾ ਰੱਖਣਾ। ਵਾਧੂ ਵੰਡ ਛਕਣਾ।

ਹੱਠ ਯੋਗ ਦੇ ਛੇ ਪ੍ਰਮੁੱਖ ਸਾਧਨ ਕਰਨੇ ਅਵੱਸ਼ਕ ਹਨ ਜਿਨ੍ਹਾਂ ਦੇ ਨਾਮ ਧੋਤੀ, ਬਸਤੀ, ਨੇਤੀ, ਨਿਓਲੀ, ਤ੍ਰਾਟਕ ਅਤੇ ਕਪਾਲਭਾਤੀ ਹਨ। ਇਹ ਛੇ ਕ੍ਰਿਆਵਾਂ ਸਰੀਰ ਦੇ ਸੋਧਣ ਲਈ ਕਰਨੇ ਜ਼ਰੂਰੀ ਹਨ।

1. ਧੋਤੀ – ਇਹ ਤਿੰਨ ਪ੍ਰਕਾਰ ਦੀ ਹੁੰਦੀ ਹੈ। ਤਿੰਨ ਇੰਚ ਚੌੜੀ ਕਪੜੇ ਦੀ ਲੀਰ ਪੰਦਰਾਂ ਹੱਥ ਲੰਮੀ ਹੌਲੀ ਹੌਲੀ ਮਿਹਦੇ ਤਕ ਲਿਜਾ ਕੇ ਮਿਹਦਾ ਸਾਫ ਕੀਤਾ ਜਾਂਦਾ ਹੈ। ਇਹ ਕ੍ਰਿਆ ਬਹੁਤ ਸਾਵਧਾਨੀ ਨਾਲ ਕਰਨੀ ਪੈਂਦੀ ਹੈ। ਧੋਤੀ ਦੀ ਕ੍ਰਿਆ ਤਿੰਨ ਤਰ੍ਹਾਂ ਦੀ ਹੁੰਦੀ ਹੈ - ਵਾਰੀ ਧੋਤੀ, ਬ੍ਰਹਮ ਦਾਤੰਨ ਅਤੇ ਵਾਸ ਧੋਤੀ।

2. ਬਸਤੀ – ਬਸਤੀ ਮੂਲਧਾਰ ਦੇ ਸਮੀਪ ਹੈ। ਇਕ ਨਲਕੀ ਰਾਹੀਂ ਪਾਣੀ ਅਨੀਮੇ ਵਾਂਗੂੰ ਅੰਦਰ ਲਿਜਾ ਕੇ ਮਲਮੂਤਰ ਸਾਫ ਕੀਤੀ ਜਾਂਦੀ ਹੈ।

3. ਨੇਤੀ – ਨੇਤੀ ਕਰਮ ਵਾਸਤੇ ਮਹੀਨ ਸੂਤ ਦੀ ਡੋਰੀ ਰਾਹੀਂ ਨੱਕ ਦੀ ਸਫਾਈ ਕੀਤੀ ਜਾਂਦੀ ਹੈ। ਇਹ ਜਲ ਰਾਹੀਂ ਭੀ ਹੋ ਸਕਦੀ ਹੈ, ਮੂੰਹ ਨਾਲ ਪਾਣੀ ਪੀ ਕੇ ਨੱਕ ਰਾਹੀਂ ਕੱਢ ਦਿਤਾ ਜਾਂਦਾ ਹੈ।

4. ਨਿਉਲੀ – ਇਹ ਕ੍ਰਿਆ ਹੱਠ ਯੋਗ ਦੀ ਅਵਸ਼ਕ ਕ੍ਰਿਆ ਹੈ। ਪੇਟ ਦੀ ਵਾਯੂ ਬਾਹਰ ਕੱਢਣੀ, ਪੇਟ ਨੂੰ ਘੁਮਾ ਕੇ ਕੀਤੀ ਜਾਂਦੀ ਹੈ। ਇਸ ਕ੍ਰਿਆ ਨਾਲ ਗਲਾ, ਤਿਲੀ, ਮੰਦ ਅਗਨੀ, ਵਾਤ, ਪੇਟ ਦਾ ਕਰੜਾਪਨ, ਪੇਚਸ, ਸੰਗਰਹਿਣੀ ਆਦਿ ਪੇਟ ਦੇ ਸਭ ਰੋਗ ਦੂਰ ਹੋ ਜਾਂਦੇ ਹਨ। ਵਾਤ, ਪਿਤ, ਕਫ, ਤਿੰਨੇ ਦੋਸ਼ ਇਕ ਸਾਥ ਹੀ ਦੂਰ ਹੋ ਜਾਂਦੇ ਹਨ।

5. ਤ੍ਰਾਟਕ – ਕਿਸੀ ਸੁਖਾਲੇ ਆਸਨ ਤੇ ਬੈਠ ਕੇ ਕਿਸੇ ਛੋਟੀ ਚੀਜ਼, ਕਾਗਜ਼ ਉਪਰ ਕਾਲਾ ਧੱਬਾ ਬਣਾ ਕੇ, ਮੋਮਬੱਤੀ ਜਲਾ ਕੇ ਬਿਨਾਂ ਪਲਕ ਝਮਕੇ ਕੀਤਾ ਜਾਂਦਾ ਹੈ। ਬਲੌਰ ਤੇ ਤ੍ਰਾਟਕ ਕਰਨ ਨਾਲ ਕੋਈ ਹਾਨੀ ਨਹੀਂ ਹੁੰਦੀ। ਤ੍ਰਾਟਕ ਦੇ ਬਹੁਤ ਭੇਦ ਹਨ।

6. ਕਪਾਲਭਾਤੀ – ਇਹਦੇ ਭੀ ਬਹੁਤ ਭੇਦ ਹਨ। ਸੁਖ ਆਸਨ ਬੈਠ ਕੇ ਪ੍ਰਾਣਾਯਾਮ ਵਾਂਗੂੰ ਹੀ ਦੋਇ ਨਾਸਕਾ ਚਲਾ ਕੇ ਕਰੇ।

ਇਨ੍ਹਾਂ ਸਾਧਨਾਂ ਦਾ ਬਹੁਤ ਵਿਸਥਾਰ ਹੈ ਪਰ ਹਰ ਪ੍ਰਾਣੀ ਇਹ ਸਾਧਨ ਨਹੀਂ ਕਰ ਸਕਦਾ ਕਿਉਂਕਿ ਸਮਾਂ, ਸਥਾਨ, ਸਾਫ ਹਵਾ ਦੀ ਅਣਹੋਂਦ ਬਣੀ ਰਹਿੰਦੀ ਹੈ।

'ਚਲਦਾ'

L L L L L L

ਵਿਦੇਸ਼ ਫੇਰੀ

ਪ੍ਰੋ. ਗੁਰਦੇਵ ਸਿੰਘ

ਇਸ ਲੜੀ ਨੂੰ ਅੱਗੇ ਤੋਰਦੇ ਹੋਏ ਪਾਠਕਾਂ ਨੂੰ ਯਾਦ ਕਰਵਾ ਰਹੇ ਹਾਂ ਕਿ ਮਹਾਂਪੁਰਸ਼ ਯੂਬਾਸਿਟੀ ਵਿਖੇ ਸਰਦਾਰ ਬਖਸ਼ੀਸ਼ ਸਿੰਘ ਚਹਿਲ ਦੇ ਗ੍ਰਹਿ ਵਿਖੇ ਚਰਨ ਪਾ ਕੇ ਵਾਪਸ ਸਟਾਕਟਨ ਲਈ ਪਰਤ ਰਹੇ ਸਨ ਤਾਂ ਯੂਬਾਸਿਟੀ ਦੇ ਰਮਣੀਕ ਹਰੇ ਭਰੇ ਆਲੇ ਦੁਆਲੇ ਦਾ ਅਨੰਦ 'ਬਲਿਹਾਰੀ ਕੁਦਰਤਿ ਵਸਿਆ....' ਦੇ ਮਹਾਂਵਾਕ ਨੂੰ ਪ੍ਰਤੱਖ ਕਰਦਾ ਪ੍ਰਤੀਤ ਹੋ ਰਿਹਾ ਸੀ ਕਿਉਂਕਿ ਯੂਬਾਸਿਟੀ ਖੇਤੀਬਾੜੀ ਭਰਪੂਰ ਇਲਾਕਾ ਹੈ। ਇਥੋਂ ਦੇ ਬਦਾਮਾਂ ਦੇ ਬਾਗ, ਸਟਰਾਬਰੀ ਦੇ ਫਾਰਮ, ਅਖਰੋਟਾਂ ਦੇ ਬਾਗ ਅਤੇ ਅੰਗੂਰਾਂ ਦੇ ਫਾਰਮ, ਜਿਥੋਂ ਤਕ ਨਜ਼ਰ ਜਾਂਦੀ ਹੈ, ਹਜ਼ਾਰਾਂ ਏਕੜ ਭੂਮੀ ਵਿਚ ਫੈਲੇ ਹੋਏ ਹਨ। ਇਕ ਇਕ ਫਾਰਮ 100 ਤੋਂ 500 ਅਤੇ 1000, ਇਸ ਤੋਂ ਵੀ ਵੱਡੇ 5000 ਤੋਂ 10000 ਏਕੜ ਤਕ ਦੇ ਵੀ ਹਨ। ਪੰਜਾਬ ਦੇ ਬਹੁਤ ਸਾਰੇ ਖੇਤੀਬਾੜੀ ਦਾ ਕੰਮ ਕਰਨ ਵਾਲੇ ਪ੍ਰੇਮੀ ਅਤੇ ਕਿਸਾਨ ਪਰਿਵਾਰ ਇਥੇ ਆ ਕੇ ਵਸੇ ਹੋਏ ਹਨ ਤੇ ਜਦੋਂ ਇਥੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੰਗਤ ਦੇ ਦਰਸ਼ਨ ਕਰੀਦੇ ਹਨ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਥੇ ਤਾਂ ਇਕ ਕਿਸਮ ਦਾ ਮਿੰਨੀ ਪੰਜਾਬ ਵਿਚ ਹੀ ਬੈਠੇ ਹੋਇਆਂ ਦਾ ਭੁਲੇਖਾ ਪੈਂਦਾ ਹੈ। ਖੇਤੀਬਾੜੀ ਦੇ ਕੰਮ ਕਰਨ ਵਾਲੇ ਕਾਮਿਆਂ ਲਈ ਮਸ਼ੀਨਾਂ ਨਾਲ ਕੰਮ ਕਰਨ ਦੀਆਂ ਸਹੂਲਤਾਂ ਹਨ। ਪਾਈਪ ਲਾਈਨਾਂ ਵਿਛਾ ਕੇ ਸਿੰਜਾਈ ਕਰਨ ਦਾ ਪ੍ਰਬੰਧ ਬਹੁਤ ਅੱਛਾ ਹੈ ਅਤੇ ਪੌਦਿਆਂ ਦਾ ਫਾਸਲਾ ਇਸ ਪ੍ਰਕਾਰ ਨਾਲ ਹੈ ਕਿ ਟਰੈਕਟਰ ਤੇ ਮਸ਼ੀਨਾਂ ਆਦਿ ਆਸਾਨੀ ਨਾਲ ਵਿਚੋਂ ਦੀ ਚਲ ਸਕਣ ਜਿਸ ਨਾਲ ਜ਼ਮੀਨ ਠੀਕ ਕਰਨ ਅਤੇ ਫਲ ਤੋੜਨ ਲਈ ਆਸਾਨੀ ਹੋ ਸਕੇ। ਇਨ੍ਹਾਂ ਫਾਰਮਾਂ ਵਿਚ ਭਾਵੇਂ ਉਹ ਕੈਲੀਫੋਰਨੀਆਂ ਦੇ ਹੋਰ ਫਾਰਮਾਂ ਵਿਚ, ਜਿਵੇਂ ਟਰਲਾਕ ਮਡੈਸਟੋ ਟਰੇਸੀ ਹੈ ਜਾਂ ਯੂਬਾਸਿਟੀ ਹੈ, ਸੜਕਾਂ ਦੀ ਸਹੂਲਤ ਬਹੁਤ ਅੱਛੀ ਹੈ। ਸੜਕਾਂ ਬਹੁਤ ਚੌੜੀਆਂ, ਪੱਕੀਆਂ ਤੇ ਪੱਧਰ ਹਨ ਅਤੇ ਮੋੜਾਂ ਉਤੇ ਥਾਂ ਥਾਂ ਤੇ ਸੇਧਾਂ ਲਿਖੀਆਂ ਹੁੰਦੀਆਂ ਹਨ ਤਾ ਕਿ ਕਿਸੇ ਵੀ ਮੁਸਾਫਰ ਨੂੰ ਥਾਂ ਟਿਕਾਣਾ ਲੱਭਣ ਵਿਚ ਔਖਿਆਈ ਨਾ ਹੋਵੇ।

ਇਸ ਤਰ੍ਹਾਂ ਨਾਲ ਮਹਾਂਪੁਰਸ਼ਾਂ ਨੇ ਸਰਦਾਰ ਮਹਿੰਦਰ ਸਿੰਘ ਗਿੱਲ ਤੇ ਰਾਜ (ਅਰਵਿੰਦਰ ਸਿੰਘ) ਹੋਰਾਂ ਨਾਲ ਟਰਲਾਕ ਆ ਕੇ ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਖੇ ਆਰਾਮ ਕੀਤਾ ਤੇ ਜਥੇ ਦੇ ਸਿੰਘਾਂ ਨੇ ਸਟਾਕਟਨ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਇਆ। ਪਹਿਲਾਂ ਭਾਈ ਹਰਪਾਲ ਸਿੰਘ ਨੇ ਰਤਵਾੜਾ ਸਾਹਿਬ ਬਾਰੇ ਤੇ ਮਿਸ਼ਨ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ ਉਪਰੰਤ ਭਾਈ ਲਖਬੀਰ ਸਿੰਘ ਜੀ ਨੇ ਕੀਰਤਨ ਤੇ ਕਥਾ ਰਾਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿਤਾ ਅਤੇ ਦੱਸਿਆ ਕਿ ਗੁਰਬਾਣੀ ਦੀ ਤੇ ਨਾਮ ਜਪਣ ਦੀ ਸਮਝ ਤਾਂ ਹੀ ਪੈਂਦੀ ਹੈ ਜੇਕਰ ਪ੍ਰਮੇਸ਼ਰ ਨਾਲ ਜੁੜੇ ਹੋਏ ਉਨ੍ਹਾਂ ਦੇ ਗੁਰਮੁਖ ਪਿਆਰੇ ਸੰਤਾਂ ਦਾ ਸੰਗ ਕੀਤਾ ਜਾਵੇ ਅਤੇ ਉਨ੍ਹਾਂ ਦੇ ਹੁਕਮ ਵਿਚ ਕੀਤੀ ਹੋਈ ਸੇਵਾ ਘਾਲਣਾ ਥਾਇ ਪੈਂਦੀ ਹੈ।

9 ਫਰਵਰੀ ਦਿਨ ਬੁੱਧਵਾਰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਵੇਰੇ 6 ਵਜੇ ਤੋਂ 8 ਵਜੇ ਤਕ ਭਾਈ ਓਅੰਕਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਇਹ ਪ੍ਰੇਮੀ ਸਰਦਾਰ ਮਹਿੰਦਰ ਸਿੰਘ ਗਿੱਲ ਹੋਰਾਂ ਦੇ ਪਰਿਵਾਰ ਨਾਲ ਹੀ ਸਬੰਧ ਰਖਦੇ ਹਨ ਅਤੇ ਹਿਲਮਾਰ ਡੇਅਰੀ ਵਿਚ ਕੰਮ ਕਰਦੇ ਹਨ। ਬਾਬਾ ਜੀ 9 ਵਜੇ ਦੇ ਕਰੀਬ ਇਨ੍ਹਾਂ ਦੇ ਘਰ ਪਹੁੰਚੇ ਜਿਥੇ ਕਿ ਕਾਫੀ ਸੰਗਤ ਜੁੜ ਕੇ ਬਾਬਾ ਜੀ ਦਾ ਇੰਤਜ਼ਾਰ ਕਰ ਰਹੀ ਸੀ। ਇਥੇ ਇਕ ਬੀਬੀ ਜਗੀਰ ਕੌਰ ਜੋ ਕਿ ਬਾਬਾ ਜੀ ਦੇ ਵੱਡੇ ਭੈਣ ਜੀ ਸਵਰਗਵਾਸੀ ਮਾਤਾ ਜਸਵੰਤ ਕੌਰ ਦੇ ਪਿੰਡ ਧਲੇਤੇ ਤੋਂ ਸੀ। ਉਸ ਨੇ ਬਾਬਾ ਜੀ ਨੂੰ ਉਨ੍ਹਾਂ ਦੇ ਬਚਪਨ ਬਾਰੇ ਦੱਸਿਆ ਜਦੋਂ ਉਹ ਵੱਡੇ ਭੈਣ ਜੀ ਕੋਲ ਧਲੇਤੇ ਆ ਕੇ ਰਿਹਾ ਕਰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਬਾਬਾ ਜੀ ਬੱਚਿਆਂ ਤੋਂ ਲਾਂਭੇ ਹੋ ਕੇ ਸਿਮਰਨ ਕਰਿਆ ਕਰਦੇ ਸੀ। ਇਨ੍ਹਾਂ ਦੇ ਭੈਣ ਜੀ ਨੂੰ ਇਨ੍ਹਾਂ ਨੂੰ ਲੱਭਣਾ ਪੈਂਦਾ ਸੀ। ਇਹ ਕਦੀ ਇਕੱਲੇ ਦਰਖਤਾਂ ਦੇ ਝੁੰਡ ਵਿਚ ਜਾਂ ਕਮਾਦ ਦੇ ਖੇਤ ਵਿਚ ਜੋ ਗੁੜ ਪਕਾਉਣ ਵਾਲੀ ਭੱਠੀ ਜ਼ਮੀਨ ਤੋਂ ਡੂੰਘੀ ਬਣੀ ਹੁੰਦੀ ਹੈ ਜਿਸ ਨੂੰ 'ਬਹਿਣੀ' ਕਹਿੰਦੇ ਹਨ ਉਸ ਵਿਚ ਬੈਠ ਜਾਇਆ ਕਰਦੇ ਸਨ ਅਤੇ ਇਨ੍ਹਾਂ ਨੂੰ ਇਹੋ ਜਿਹੀਆਂ ਥਾਂਵਾਂ ਤੋਂ ਡਰ ਨਹੀਂ ਸੀ ਲੱਗਿਆ ਕਰਦਾ ਕਿ ਇਥੇ ਸੱਪ ਆਦਿ ਕੀੜਾ ਮਕੌੜਾ ਲੜ ਜਾਵੇਗਾ ਕਿਉਂਕਿ ਨਾਮ ਜਪਣ ਦੀ ਲਗਨ ਬਚਪਨ ਤੋਂ ਹੀ ਸੀ।

ਇਥੋਂ ਬਾਬਾ ਜੀ ਦੀ ਕਾਰ ਡਰਾਈਵ ਕਰਕੇ ਸਰਦਾਰ ਮਹਿੰਦਰ ਗਿੱਲ ਦੇ ਘਰੋਂ, ਬੀਬੀ ਨਰਿੰਦਰ ਕੌਰ ਜੀ ਜੋ ਬਹੁਤ ਹੀ, ਸੇਵਾ ਭਾਵ ਵਾਲੇ ਅਤੇ ਕੰਮਕਾਰ ਵਾਲੇ ਹਨ, ਬਾਬਾ ਜੀ ਨੂੰ ਘਰ ਲਿਆਏ ਕਿਉਂਕਿ ਬਾਬਾ ਜੀ ਦਾ ਨਿਵਾਸ ਇਨ੍ਹਾਂ ਦੇ ਗ੍ਰਹਿ ਵਿਖੇ ਹੀ ਰਿਹਾ ਹੈ। ਸਾਰਾ ਹੀ ਪਰਿਵਾਰ ਇਕ ਤਰ੍ਹਾਂ ਨਾਲ ਸੇਵਾ ਦੀ ਮੂਰਤ ਹੀ ਹੈ। ਜਿਥੇ ਸਰਦਾਰ ਮਹਿੰਦਰ ਸਿੰਘ ਗਿੱਲ ਬਹੁਤ ਨਰਮ ਸੁਭਾਅ, ਮਿੱਠਬੋਲੜੇ ਤੇ ਨੇਕ ਦਿਲ ਇਨਸਾਨ ਹਨ, ਇਸ ਤੋਂ ਵੀ ਵੱਧ ਇਨ੍ਹਾਂ ਦਾ ਸਾਰਾ ਪਰਿਵਾਰ ਹੈ। ਇਨ੍ਹਾਂ ਦਾ ਘਰ ਇਕ ਤਰ੍ਹਾਂ ਨਾਲ ਗੁਰੂ ਦਾ ਘਰ ਭਾਵ ਗੁਰਦੁਆਰਾ ਹੀ ਬਣਿਆ ਹੋਇਆ ਸੀ ਤੇ ਗੁਰੂ ਕਾ ਲੰਗਰ ਚਾਹ ਆਦਿ ਹਰ ਵੇਲੇ ਆਉਣ ਵਾਲੀ ਸੰਗਤ ਨੂੰ ਛਕਾਈ ਜਾਂਦੀ ਸੀ। ਘਰ ਵਿਚ ਦੋ ਵੱਡੇ ਵੱਡੇ ਹਾਲ ਸਨ ਜਿਨ੍ਹਾਂ ਵਿਚ ਬਾਹਰੋਂ ਆਈਆਂ ਸੰਗਤਾਂ ਦਾ ਵਿਸਰਾਮ ਕਰਾਇਆ ਜਾਂਦਾ ਸੀ। ਘਰ ਦੇ ਆਲੇ ਦੁਆਲੇ ਇਨ੍ਹਾਂ ਦੀ ਚਾਰ ਏਕੜ ਜ਼ਮੀਨ ਆਪਣੀ ਹੀ ਸੀ, ਇਕ swimming pool ਭੀ ਘਰ ਦੇ ਪਿਛਲੇ ਹਿੱਸੇ ਵਿਚ ਸੀ। ਟਿਊਬਵੈਲ ਭੀ ਲੱਗਿਆ ਹੋਇਆ ਸੀ। ਮਹਾਂਪੁਰਸ਼ਾਂ ਨੂੰ ਮਿਲਣ ਦਾ ਸਮਾਂ ਨਿਯਤ ਕਰਨਾ ਤੇ ਉਨ੍ਹਾਂ ਨਾਲ ਮਿਲਾਉਣਾ, ਇਹ ਸਾਰੀ ਜ਼ਿੰਮੇਵਾਰੀ ਬੀਬੀ ਨਰਿੰਦਰ ਕੌਰ ਦੀ ਸੀ ਕਿਉਂਕਿ ਬਾਬਾ ਜੀ ਨੂੰ ਮਿਲਣ ਵਾਲੀ ਸੰਗਤ ਦਾ ਤਾਂ ਤਾਂਤਾ ਬੱਝਿਆ ਹੀ ਰਹਿੰਦਾ ਸੀ। ਘਰ ਦੇ ਕੰਮ ਤੋਂ ਇਲਾਵਾ ਉਹ ਦਫਤਰ ਦਾ ਕੰਮ ਤੇ ਸਟੋਰ ਦਾ ਕੰਮ ਵੀ ਸੰਭਾਲਦੇ ਸਨ। ਅਸਲ ਵਿਚ ਸਰਦਾਰ ਮਹਿੰਦਰ ਸਿੰਘ ਗਿੱਲ ਟਰਲਾਕ ਸਰਦਾਰ ਸਤਨਾਮ ਸਿੰਘ ਸੈਨਹੋਜ਼ੇ ਤੇ ਉਨ੍ਹਾਂ ਦੇ ਅਣਥੱਕ ਸਾਥੀਆਂ ਦੇ ਉਦਮ ਦਾ ਸਦਕਾ ਹੀ, ਅਮਰੀਕਾ ਦੀ ਸੰਗਤ ਨੂੰ ਬਾਬਾ ਜੀ ਦੇ ਦਰਸ਼ਨਾਂ ਦਾ ਤੇ ਪ੍ਰਵਚਨ ਸਰਵਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ।

ਮੈਂ ਦੱਸ ਰਿਹਾ ਸੀ ਕਿ ਜਿਸ ਪ੍ਰੇਮੀ ਦੇ ਘਰ ਅੱਜ ਆਸਾ ਜੀ ਦੀ ਵਾਰ ਸੀ ਉਹ ਹਿਲਮਾਰ ਦੇ ਡੇਅਰੀ ਫਾਰਮ ਵਿਚ ਕੰਮ ਕਰਦੇ ਹਨ ਤੇ ਉਨ੍ਹਾਂ ਨੇ ਬਾਬਾ ਜੀ ਨੂੰ ਇਹ ਡੇਅਰੀ ਦਿਖਾਉਣ ਵਾਸਤੇ ਬੇਨਤੀ ਕੀਤੀ ਸੀ। ਘਰ ਪਹੁੰਚਣ ਤੋਂ ਬਾਅਦ ਹੀ ਹਿਲਮਾਰ ਡੇਅਰੀ ਦੇਖਣ ਲਈ ਬਾਬਾ ਜੀ ਰਵਾਨਾ ਹੋ ਗਏ ਤੇ ਦਾਸ ਵੀ ਨਾਲ ਹੀ ਸੀ ਤੇ ਡਰਾਇਵਿੰਗ 'ਭਾਈ ਰਾਣਾ ਜੀ' ਕਰ ਰਹੇ ਸੀ। ਇਹ ਦੋਵੇਂ ਭਰਾ ਰਾਣਾ ਤੇ ਸੋਢੀ, ਸਰਦਾਰ ਮਹਿੰਦਰ ਸਿੰਘ ਗਿੱਲ ਦੇ ਹੀ ਭਤੀਜੇ ਹਨ ਜੋ ਕਿ ਇਕ ਦੂਜੇ ਤੋਂ ਵੱਧ ਚੜ੍ਹ ਕੇ ਸੇਵਾ ਕਰਦੇ ਹਨ ਅਤੇ ਜਦੋਂ ਇਨ੍ਹਾਂ ਨੂੰ ਪਤਾ ਲਗਦਾ ਹੈ ਕਿ ਬਾਬਾ ਜੀ ਆ ਗਏ ਹਨ ਤਾਂ ਖੁਸ਼ੀ ਵਿਚ ਫੂਲੇ ਨਹੀਂ ਸਮਾਉਂਦੇ ਤੇ ਝੱਟ ਕੰਮ ਕਾਰ ਦੀ ਪ੍ਰਵਾਹ ਨਾ ਕਰਦੇ ਹੋਏ ਸੇਵਾ ਵਿਚ ਹਾਜ਼ਰ ਹੋ ਜਾਂਦੇ ਹਨ। ਇਨ੍ਹਾਂ ਦਾ ਟਰਾਂਸਪੋਰਟ ਦਾ ਕੰਮ ਹੈ ਜੋ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਅੱਛਾ ਕੰਮ ਕਾਰ ਹੈ, ਚਾਰ ਵੱਡੇ ਟਰੱਕ, 20 ਵੱਡੇ ਟਰੇਲਰ ਹਨ ਅਤੇ ਇਨ੍ਹਾਂ ਦੀ ਆਪਣੀ ਹੀ ਕੰਪਨੀ ਹੈ ਜਿਸ ਨਾਲ 20, 25 ਟਰੱਕ attached ਹਨ। ਬਾਬਾ ਜੀ ਨਾਲ ਇਨ੍ਹਾਂ ਦਾ ਬਹੁਤ ਸਨੇਹ ਹੈ ਪਰ ਉਹ ਕਦੇ ਦਸਦੇ ਨਹੀਂ ਕਿਉਂਕਿ ਬਾਬਾ ਜੀ ਦੀ ਇਸ ਪ੍ਰਚਾਰ ਫੇਰੀ ਦੌਰਾਨ ਇਹ ਖੁਸ਼ੀ ਦੇ ਭਾਵ ਉਨ੍ਹਾਂ ਦੇ ਹਸਮੁਖ ਚਿਹਰਿਆਂ ਤੋਂ ਸਹਿਜੇ ਹੀ ਪੜ੍ਹੇ ਜਾ ਸਕਦੇ ਸਨ।

ਇਸ ਡੇਅਰੀ ਦਾ ਨਾਮ 'ਚੱਕ ਐਹਲੇਮ ਡੇਅਰੀ' ਹੈ ਜੋ ਕਿ ਟਰਲਾਕ ਲਾਗੇ ਹਿਲਮਾਰ ਵਿਚ ਘੱਟੋ ਘੱਟ 100 ਏਕੜ ਵਿਚ ਫੈਲ ਹੋਈ ਹੈ। ਇਹ ਡੇਅਰੀ ਸਵਿਟਜ਼ਰਲੈਂਡ ਦੀ ਇਕ ਕੰਪਨੀ ਦੀ ਮਲਕੀਅਤ ਹੈ ਜਿਸ ਵਿਚ ਸਾਰੀਆਂ ਸਵਿਸ ਗਊਆਂ ਹੀ ਰੱਖੀਆਂ ਗਈਆਂ ਹਨ। ਇਸ ਦੇ ਮੈਨੇਜਰ ਮਿਸਟਰ ਜੋਅ ਸਿਲਬਾ ਹਨ ਜੋ ਕਿ ਪੁਰਤਗਾਲੀ ਹਨ ਅਤੇ ਕਾਫੀ ਸਮੇਂ ਤੋਂ ਇਸੇ ਕੰਪਨੀ ਵਿਚ ਕੰਮ ਕਰਦੇ ਚਲੇ ਆ ਰਹੇ ਹਨ। ਇਹ ਬੜੇ ਨੇਕ ਸੁਭਾਅ ਦੇ ਤੇ ਆਪਣੇ ਕੰਮ ਦੇ ਮਾਹਿਰ ਹਨ। ਇਥੇ ਇਹ ਦਸਣਾ ਭੀ ਕੁਥਾਂ ਨਹੀਂ ਹੋਵੇਗਾ ਕਿ ਇਹ ਪ੍ਰੇਮੀ ਦੋ ਸਾਲ ਪਹਿਲਾਂ, ਜਦੋਂ ਬਾਬਾ ਜੀ ਅਮਰੀਕਾ ਆਏ ਸਨ, ਉਨ੍ਹਾਂ ਨੂੰ ਮਿਲਿਆ ਸੀ। ਇਸ ਦੇ ਲੱਕ ਵਿਚ ਦਰਦ ਹੁੰਦਾ ਸੀ, ਬਾਬਾ ਜੀ ਨੇ ਰੋਮਨ ਅੱਖਰਾਂ ਵਿਚ ਲਿਖ ਕੇ ਇਕ ਸ਼ਬਦ ਦਾ ਪਾਠ ਪੂਰੇ ਨਿਸ਼ਚੇ ਨਾਲ ਕਰਨ ਦੀ ਹਦਾਇਤ ਦਿਤੀ ਸੀ। ਇਸ ਵਾਰੀ ਇਸ ਪੁਰਤਗਾਲੀ ਸੱਜਣ ਨੇ ਦੱਸਿਆ ਕਿ ਉਹ ਛੇਤੀ ਹੀ ਠੀਕ ਹੋ ਗਿਆ ਸੀ ਅਤੇ ਧੰਨਵਾਦ ਕਰਦਾ ਸੀ। ਇਥੇ ਪਹੁੰਚਦਿਆਂ ਹੀ ਇਨ੍ਹਾਂ ਨੇ ਬਾਬਾ ਜੀ ਨੂੰ ਜੀ ਆਇਆਂ ਆਖਿਆ ਤੇ ਡੇਅਰੀ ਵਿਖਾਉਣ ਲਈ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਡੇਅਰੀ ਕੰਪਲੈਕਸ ਵਿਚ ਇਕ ਪਾਸੇ ਗਾਵਾਂ ਨੂੰ ਚੋਣ ਵਾਲੀਆਂ ਮਸ਼ੀਨਾਂ ਲਈ ਅਤੇ ਦੁੱਧ ਜਮ੍ਹਾਂ ਕਰਨ ਲਈ ਸਟਾਕ ਰੂਮ ਹੈ ਜਿਸ ਵਿਚ ਵੱਡਾ ਟੈਂਕਰ ਹੈ। ਚਾਰਾ ਅਤੇ ਦਾਣਾ ਆਦਿ ਲਈ ਵੱਡੇ ਵੱਡੇ ਗੁਦਾਮ ਹਨ। ਗਾਵਾਂ ਦੇ ਆਰਾਮ ਨਾਲ ਖੜ੍ਹਨ ਲਈ ਬਹੁਤ ਵੱਡਾ ਸ਼ੈਡ ਹੈ। ਛੋਟੇ ਬਛਰੂਆਂ ਲਈ ਅਲੱਗ ਥਾਂ ਬਣਾਈ ਹੋਈ ਹੈ ਤੇ ਅਲੱਗ ਅਲੱਗ ਖਾਨੇ ਬਣਾ ਕੇ ਖੜ੍ਹੇ ਕੀਤੇ ਹੋਏ ਹਨ। ਇਸ ਡੇਅਰੀ ਵਿਚ ਕੁਲ ਤਿੰਨ ਹਜ਼ਾਰ ਦੇ ਕਰੀਬ ਗਾਵਾਂ ਹਨ ਅਤੇ 1500 ਦੁੱਧ ਦਿੰਦੀਆਂ ਹਨ, 500 ਦੇ ਕਰੀਬ ਬਛਰੂ ਹਨ। ਇਕ ਗਾਂ ਇਕ ਟਾਈਮ ਦਾ ਸੌ ਪੌਂਡ ਦੁੱਧ ਦਿੰਦੀ ਹੈ ਅਤੇ ਮਸ਼ੀਨਾਂ ਨਾਲ ਇਕੋ ਸਮੇਂ 33 ਗਾਵਾਂ ਦਾ ਦੁੱਧ ਚੋ ਲਿਤਾ ਜਾਂਦਾ ਹੈ। ਇਹ ਸਾਰਾ ਦੁੱਧ ਆਪਣੇ ਆਪ ਪਾਈਪਾਂ ਰਾਹੀਂ ਵੱਡੇ ਟੈਂਕਰ ਵਿਚ ਪੈਂਦਾ ਰਹਿੰਦਾ ਹੈ ਅਤੇ ਕੰਪਿਊਟਰ ਰਾਹੀਂ ਪਤਾ ਲਗਦਾ ਰਹਿੰਦਾ ਹੈ ਇਕ ਇਕ ਗਾਂ ਨੇ ਕਿੰਨਾ ਦੁੱਧ ਦਿਤਾ ਹੈ ਅਤੇ ਟੈਂਕਰ ਵਿਚ ਦੁੱਧ ਦੀ ਮਿਕਦਾਰ ਦਾ ਵੀ ਪਤਾ ਲਗਦਾ ਰਹਿੰਦਾ ਹੈ। ਗਾਵਾਂ ਨੂੰ ਚੋਣ ਤੋਂ ਪਹਿਲਾਂ ਇਕ ਸ਼ੈਡ ਰਾਹੀਂ ਹੋ ਕੇ ਮਸ਼ੀਨਾਂ ਦੇ ਸ਼ੈਡ 'ਚ ਜਾਣਾ ਪੈਣਾ ਹੈ ਜਿਥੇ ਉਨ੍ਹਾਂ ਨੂੰ ਆਟੋਮੈਟਿਕ ਤਰੀਕੇ ਨਾਲ ਪਾਨੀ ਨਾਲ ਨੁਹਾਇਆ (shower) ਜਾਂਦਾ ਹੈ ਅਤੇ ਉਹ ਆਪਣੇ ਆਪ ਪਿੱਠ ਲਾ ਕੇ ਉਸ ਜੰਤਰ ਦੇ ਨਾਲ ਲਗ ਕੇ ਮੁੜ ਜਾਂਦੀਆਂ ਹਨ ਜਿਥੇ ਦੁੱਧ ਚੋਣ ਵਾਲੀ ਮਸ਼ੀਨ ਲੱਗੀ ਹੁੰਦੀ ਹੈ। ਮਿਸਟਰ ਜੋਅ ਨੇ ਗੱਲਬਾਤ ਕਰਦਿਆਂ ਦੱਸਿਆ ਸੀ ਕਿ ਬੱਛੇ-ਬੱਛੀਆਂ ਦੀ ਗਿਣਤੀ ਅੱਧੋ ਅੱਧ ਹੁੰਦੀ ਹੈ, ਬੱਛੀਆਂ ਨੂੰ ਪਾਲ ਕੇ ਗਾਵਾਂ ਬਣ ਜਾਂਦੀਆਂ ਹਨ ਤੇ ਇਹਦੇ ਵਿਚ ਇਹ ਰਿਕਾਰਡ ਰੱਖਿਆ ਜਾਂਦਾ ਹੈ ਕਿ ਇਸ ਦੀ ਮਾਂ ਕਿੰਨਾ ਦੁੱਧ ਦਿੰਦੀ ਸੀ ਤੇ ਇਨ੍ਹਾਂ ਦੇ ਗਲ ਨਾਲ ਨੰਬਰ ਬੱਧੇ ਹੋਏ ਹੁੰਦੇ ਹਨ ਜਿਸ ਨਾਲ ਪਤਾ ਲਗ ਜਾਂਦਾ ਹੈ ਕਿ ਇਹ ਬੱਛੀ ਕਿਸ ਗਾਂ ਦੀ ਹੈ। ਇਸੇ ਤਰ੍ਹਾਂ ਇਨ੍ਹਾਂ ਦੀ breeding ਦਾ ਰਿਕਾਰਡ ਵੀ ਰੱਖਿਆ ਜਾਂਦਾ ਹੈ।

ਬੱਛਿਆਂ ਨੂੰ ਵੇਚ ਦਿਤਾ ਜਾਂਦਾ ਹੈ ਤੇ ਫੈਕਟਰੀਆਂ ਵਿਚ ਇਨ੍ਹਾਂ ਦਾ ਮੀਟ ਪਰਾਡਕਟਸ ਬਣਦਾ ਹੈ। ਡਾਕਟਰ ਹਰ ਹਫਤੇ 3000 ਗਾਵਾਂ ਨੂੰ ਚੈਕ ਕਰਦਾ ਹੈ ਤੇ ਇਕ ਗਾਂ ਤਕਰੀਬਨ ਦੋ ਸਾਲ ਦੀ ਉਮਰ ਵਿਚ ਸੂਅ ਪੈਂਦੀ ਹੈ। ਹਰ ਇਕ ਗਾਂ ਦੀ ਖੁਰਾਕ 80 ਪੌਂਡ ਰੋਜ਼ ਦੀ ਹੈ ਜਿਸ ਵਿਚ ਲੂਸਣ, ਮੱਕੀ ਦੇ ਦਾਣਿਆਂ ਦੀ ਫੀਡ ਅਤੇ ਵੜੇਵੇਂ ਮਿਕਸ ਕਰਕੇ ਖੁਆਏ ਜਾਂਦੇ ਹਨ। ਇਨ੍ਹਾਂ ਗਾਵਾਂ ਦੇ ਸ਼ੈਡਾਂ ਵਿਚ ਮਲਮੂਤਰ ਦੀ ਸਫਾਈ ਦਾ ਪ੍ਰਬੰਧ ਬਹੁਤ ਅੱਛਾ ਹੈ। ਮਲਮੂਤਰ ਆਪਣੇ ਆਪ ਰਿੜ੍ਹ ਕੇ ਨਾਲੀ ਰਾਹੀਂ ਪਾਣੀ ਦੇ ਜ਼ੋਰ ਨਾਲ ਵੱਡੇ ਨਾਲੇ ਵਿਚ ਪੈਂਦਾ ਰਹਿੰਦਾ ਹੈ ਤੇ ਗਾਵਾਂ ਅੱਗੇ ਹੋ ਕੇ ਸੁਥਰੀ ਥਾਂ ਤੇ ਖੜ੍ਹੀਆਂ ਰਹਿੰਦੀਆਂ ਹਨ। ਇਸ ਡੇਅਰੀ ਵਿਚ ਹਰ ਰੋਜ਼ ਬਾਰਾਂ ਹਜ਼ਾਰ ਗੈਲਨ ਦੁੱਧ ਦੀ ਪੈਦਾਵਾਰ ਹੈ ਅਤੇ ਇਸ ਨੇੜੇ ਹੀ ਡੇਅਰੀ ਫੈਕਟਰੀ ਹੈ ਜਿਸ ਵਿਚ ਇਸ ਦੁੱਧ ਦੇ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ, ਪਨੀਰ ਆਦਿ ਬਣਾ ਕੇ ਸਾਰੇ ਅਮਰੀਕਾ ਭਰ ਵਿਚ ਸਪਲਾਈ ਕੀਤਾ ਜਾਂਦਾ ਹੈ।

ਇਥੋਂ ਪਰਤਦਿਆਂ ਦੁਪਹਿਰ ਦਾ ਸਮਾਂ ਹੋ ਗਿਆ ਸੀ ਤੇ ਬਾਬਾ ਜੀ ਨੇ ਆਪਣੇ ਨਿਵਾਸ ਸਥਾਨ ਤੇ ਪੁੱਜ ਕੇ ਪ੍ਰਸ਼ਾਦਾ ਆਦਿ ਛਕ ਥੋੜ੍ਹਾ ਆਰਾਮ ਕੀਤਾ। ਕਾਫੀ ਸੰਗਤ ਬਾਬਾ ਜੀ ਨੂੰ ਮਿਲਣ ਵਾਲੀ ਆਈ ਹੋਈ ਸੀ। ਬਾਅਦ ਵਿਚ ਬਾਬਾ ਜੀ ਨੇ ਉਨ੍ਹਾਂ ਨਾਲ ਬਚਨ ਕੀਤੇ ਤੇ ਫੇਰ ਸ਼ਾਮ ਦਾ ਦੀਵਾਨ ਸਟਾਕਟਨ ਗੁਰਦੁਆਰਾ ਸਾਹਿਬ ਲਗਣਾ ਸੀ, ਉਥੇ ਲਈ ਰਵਾਨਾ ਹੋ ਗਏ। ਇਥੇ ਪਹਿਲਾਂ ਜਥੇ ਨੇ ਕੀਰਤਨ ਕੀਤਾ ਜਿਸ ਵਿਚ ਭਾਈ ਲਖਬੀਰ ਸਿੰਘ ਜੀ ਨੇ 'ਨਾਮ ਅਮੋਲਾ' ਬਾਰੇ ਦਸਦਿਆਂ। ਸਾਲਸਰਾਇ ਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਉਪਦੇਸ਼ ਬਾਰੇ ਸਾਖੀ ਦਾ ਜ਼ਿਕਰ ਕੀਤਾ, ਉਪਰੰਤ ਬਾਬਾ ਜੀ ਨੇ ਗੁਰਮੁਖ ਤੇ ਮਨਮੁਖ ਬਾਰੇ ਦੱਸਿਆ ਕਿ ਇਨ੍ਹਾਂ ਦੇ ਜੀਵਨ ਵਿਚ ਕੀ ਅੰਤਰ ਹੁੰਦਾ ਹੈ, ਸੁਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਅਤੇ ਗੁਰੂ ਦਾ ਉਪਦੇਸ਼ ਸਾਡੇ ਤੇ ਅਸਰ ਕਿਉਂ ਨਹੀਂ ਕਰਦਾ? ਗੁਰੂ ਤੋਂ ਬੇਮੁਖ ਹੋਣਾ ਕਿੰਨੀਆਂ ਹੱਤਿਆਵਾਂ ਦੇ ਬਰਾਬਰ ਹੁੰਦਾ ਹੈ। ਇਕਾਗਰਤਾ ਬਾਰੇ ਦਸਦਿਆਂ ਗੁਰੂ ਛੇਵੇਂ ਪਾਤਸ਼ਾਹ ਜੀ ਤੇ ਭਾਈ ਗੁਪਾਲਾ ਜੀ ਦੀ ਸਾਖੀ ਦਾ ਜ਼ਿਕਰ ਕੀਤਾ ਕਿ ਬਾਣੀ ਇਕਾਗਰ ਚਿਤ ਹੋ ਕੇ ਪੜ੍ਹਨ ਨਾਲ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ ਤੇ ਸਮਾਂ ਲੇਖੇ ਵਿਚ ਲਗਦਾ ਹੈ।

L L L L L L

(ਪੰਨਾ 20 ਦੀ ਬਾਕੀ)

ਸਮਾਧੀ ਅਵਸਥਾ ਨੂੰ ਪ੍ਰਾਪਤ ਹਾਂ, ਇਸ ਸਰਾਸਰ ਨਿਰੋਲ ਝੂਠ ਨਾਲ ਕਿਵੇਂ ਪਾਰ ਉਤਾਰਾ ਹੋਵੇਗਾ।

ਇਕ ਭੱਠੇ ਵਾਲਾ ਠੇਕੇਕਾਰ ਭੱਠੇ ਵਿਚ ਲੱਖ ਇੱਟਾਂ ਭਰਦਾ ਹੈ। ਉਸ ਦੀ ਇੱਛਾ ਹੁੰਦੀ ਹੈ ਕਿ ਮੇਰੀਆਂ ਕੁਲ ਇੱਟਾਂ ਅੱਵਲ ਬਣ ਜਾਣ। ਲੇਕਿਨ ਐਸਾ ਨਹੀਂ ਹੋ ਸਕਦਾ। ਕੁਝ ਅੱਵਲ, ਕੁਝ ਦੋਮ, ਕੁਝ ਤਿੜਕ ਹੋ ਜਾਣਗੀਆਂ, ਇਹ ਕਦੀ ਨਹੀਂ ਹੋ ਸਕਦਾ ਕਿ ਸਾਰੀਆਂ ਅੱਵਲ ਹੋ ਜਾਣ, ਫੇਰ ਇਹ ਸਾਰੇ ਦੇ ਸਾਰੇ ਆਤਮ ਦਰਸ਼ੀ ਯੋਗੀ ਕਿਵੇਂ ਬਣ ਗਏ, ਜਿਥੇ ਝੂਠ ਹੈ, ਉਥੇ ਕੁਝ ਵੀ ਨਹੀਂ।

ਝੂਠ ਪਖੰਡ, ਅਹੰਕਾਰ, ਕਲਜੁਗ ਦਾ ਪ੍ਰਭਾਵ ਹੈ, ਕਲਜੁਗ ਨੇ ਗੁਰੂ ਨਾਨਕ ਨੂੰ ਗੁਰੂ ਮੰਨਿਆ ਹੈ। ਕਲਜੁਗ ਦਾ ਗੁਰੂ ਗੁਰ ਨਾਨਕ ਹੈ। ਗੁਰੂ ਨਾਨਕ ਦੀ ਸ਼ਰਨ ਕਲਜੁਗ ਤੋਂ ਬਚਾ ਸਕਦੀ ਹੈ। ਨਾਮ ਸਿਮਰਨ ਦੀ ਕਮਾਈ ਕਰਕੇ ਆਤਮ ਸਰੂਪ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨਾਨਕ ਪੂਰਾ ਗੁਰੂ ਹੈ। ਗੁਰੂ ਨਾਨਕ ਨੂੰ ਸਮਰਪਣ ਹੋ ਕੇ ਪਰਮ ਸੁੱਖ ਪਾਓ।

'ਚਲਦਾ'

ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – – 8, 15, 22, 29 ਅਕਤੂਬਰ, ਰਤਵਾੜਾ ਸਾਹਿਬ। (ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ)

ਪੂਰਨਮਾਸ਼ੀ – 13 ਅਕਤੂਬਰ, ਦਿਨ ਸ਼ੁਕਰਵਾਰ, ਰਤਵਾੜਾ ਸਾਹਿਬ। (ਸਮਾਂ – ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

ਸੰਗਰਾਂਦ – 16 ਅਕਤੂਬਰ, ਦਿਨ ਸੋਮਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

ਮੱਸਿਆ – 27 ਅਕਤੂਬਰ, ਸ਼ੁਕਰਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

ਮਹੀਨੇ ਦਾ ਆਖਰੀ ਸ਼ਨੀਵਾਰ – 28 ਅਕਤੂਬਰ, ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

ਬਾਬਾ ਜੀ ਨੂੰ ਕੋਠੀ ਵਿਚ ਮਿਲਣ ਲਈ ਸਮਾਂ ਵੰਡ

1. ਚੰਡੀਗੜ੍ਹ, ਮੋਹਾਲੀ ਅਤੇ ਪਿੰਡਾਂ ਦੀ ਸੰਗਤ ਲਈ –
ਹਰ ਸ਼ਨਿਚਰਵਾਰ ਸਵੇਰੇ 10 ਵਜੇ ਤੋਂ 11 ਵਜੇ ਤਕ।

2. ਪੰਜਾਬ ਅਤੇ ਦੂਰੋਂ ਆਉਣ ਵਾਲੀ ਸੰਗਤ ਲਈ –

ਹਰ ਬੁੱਧਵਾਰ ਟੈਲੀਫੋਨ ਤੇ ਸਮਾਂ ਨੀਯਤ ਕਰਕੇ ਆਵੇ।

3. ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰੇਮੀ – ਸੋਮਵਾਰ ਤੋਂ ਸ਼ੁਕਰਵਾਰ ਟੈਲੀਫੋਨ ਤੇ ਸਮਾਂ ਨਿਸ਼ਚਿਤ ਕਰਕੇ ਆਉਣ।

4. ਹਰ ਐਤਵਾਰ – ਸੰਗਰਾਂਦ, ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ 12 ਵਜੇ ਤੋਂ 5 ਵਜੇ ਸ਼ਾਮ ਤਕ

ਬਚਨ ਕੇਵਲ ਰੂਹਾਨੀ ਕੀਤੇ ਜਾਣਗੇ, ਹੋਰ ਬਚਨ ਕਰਨ ਦੀ ਸਖਤ ਮਨਾਹੀ ਹੈ

ਪ੍ਰਬੰਧਕ

ਬਾਬਾ ਜੀ ਦੇ ਹੁਕਮ ਨਾਲ